ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ



੧੦੭ਵੀਂ
ਜਨਮ
ਸ਼ਤਾਬਦੀ
ਨਾਰੰਗਵਾਲ
ਵਿਖੇ
11 ਤੋਂ 14
ਜੁਲਾਈ

ਭਾਈ
ਸਾਹਿਬ
ਭਾਈ
ਰਣਧੀਰ
ਸਿੰਘ
ਜੀ

JULY
1985

ਜੁਲਾਈ
੧੯੮੫

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰ: ੧/੭੦-੬੮-੨੧ ਮਿਤੀ ੧੭-੧੦-੬੪ ਅ. ਪ. ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਸੱਤਜਵਾਦੀ ਭਾਈ ਰਣਧੀਰ ਸਿੰਘ ਜੀ | ੩ | ਭਾ: ਸਾ: ਭਾਈ ਵੀਰ ਸਿੰਘ ਜੀ |
| ਪੂਰਨ ਗੁਰਸਿਖ ਭਾ: ਸਾ: ਭਾਈ ਰਣਧੀਰ ਸਿੰਘ ਜੀ | ੪ | ਪ੍ਰੋਫੈਸਰ ਬਲਬੀਰ ਸਿੰਘ ਜੀ ਦਿਲ |
| ਗੁਰਸਿਖਾਂ ਸਤਿਗੁਰੂ ਪਿਆਰਾ | ੯ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ (੨) | ੧੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਤਸਵੀਰ ਭਾਈ ਸਾਹਿਬ ਜੀ | ੧੯ | * * |
| ਜੇਲ੍ਹ ਯਾਤਰਾ ਪਿਛੋਂ ਘਰ ਪਹੁੰਚਣਾ | ੨੦ | ਜੇਲ੍ਹ ਚਿੱਠੀਆਂ ਚੋਂ |
| ਤਸਵੀਰਾਂ ਦੋ—ਜੇਲ੍ਹ ਯਾਤਰਾ ਪਿਛੋਂ, ਕਾਲਜ ਸੁਪ੍ਰਿੰਟੈਂਡੈਂਟ | ੨੨ | * * |
| ਮੋੜੀਂ ਬਾਬਾ ਡਾਂਗ ਵਾਲਿਆ | ੨੩ | ਸ: ਸੰਤਾ ਸਿੰਘ ਜੀ ਆਜਿਜ਼ |
| ਸੇਵਾ ਵਲੋਂ ਉਪਰਾਮ ਸੇਵਾਦਾਰ ਨੂੰ (ਕਵਿਤਾ) | ੨੫ | " " |
| ਮੱਸੇ ਰੰਘੜ ਨੂੰ ਕਰਨੀ ਦਾ ਫਲ | ੨੭ | ਕੈਪਟਿਨ ਸਵਰਨ ਸਿੰਘ ਜੀ |
| ਅਨਿਆਇ ਕਟਣ ਲਈ ਖਾਲਸਾ ਸ਼ਸਤ੍ਰਧਾਰੀ ਬਣਦਾ ਹੈ | ੩੩ | ਪ੍ਰੋਫੈਸਰ ਪੂਰਨ ਸਿੰਘ ਜੀ |
| ਅਪਰੇਸ਼ਨ ਬਲਿਊ ਸਟਾਰ ਜ਼ਰੂਰੀ ਨਹੀਂ ਸੀ | ੩੪ | ਡਾਕਟਰ ਮਹੀਪ ਸਿੰਘ ਜੀ |
| ਪੰਜਾਬ ਦਾ ਵਿਲੱਖਣ ਸ਼ਾਂਤੀ ਨਿਕੇਤਨ | ੩੮ | ਕਾਲਜ ਕਮੇਟੀ |
| ਸੁਖਮਨੀ (ਕਵਿਤਾ) | ੪੦ | ਸ: ਬਲਵਿੰਦਰਸਿੰਘ ਪਲੇਜਰ ਐਮ.ਏ. |
| ਅਣਖ ਤੇ ਕੌਮਾਂ ਜੀਂਦੀਆਂ (ਕਵਿਤਾ) | ੪੦ | ਸ: ਤੇਗ ਬਹਾਦਰ ਸਿੰਘ ਜੀ ਤੇਗ |
| ਜਗਤੁ ਜਲੰਦਾ ਰਖਿ ਲੈ | ੪੧ | ਗਿਆਨੀ ਗੋਪਾਲ ਸਿੰਘ ਜੀ ਮਿਤਰ |
| ਅੱਜ ਦੀ ਮਨੁੱਖੀ ਦਸ਼ਾ (ਕਵਿਤਾ) | ੪੨ | " " |
| 'ਤੀਜਾ ਘਲੂਘਾਰਾ' | ੪੩ | ਸ: ਦਵਿੰਦਰ ਸਿੰਘ ਜੀ |
| ਡਾਇਰੀ ਦੇ ਪੰਨੇ ਜੋ ਇਤਿਹਾਸ ਬਣ ਗਏ | ੪੮ | ਸ: ਹਰਬੀਰ ਸਿੰਘ ਭੰਵਰ |


ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਅਵਤਾਰ ਧਾਰਿਆ ੧੧ ਜੁਲਾਈ

ਨੋਟ—੧੧ ਤੋਂ ੧੪ ਤਕ ਸਫੇ ਨੰਬਰ ਗਲਤ ਛਪ ਗਏ ਹਨ, ਪਰ ਮੈਟਰ ਠੀਕ ਹੈ।

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਮਨਮੋਹਨ ਸਿੰਘ ਯੂ. ਐਸ. ਏ. | ਸੂਰਾ ਦੀ ਚੜ੍ਹਦੀ ਕਲਾ ਲਈ | ੨੪੫-੦੦ |
| ਸ: ਇੰਦਰ ਸਿੰਘ ਜੋਧਪੁਰ | ਸ੍ਰੀ ਅਖੰਡਪਾਠ ਦੇ ਭੋਗ ਸਮੇਂ | ੩੧-੦੦ |
| ਸ: ਰਵੇਲ ਸਿੰਘ ਦੁਰਗ | ਛੇਵੀਂ ਪਾਤਸ਼ਾਹੀ ਦੇ ਗੁਰਪੁਰਬ ਦੀ ਖੁਸ਼ੀ ਵਿਚ | ੧੧-੦੦ |
| ਸ: ਤ੍ਰਿਲੋਕ ਸਿੰਘ ਜਲੰਧਰ | ਮਾਤਾ ਜੀ ਦੇ ਭੋਗ ਸਮੇਂ | ੧੫੧-੦੦ |
| ਸ: ਗੁਰਨਾਮ ਸਿੰਘ ਰੈਡਿੰਗ. ਯੂ. ਕੇ. | ਬੀਬੀ ਜਸ ਕੌਰ (ਮਾਸੀ) ਨਮਿਤ ਪਾਠ ਦੇ ਭੋਗ ਸਮੇਂ | ੪੮੦-੦੦ |
| ਸ: ਗੁਰਚਰਨ ਸਿੰਘ ਲੁਧਿਆਣਾ | ਬੱਚੀ ਦੇ ਅਨੰਦ ਦੀ ਖੁਸ਼ੀ ਵਿਚ | ੨੫-੦੦ |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨.੭.੮੫ ਨੂੰ ਪ੍ਰਕਾਸ਼ਤ ਕੀਤਾ

ਟੈਲੀਫੋਨ ਨੰਬਰ : 51847 ਘਰ 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ — ਸ੍ਰੀ ਅੰਮ੍ਰਿਤਸਰ — ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |
| **ਪਰਦੇਸ** | |
| ਸਮੁੰਦਰੀ ਡਾਕ | ੩੫-੦੦ |
| **ਹਵਾਈ ਡਾਕ** | |
| ਅਰਬ, ਮਲਾਇਆ | ੫੫-੦੦ |
| ਯੂ. ਕੇ., ਅਫਰੀਕਾ | ੭੫-੦੦ |
| ਕੈਨੇਡਾ, ਅਮਰੀਕਾ | ੯੦-੦੦ |
| **ਅਮਾਨਤੀ ਲਾਈਫ ਮੈਂਬਰ** | |
| ਦੇਸ | ੧੫੦-੦੦ |
| ਪਰਦੇਸ | ੩੫੦-੦੦ |
| **ਹਵਾਈ ਡਾਕ** | |
| ਯੂ. ਕੇ. ਅਫਰੀਕਾ | ੭੫੦-੦੦ |
| ਕੈਨੇਡਾ, ਅਮਰੀਕਾ | ੯੦੦-੦੦ |
| ਅਰਬ ਮਲਾਇਆ | ੫੫੦-੦੦ |

ਅੰਖਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੯ ਜੁਲਾਈ ੧੯੮੫ ਅੰਕ ੭


## ਸੱਤਜਵਾਦੀ ਭਾਈ ਰਣਧੀਰ ਸਿੰਘ ਜੀ

[ਵਲੋਂ—ਭਾਈ ਸਾਹਿਬ ਭਾਈ ਵੀਰ ਸਿੰਘ ਜੀ]

ਸੰਨ ੧੯੦੦ ਦੇ ਲਗ ਪਗ ਤੋਂ ਆਪ ਦਾ ਨਾਮ ਪੰਥ ਵਿਚ ਕਈ ਸੰਬੰਧਾਂ ਵਿਚ ਪ੍ਰਗਟ ਹੁੰਦਾ ਆਇਆ ਹੈ। ਤਦ ਤੋਂ ਹੀ ਆਪ ਦੇ ਆਚਰਣ ਦਾ ਧੁਰਵਾ ਬੱਝਾ ਚਲਾ ਆਇਆ ਹੈ। ਉਸ ਨੂੰ ਜੇ ਥੋੜੇ ਹਰਫ਼ਾਂ ਵਿਚ ਕਹਿਣਾ ਹੋਵੇ ਤਾਂ ਦੋ ਹਰਫ਼ਾਂ ਵਿਚ ਕਹਿਆ ਜਾ ਸਕਦਾ ਹੈ 'ਸੱਤਜ'।

ਚਾਹੇ ਪੱਤ੍ਰਾਂ (ਜੇਲ੍ਹ ਚਿੱਠੀਆਂ) ਦੇ ਲਿਖਣਹਾਰ ਸੰਤ ਰਣਧੀਰ ਸਿੰਘ ਜੀ ਦੀ ਸ਼ਖ਼ਸੀਅਤ ਨਾਲ ਕਿਸੇ ਦਾ ਹਿਤ ਹੋਵੇ ਚਾਹੇ ਅਜੋੜ, ਇਹ ਗੱਲ ਜਿਥੋਂ ਤਕ ਮੈਂ ਕਹਿ ਸਕਦਾ ਹਾਂ, ਸਾਰੇ ਮੰਨਦੇ ਹਨ ਕਿ ਉਹ 'ਸੱਤਜਵਾਦੀ' ਹਨ। ਸੱਤਜਵਾਦੀ ਦਾ ਆਚਰਣ ਉੱਚਾ ਆਚਰਣ ਹੁੰਦਾ ਹੈ, ਕਿਉਂਕਿ ਸੱਤਜਵਾਦੀ ਦੇ ਮਨ ਵਿਚੋਂ ਆਚਰਣ ਦੇ ਨੁਕਸ ਜੇ ਕੋਈ ਹੋਣ ਬੀ ਤਾਂ, ਵਾਰੋ ਵਾਰੀ ਤਿਲ੍ਹਕਦੇ ਖਿਸਕਦੇ ਨਿਕਲਦੇ ਜਾਂਦੇ ਹਨ ਤੇ ਉੱਚਤਾ ਆਪੇ ਪ੍ਰਵੇਸ਼ ਕਰਦੀ ਜਾਂਦੀ ਹੈ। ਇਸ ਕਰਕੇ ਸੂਰੇ ਸਤਿਗੁਰੂ ਨੇ ਸਭਨਾਂ ਰੋਗੀਆਂ ਦਾ ਦਾਰੂ ਸੱਚ ਲਿਖਿਆ ਹੈ। ਸੱਤਜ ਦੇ ਦ੍ਰਿੜ੍ਹ ਆਚਰਣ ਵਾਲਾ ਜੋ ਕੁਛ ਕਹੇਗਾ ਉਹ ਯਕੀਨ ਯੋਗ ਹੋਵੇਗਾ, ਜੋ ਕੁਝ ਉਹ ਲਿਖੇਗਾ ਉਸ ਪਰ ਸਭ ਨੂੰ ਅਮੰਨ ਆਵੇਗਾ। ਜਿਸ ਸ਼ੈ ਨੂੰ ਸੁਣ ਯਾ ਪੜ੍ਹ ਕੇ ਯਕੀਨ ਆ ਜਾਵੇ ਕਿ ਸੱਚ ਹੈ, ਉਹੋ ਜਗਤ ਨੂੰ ਸੁਖਦਾਤੀ ਹੁੰਦੀ ਹੈ।




www.AKJ.Org

## ਪੂਰਨ ਗੁਰਸਿੱਖ
# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਪ੍ਰੋਫੈਸਰ ਬਲਬੀਰ ਸਿੰਘ ਜੀ 'ਦਿਲ' ਨੇ ਪੁਸਤਕ "ਅਣਪਰਖੇ ਹੀਰੇ" ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਮਹਾਨ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਅਮੋਲਕ ਲੇਖਣੀ ਬਾਰੇ ਇਕ ਵਿਸਥਾਰ ਪੂਰਬਕ ਲੇਖ ਦਿਤਾ ਹੈ, ਜਿਸ ਵਿਚ ਦਸਿਆ ਹੈ ਕਿ ਭਾਈ ਸਾਹਿਬ ਇਸ ਯੁਗ ਦੇ ਮਹਾਨ ਰਹੱਸਵਾਦੀ, ਸੰਤ, ਕਵੀ ਅਤੇ ਦੇਸ਼-ਭਗਤ ਹੋਣ ਤੋਂ ਉਪਰੰਤ ਗੁਰਮਤਿ ਦੇ ਗਿਆਤਾ ਅਤੇ ਗੁਰਬਾਣੀ ਦੇ ਮਹਾਨ ਵਿਆਖਿਆਤਾ ਸਨ।

ਇਸ ਲੇਖ ਦਾ ਮੁਢਲਾ ਥੋੜਾ ਜਿਹਾ ਹਿੱਸਾ ਅਸੀਂ ਪਾਠਕਾਂ ਦੀ ਭੇਟ ਕਰ ਰਹੇ ਹਾਂ। ਇਹ ਸਾਰਾ ਲੇਖ ਅਗੇ 'ਸੂਰਾ' ੧੯ ੩ ਦੇ ਪੰਜਾਂ ਅੰਕਾਂ ਵਿਚ ਕਿਸ਼ਤਵਾਰ ਛਪ ਚੁਕਾ ਹੈ। ਹੁਣ ਜੇ ਪਾਠਕਾਂ ਦੀ ਮੰਗ ਹੋਈ ਤਾਂ 'ਸੂਰਾ' ਵਲੋਂ ਸਮੁਚਾ ਲੇਖ ਵਖਰੇ ਟ੍ਰੈਕਟ ਰੂਪ ਵਿਚ ਛਾਪ ਦਿਤਾ ਜਾਵੇਗਾ। —ਸੰਪਾਦਕ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਧੁਨਿਕ ਯੁੱਗ ਦੇ ਮਹਾਨ ਰਹੱਸ-ਵਾਦੀ, ਸੰਤ, ਕਵੀ ਅਤੇ ਦੇਸ਼-ਭਗਤ ਹੋਣ ਤੋਂ ਉਪਰੰਤ ਗੁਰਮਤਿ ਦੇ ਗਿਆਤਾ ਅਤੇ ਗੁਰਬਾਣੀ ਦੇ ਮਹਾਨ ਵਿਆਖਿਆਤਾ ਸਨ। ਆਪ ਦਾ ਜੀਵਨ ਕਦਮ ਕਦਮ 'ਤੇ ਹਾਦਸਿਆਂ ਨਾਲ ਭਰਪੂਰ ਅਤੇ ਆਪ ਦੀ ਸ਼ਖਸੀਅਤ ਰੱਬੀ ਕੌਤਕਾਂ ਅਤੇ ਰੂਹਾਨੀ ਚਮਤਕਾਰਾਂ ਨਾਲ ਰੰਗੀ ਹੋਈ ਹੈ। ਆਪ ਨੇ ਦੇਸ਼ ਦੀ ਸੁਤੰਤਰਤਾ-ਲਹਿਰ ਵਿਚ ਅਕਹਿ ਤਸੀਹੇ ਸਹਿ ਕੇ ਉਮਰ-ਕੈਦ ਭੋਗੀ, ਨਾਮ-ਅਭਿਆਸ ਦੀ ਬੇ-ਮਿਸਾਲ ਕਮਾਈ ਕੀਤੀ ਅਤੇ ਦੋ ਦਰਜਨ ਦੇ ਲਗ ਪਗ ਪੰਜਾਬੀ ਪੁਸਤਕਾਂ ਲਿਖੀਆਂ। ਪਰ ਅਫ਼ਸੋਸ ਦੀ ਗੱਲ ਹੈ ਕਿ ਨਾ ਦੇਸ਼ ਦੇ ਲੀਡਰ ਅਤੇ ਨਾ ਹੀ ਦੇਸ਼ ਦੇ ਸਾਹਿੱਤਕਾਰ, ਅਜੇ ਤਕ ਇਸ ਬਹੁ-ਪੱਖੀ-ਪ੍ਰਤਿਭਾ (Versatile genious) ਦਾ ਸਹੀ ਮੁਲ-ਅੰਕਣ ਕਰ ਸਕੇ ਹਨ। ਦੇਸ਼ ਦੇ ਅਜ਼ਾਦ ਹੋਣ ਤੋਂ ਪਿਛੋਂ ਸੁਤੰਤਰਤਾ-ਲਹਿਰ ਬਾਰੇ ਕੁਝ ਪੁਸਤਕਾਂ ਛਪੀਆਂ ਹਨ, ਪਰ ਆਮ ਕਰਕੇ ਉਹ ਵਖ ਵਖ ਰਾਜਨੀਤਕ ਪਾਰਟੀਆਂ ਦੇ ਇਤਿਹਾਸ ਬਣ ਕੇ ਰਹਿ ਗਈਆਂ ਹਨ। ਸੰਤ ਰਣਧੀਰ ਸਿੰਘ ਵਰਗੇ ਦੇਸ਼ ਭਗਤਾਂ ਬਾਰੇ ਉਹ ਚੁੱਪ ਹਨ। ਇਸੇ ਤਰ੍ਹਾਂ ਪੰਜਾਬੀ ਸਾਹਿੱਤ ਦੀ ਖੋਜ ਪੜਤਾਲ ਕਰਨ ਵਾਲੇ ਵਿਦਵਾਨ ਭੀ ਭਾਈ ਸਾਹਿਬ ਦੀ ਨਜ਼ਮ ਅਤੇ ਨਸਰ ਬਾਰੇ ਮੋਨ ਧਾਰੀ ਬੈਠੇ ਹਨ। ਸੋ ਇਸ ਲੇਖ ਦਾ ਮੰਤਵ ਭਾਈ ਸਾਹਿਬ ਦੇ ਵਿਸ਼ਾਲ ਕਲਾ-ਭਵਨ ਵਿਚੋਂ ਕੁਝ ਇਕ ਤਸਵੀਰਾਂ ਪੇਸ਼ ਕਰਨਾ ਹੈ। ਤਸਵੀਰਾਂ ਇਸ ਲਈ, ਕਿ ਰਚਨਾਵਾਂ ਦੀ ਅੰਤਰ-ਆਤਮਾ ਤਕ ਮੇਰੀ ਪਹੁੰਚ ਨਹੀਂ। ਜਿਨ੍ਹਾਂ ਨੂੰ ਨਾਮ-ਅਭਿਆਸ-ਕਮਾਈ ਦੁਆਰਾ ਰਹੱਸਵਾਦੀ ਅਨੁਭਵ ਹੋਇਆ ਹੈ, ਉਹ ਇਹਨਾਂ ਅੱਖਰਾਂ ਦੀਆਂ ਤਸਵੀਰਾਂ ਵਿਚੋਂ ਭਾਈ ਸਾਹਿਬ ਦੀ ਆਤਮਾ ਦੇ ਦਰਸ਼ਨ ਕਰ ਸਕਣਗੇ।

ਭਾਈ ਸਾਹਿਬ ਦੀ ਵਾਰਤਕ ਦਾ ਮੂਲ ਵਿਸ਼ਾ ਗੁਰਮਤਿ ਅਤੇ ਗੁਰਬਾਣੀ ਦੀ ਵਿਆਖਿਆ ਹੈ। ਸਰਲਤਾ, ਸਪੱਸ਼ਟਤਾ ਅਤੇ ਸ਼ੁਧਤਾ ਇਸ ਵਿਆਖਿਆ ਦੇ ਮੁਖ ਗੁਣ ਹਨ। ਗੁਰਬਾਣੀ ਦੇ ਭਾਵਾਂ ਨਾਲ ਲੇਖਕ ਦੀ ਆਤਮਾ ਹਲੂਲ ਹੋਣ ਕਰਕੇ, ਵਿਚਾਰਾਂ ਵਿਚ ਅਕਲੀ-ਧੁੰਦ ਕਿਤੇ ਨਹੀਂ। ਇਹ ਵਾਰਤਕ ਤਰਕਵਾਦੀ ਫ਼ਿਲਾਸਫ਼ਰਾਂ ਦੀਆਂ ਉਕਤੀਆਂ-ਯੁਕਤੀਆਂ ਜਾ ਮੰਤਕਾਂ ਭਰੀ ਅਣ-ਕਮਾਈ ਫ਼ਿਲਾਸਫ਼ੀ ਨਹੀਂ। ਇਸ ਦੇ ਹਰ ਵਾਕ ਵਿਚ ਸ੍ਵੈ-ਅਨੁਭਵ ਦਾ ਪ੍ਰਕਾਸ਼ ਹੈ। ਇਸੇ ਕਰਕੇ ਇਸ ਦੀ ਸ਼ੈਲੀ ਉਤੇ ਭਾਈ ਸਾਹਿਬ ਦੀ ਸ਼ਖਸੀਅਤ ਦੀ ਅਮਿੱਟ ਮੁਹਰ ਲੱਗ ਗਈ ਹੈ। ਕਈ ਥਾਈਂ, ਖ਼ਾਸ ਕਰਕੇ 'ਜੇਲ੍ਹ-ਚਿੱਠੀਆਂ' (ਪਹਿਲਾ ਭਾਗ) ਅਤੇ 'ਚਰਨ ਕੰਵਲ ਕੀ ਮਉਜ ਵਿਚ ਆਪ ਦੀ ਨਸਰ ਵਿਚੋਂ ਨਜ਼ਮ ਦਾ ਤਾਲ ਸੁਣਾਈ ਦਿੰਦਾ ਹੈ। ਪ੍ਰੋ: ਪੂਰਨ ਸਿੰਘ (ਕਰਤਾ : ਖੁੱਲ੍ਹੇ ਲੇਖ) ਤੋਂ ਪਿਛੋਂ ਅਰੁਕਵੇਂ ਵੇਗ ਵਿਚ ਅੱਖਰਾਂ ਦੇ ਦਰਿਆ ਭਾਈ ਸਾਹਿਬ ਭਾਈ ਰਣਧੀਰ ਸਿੰਘ ਤੋਂ ਬਿਨਾਂ ਹੋਰ ਕਿਸੇ ਨਹੀਂ ਵਗਾਏ। ਸਮੁੰਦਰ ਜੇਡਾ ਵਿਸ਼ਾਲ ਅਨੁਭਵ, ਤੂਫ਼ਾਨੀ ਨਦੀਆਂ ਵਰਗੀ ਰਵਾਨੀ, ਜਿਸ ਵਿਚ ਨਿੱਕੇ ਵੱਡੇ ਅਨਗਿਣਤ ਨਵੇਂ ਪੁਰਾਣੇ



www.AKJ.Org

ਸ਼ਬਦ, ਛਿੱਲੇ ਅਣਛਿੱਲੇ, ਖਰ੍ਹਵੇ ਤੇ ਮੁਲਾਇਮ ਪੱਥਰਾਂ ਵਾਂਗ, ਸਰ-ਸਰ ਸੁਰ-ਸੁਰ ਕਰਦੇ ਭਾਵਾਂ ਦੀਆਂ ਤੂਫ਼ਾਨੀ ਲਹਿਰਾਂ ਦੇ ਥਪੇੜੇ ਖਾਂਦੇ ਅਨੰਤ-ਚਾਲ ਰੁੜ੍ਹਦੇ-ਰਿੜ੍ਹਦੇ ਜਾ ਰਹੇ ਹਨ। ਕੁਝ ਲਹਿਰਾਂ ਦਾ ਵਹਾਉ ਇਸ ਤਰ੍ਹਾਂ ਹੈ :—

੧. *ਮੈਨੂੰ ਨਾਮ ਜਪਣ ਦਾ ਕੋਈ ਥਹੁ ਪਤਾ ਨਹੀਂ, ਨਾ ਕਈ ਨਾਮ ਅਭਿਆਸ ਦੀ ਜੁਗਤੀ ਆਉਂਦੀ ਹੈ ਤੇ ਨਾ ਹੀ ਸੁਆਸ ਹਿਠਾਹਾਂ ਉਤਾਹਾਂ, ਚੜ੍ਹਾਉਣ ਉਤਾਰਨ ਦੀ ਮੈਂ ਕਿਤੋਂ ਸੰਥਿਆ ਸਿੱਖੀ ਹੈ। ਮੈਨੂੰ ਕੇਵਲ ਪਤੀ-ਪ੍ਰਮਾਤਮਾ ਦੀ ਪ੍ਰਾਪਤੀ ਵਾਲੀ ਲਿੱਲ ਲੱਗੀ ਹੋਈ ਹੈ। ਇਹ ਪ੍ਰੇਮ ਭਿੰਨੀ ਲਿੱਲ ਯਾ ਪ੍ਰੇਮ-ਪਲੀਤਾ ਹੈ, ਜੋ ਮੇਰੀ ਹਿਚਕਦੀ, ਹਟਕਦੀ ਤੇ ਡਸਕੋਰੇ ਖਾਂਦੀ ਬ੍ਰਿਤੀ ਨੂੰ ਚਾਬਕ ਮਾਰ ਮਾਰ ਕੇ ਚੜ੍ਹਦੀ ਕਲਾ ਵਲ ਸਿੱਧੇ ਤੋਰੀ ਜਾਣ ਲਈ ਸਹਾਇਕ ਬਣੀ ਹੈ।

੨. †ਮੈਂ ਸਿਧਾ-ਸਤੋਰ ਨਿਸਲ ਹੋ ਕੇ ਲੰਮਾ ਪੈ ਗਿਆ, ਪਰ ਜਿਹਬਾ ਕਰਕੇ ਜਾਪ ਉਵੇਂ ਜਿਵੇਂ ਹੀ ਹੋ ਰਿਹਾ ਸੀ ਤੇ ਹੱਥ ਉੱਚਾ ਕਰ ਕੇ ਮਾਲਾ ਦਾ ਅਖੰਡ ਚੱਕਰ ਉਸ ਤੋਂ ਭੀ ਅਧਿਕ ਚਲ ਰਿਹਾ ਸੀ। ਹੋਰ ਸਭ ਕਾਰ ਤਾਂ ਉਵੇਂ ਕਿਵੇਂ ਚਲ ਰਹੀ ਸੀ, ਬ੍ਰਿਤੀ ਵਿਚ ਭੀ ਰੰਚਕ ਮਾਤ੍ਰ ਘਾਟਾ ਨਹੀਂ ਸੀ। ਕੇਵਲ ਆਸਾਂ ਤੇ ਉਤਸ਼ਾਹਾਂ ਦਾ ਫੁਰਨਾ ਨਹੀਂ ਸੀ। ਇਸ ਨਿਰਾਸਤਾ ਵਾਲੀ ਨਿੱਸਲ ਪਰ ਸਾਵਧਾਨਤਾ ਦੀ ਹਾਲਤ ਵਿਚ ਥੋੜੇ ਹੀ ਚੱਕਰ ਫਿਰੇ ਹੋਣਗੇ ਕਿ ਚਾਣਚੱਕ ਅਚਿੰਤਾ ਹੀ ਮੇਰੇ ਘਟ ਅੰਦਰ ਜੋਤ ਦਾ ਪ੍ਰਕਾਸ਼ ਆਣ ਲਿਸ਼ਕਿਆ। ਜਦੋਂ ਹੀ ਮੈਂ ਆਪਣੇ ਅੰਦਰ ਠੰਢਾ-ਠਾਰ ਚਾਨਣਾ ਝਲਕਦਾ, ਡਲ੍ਹਕਦਾ ਪੇਖਿਆ ਤੇ ਸਾਂਗੋ ਪਾਂਗ ਪੇਖਿਆ ਤਾਂ ਮੈਥੋਂ ਝਾਲ ਝੱਲੀ ਨਾ ਗਈ। ਮੇਰੀਆਂ ਕਿਲਕਾਰੀਆਂ ਮੇਰੀਆਂ ਚੀਕਾਂ ਨਿਕਲ ਚੱਲੀਆਂ, ਮੈਂ ਹੌਲਾ ਫੁੱਲ ਵਰਗਾ ਹੋ ਗਿਆ। ਅਚਰਜ ਸੁਆਦ-ਦਾਰ ਅਕਹਿ ਅਸਹਿ ਮਿਠਾਸ ਦੀ ਦਮਕ ਵਾਲਾ ਪ੍ਰਕਾਸ਼ ਜੋਤ ਸਰੂਪੀ ਝਿਲਮਕਾਰ ਜਦ ਮੈਂ ਦੂਜੀ ਵਾਰ ਝਾਤੀ ਮਾਰ ਕੇ ਅੰਤਰ ਬਾਹਰ ਸਾਰੀ ਕੋਠੀ ਦੇ ਅੰਦਰ ਪਸਰਿਆ ਹੋਇਆ ਦੇਖਿਆ, ਮੇਰੀਆਂ ਅੱਖਾਂ ਮਿਚ ਗਈਆਂ। ਜਿਉਂ ਉਭੜਿਆ, ਉਭੜ ਕੇ ਛੱਤ ਨਾਲ ਜਾ ਲਗਿਆ, ਮੇਰੇ ਹੱਥ ਜੁੜ ਗਏ। ਬੇਨਤੀ ਕੀਤੀ, 'ਸਚੇ ਪਾਤਸ਼ਾਹ! ਇਸ ਅਜਰ ਨੂੰ ਆਪੇ ਹੀ ਜਰਾ, ਮੈਥੋਂ ਜਰਿਆ ਨਹੀਂ ਜਾਂਦਾ'। ਇਕ ਅੱਖ ਦੇ ਫੋਰ ਵਿਚ ਮੈਂ ਮਲਕ ਦੇ ਕੇ ਫੇਰ ਫ਼ਰਸ਼ 'ਤੇ ਆਣ ਟਿਕਿਆ। ਇਕ ਫੁੱਲ ਦੀ ਸੱਟ ਫੇਟ ਨਹੀਂ ਲਗੀ। ਝੂਲਣੇ 'ਤੇ ਝੂਲਦਾ ਹੀ ਉਪਰ ਜਾ ਚੜ੍ਹਿਆ ਸੀ ਅਤੇ ਹਿਲੋਰਿਆਂ ਦੀ ਬੁੱਕਲ-ਲੋਰੀ ਵਿਚ ਹੇਠ ਆਣ ਉਤਰਿਆ।

੩. ‡ਇਸ ਗੁਪਤ ਜੋਤਿ-ਚਿੰਗਾੜੀ ਨਾਮ ਪਾਰਸ ਵਟੀ ਨਾਲ ਸਪਰਸ਼ ਹੋਈ ਸੁਆਸ ਅਭਿਆਸੀ ਸਿਮਰਨ-ਕਲਾ ਦੀ ਧਉਂਕਣੀ ਨਾ-ਸਿਰਫ਼ ਉਰਧ ਕੇਵਲ ਨੂੰ ਸ਼ਗੁਫ਼ਤ ਕਰਾਉਂਦੀ ਹੈ ਬਲਕਿ ਨਾਭ-ਕੰਵਲ ਕੋਠੜੀ ਅੰਦਰਿ ਜੋਤਿ ਪ੍ਰਚੰਡੀ ਉਜਿਆਰਾ ਕਰ ਦੇਣ ਨੂੰ ਭੀ ਸਮਰੱਥ ਹੈ। 'ਊਂਧ ਕਵਲ ਬਿਗਸਾਤ' ਦੇ ਮੁਅਜਜ਼ੇ ਵਰਤਣ ਪਸਚਾਤ ਚਰਨ ਕੇਵਲ ਮੌਜਾਰੀ ਨਾਮ ਸਿਮਰਨ ਅਭਿਆਸੀ ਜਨ ਨੂੰ 'ਪ੍ਰਗਟ ਭਏ ਆਪਹਿ ਗੋਬਿੰਦ' ਵਾਲਾ ਸਾਕਸ਼ਾਤ-ਕਾਰੀ ਚਮਤਕਾਰ ਹੋ ਜਾਂਦਾ ਹੈ। ਪਿਰੀ ਪ੍ਰੀਤਮ ਗੋਬਿੰਦ ਜੋਤੀ ਸਰੂਪ ਦਾ ਭੀ ਸਮੁੱਚਾ ਦਰਸ਼ਨ ਹੋ ਜਾਂਦਾ ਹੈ।

੪. **ਚਰਨ ਕੇਵਲਾਂ ਦੀ ਧੂੜੀ ਅਮਿਉ ਰਸਾਇਣੀ ਧੂੜੀ, ਪਾਰਸ ਕੀਮੀਆ ਜੌਹਰਾਣੀ ਧੂੜੜੀ ਵਿਚ ਮਜਨ ਕੀਤਿਆਂ, ਮੱਜਨ, ਸੁਧਾਸਰ ਸਮੱਜਨ ਕੀਤਿਆਂ, ਏਹ ਪੰਜ ਭੂਤਕ ਦੇਹੀ ਅਤਿਅੰਤ ਮਨੋਹਰ ਸੁੰਦਰਤਾ ਤੇ ਪਰਮ ਪੁਨੀਤ ਤੇਜ ਭਾਨ ਜਲਵਤਾ ਵਾਲੀ ਅਤੇ ਇਥੀਰੀਅਲ (Ethereal) ਸੂਖਮਤਾ ਵਾਲੀ ਦਿਬ ਦੇਹੀ ਹੋ ਜਾਂਦੀ ਹੈ।

ਭਾਈ ਸਾਹਿਬ ਦੀਆਂ ਸਭ ਪੁਸਤਕਾਂ ਵਿਚ ਇਹੋ ਜਿਹੇ ਸੈਂਕੜੇ ਜੋਤਿ-ਵਿਗਾਸੀ ਭੇਤ ਬੰਦ ਹਨ। ਪਰ ਜਿਵੇਂ ਪਿਛੇ ਦਸਿਆ ਜਾ ਚੁਕਾ ਹੈ, ਆਪ ਦੀਆਂ ਰਮਜ਼ਾਂ ਨੂੰ ਕੇਵਲ ਨਾਮ ਦੇ ਰਸੀਏ ਅਤੇ ਰੂਹਾਨੀ ਮੰਡਲਾਂ ਵਿਚ ਵਿਚਰਨ ਵਾਲੇ ਹੀ ਸਮਝ ਸਕਦੇ ਹਨ। ਭਾਈ ਸਾਹਿਬ ਦੀਆਂ 'ਜੇਲ੍ਹ ਚਿੱਠੀਆਂ' (ਸ੍ਵੈ-ਜੀਵਨੀ) ਉਹਨਾਂ ਦੀ ਸ਼ਖ਼ਸੀਅਤ ਅਤੇ ਰਚਨਾ ਨੂੰ ਸਮਝਣ ਲਈ ਸਹਾਇਤਾ ਕਰਦੀਆਂ ਹਨ। 'ਗੁਰਮਤਿ ਨਾਮ ਅਭਿਆਸ ਕਮਾਈ' 'ਗੁਰਮਤਿ ਸੱਚ ਨਿਰਣੇ',

---

*ਜੇਲ੍ਹ ਚਿੱਠੀਆਂ ਪਹਿਲਾ ਭਾਗ) ਦੂਜੀ ਐਡੀਸ਼ਨ (੧੯੩੮) ਪੰਨਾ ੩੦.
†ਜੇਲ੍ਹ ਚਿੱਠੀਆਂ (ਪਹਿਲਾ ਭਾਗ)—ਪੰਨਾ ੩੫–੩੬,
‡ਚਰਨ ਕਮਲ ਕੀ ਮਉਜ—੧੯੩੯—ਪੰਨਾ ੩੭. **ਚਰਨ ਕਮਲ ਕੀ ਮਉਜ—ਪੰਨਾ ੭੩.



www.AKJ.Org

'ਗੁਰਮਤਿ ਬਿਬੇਕ' ਅਤੇ 'ਕਰਮ ਫ਼ਿਲਾਸਫ਼ੀ' ਆਦਿਕ ਪੁਸਤਕਾਂ ਦੀ ਵਾਰਤਕ ਭੀ ਬਹੁਤ ਸਰਲ ਅਤੇ ਸਪੱਸ਼ਟ ਹੈ, ਫੇਰ ਭੀ ਪਾਠਕ ਓਦੋਂ ਤਕ ਭਾਈ ਸਾਹਿਬ ਦੇ ਵਿਚਾਰਾਂ ਦੀ ਥਾਹ ਨਹੀਂ ਪਾ ਸਕਦਾ, ਜਦੋਂ ਤਕ ਉਸ ਦਾ ਜੀਵਨ ਭਾਈ ਸਾਹਿਬ ਵਾਂਗ ਰੱਤੀ-ਰੰਗ ਵਿਚ ਰੰਗਿਆ ਨਾ ਹੋਵੇ ।

'ਜੇਲ੍ਹ ਚਿੱਠੀਆਂ' ਦੀ ਵਾਰਤਕ ਵਿਚ ਨਾਵਲ ਵਰਗੀ ਦਿਲਚਸਪੀ ਅਤੇ ਇਤਿਹਾਸ ਵਰਗੀ ਸੱਚਾਈ ਹੈ। ਇਹਨਾਂ ਦੀ ਮਹਾਨਤਾ ਬਹੁ-ਪੱਖੀ ਹੈ : ਇਤਿਹਾਸਕ, ਧਾਰਮਕ ਅਤੇ ਸਾਹਿੱਤਕ । ਇਤਿਹਾਸਕ ਪੱਖ ਤੋਂ ਇਹ ਚਿੱਠੀਆਂ ਭਾਰਤ ਦੀ ਸੁਤੰਤਰਤਾ ਲਹਿਰ, ਖ਼ਾਸ ਕਰਕੇ ਗੁਰਦੁਆਰਾ ਸੁਧਾਰ ਲਹਿਰ, ਗ਼ਦਰ ਪਾਰਟੀ ਲਹਿਰ ਅਤੇ ਹੋਰ ਗਰਮ ਧੜਿਆਂ ਦੇ ਕੁਝ ਦੇਸ਼-ਭਗਤਾਂ ਦੀਆਂ ਕੁਰਬਾਨੀਆਂ ਦੀ ਵਾਰਤਾ ਪੇਸ਼ ਕਰਦੀਆਂ ਹਨ । ਅੰਗ੍ਰੇਜ਼ ਹਾਕਮਾਂ ਦੀ ਕੁਟਲ-ਨੀਤੀ, ਜੇਲ੍ਹ-ਕਰਮਚਾਰੀਆਂ ਦੇ ਜ਼ੁਲਮਾਂ ਅਤੇ ਕੈਦੀਆਂ ਦੇ ਉਹਨਾਂ ਪ੍ਰਤੀ ਹਾਵਾਂ-ਭਾਵਾਂ ਅਤੇ ਪ੍ਰਤਿਕਰਮਾਂ ਨੂੰ, ਡਾਢੇ ਦਿਲਖਿਚਵੇਂ ਢੰਗ ਨਾਲ ਸੁਣਾਇਆ ਗਿਆ ਹੈ; ਕਿਉਂਕਿ ਸਾਰੀ ਵਾਰਤਾ ਭਾਈ ਰਣਧੀਰ ਸਿੰਘ ਜੀ ਦੇ ਦੁਆਲੇ ਘੁੰਮਦੀ ਹੈ, ਆਪ ਇਸ ਜੀਵਨ-ਕਥਾ ਦੇ ਨਾਇਕ ਹਨ। ਵੱਡੀ ਵਡਿਆਈ ਇਸ ਗੱਲ ਵਿਚ ਹੈ ਕਿ 'ਜੇਲ੍ਹ ਚਿੱਠੀਆਂ' ਵਿਚਲਾ ਨਾਇਕ, ਭਾਈ ਵੀਰ ਸਿੰਘ ਜਾਂ ਚਰਨ ਸਿੰਘ ਸ਼ਹੀਦ ਦੇ ਨਾਵਲ-ਨਾਇਕਾਂ ਵਾਂਗ ਕੋਈ ਮਨੋ-ਕਲਪਿਤ ਜਾਂ ਗੁਰਸਿੱਖੀ ਦੇ ਗੌਰਵ-ਕਾਲ ਵਿਚੋਂ ਚੁਣ ਕੇ ਸ਼ਿੰਗਾਰਿਆ-ਸੰਵਾਰਿਆ ਆਦਰਸ਼ਕ ਵਿਅਕਤੀ ਨਹੀਂ, ਸਗੋਂ ਉਹ ਆਧੁਨਿਕ ਯੁਗ ਦਾ ਜੀਉਂਦਾ-ਜਾਗਦਾ ਅਤੇ ਲੋਕਾਂ ਦਾ ਆਪਣਾ ਪਰਖਿਆ-ਪੜਤਾਲਿਆ ਧਾਰਮਕ ਆਗੂ ਹੈ। 'ਜੇਲ੍ਹ ਚਿੱਠੀਆਂ' ਦੇ ਤਿੰਨ ਭਾਗ ਹਨ ਅਤੇ ਇਹਨਾਂ ਤਿੰਨਾਂ ਭਾਗਾਂ ਰਾਹੀਂ ਭਾਈ ਸਾਹਿਬ ਦੀ ਸ਼ਖ਼ਸੀਅਤ ਦੇ ਵਿਕਾਸ ਦਾ ਪੂਰੀ ਤਰ੍ਹਾਂ ਪਤਾ ਲਗ ਜਾਂਦਾ ਹੈ। ਸਿੱਖੀ 'ਦੀ ਖੰਨਿਓਂ ਤਿੱਖੀ ਅਤੇ ਵਾਲੋਂ-ਨਿੱਕੀ' ਧਾਰ ਤੇ ਤੁਰਨ ਵਾਲੇ ਮਹਾਨ ਗੁਰਸਿਖ ਦੇ ਨਾਮ ਅਭਿਆਸ, ਰਹਿਤ-ਮਰਯਾਦਾ ਅਤੇ ਦੇਸ਼-ਪਿਆਰ ਦੀਆਂ ਅਦੁੱਤੀ ਝਾਕੀਆਂ ਤੋਂ ਬਿਨਾਂ, ਇਨ੍ਹਾਂ ਚਿੱਠੀਆਂ ਵਿਚ ਅਣਵੰਡੇ ਭਾਰਤ ਦੀਆਂ ਵਖ ਵਖ ਜੇਲ੍ਹਾਂ (ਲਾਹੌਰ, ਮੁਲਤਾਨ, ਨਾਗਪੁਰ, ਮਦਰਾਸ ਆਦਿ) ਦੀਆਂ ਖ਼ੂਨੀ ਦੀਵਾਰਾਂ ਪਿਛੇ ਦੇਸ਼-ਭਗਤਾਂ ਉਤੇ ਹੋਏ ਕਾਲੇ ਜ਼ੁਲਮਾਂ ਦੀਆਂ ਤਸਵੀਰਾਂ ਅੰਕਿਤ ਹਨ।

ਪਹਿਲੇ ਭਾਗ ਵਿਚ ਪੰਜ ਚਿੱਠੀਆਂ ਹਨ, ਜਿਨ੍ਹਾਂ ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ ਭਾਈ ਸਾਹਿਬ ਦੇ ਮਨ ਵਿਚ ਨਾਮ ਦੀ ਕਣੀ ਬੇਸ਼ਕ ਪੂਰਬਲੇ ਜਨਮਾਂ ਤੋਂ ਮੌਜੂਦ ਸੀ, ਪਰ ਬੀ. ਏ. ਦੀ ਪੜ੍ਹਾਈ (੧੮੯੬-੧੯੦੦ ਈ.) ਤਕ ਅੰਕੁਰ ਨਹੀਂ ਸੀ ਫੁਟਿਆ ਅਤੇ ਓਦੋਂ ਤਕ ਭਾਈ ਸਾਹਿਬ ਦੀ ਮਾਨਸਕ ਅਵਸਥਾ ਇਕ ਸਧਾਰਨ ਗੁਰਸਿਖ ਵਰਗੀ ਸੀ। ਇਕ ਗੱਲ ਅਸਚਰਜਤਾ ਦੀ ਹੱਦ ਤਕ ਅਸਧਾਰਨ ਉਸ ਵਕਤ ਵੀ ਸੀ ਕਿ ਲਾਹੌਰ ਵਰਗੇ ਸ਼ਹਿਰ ਵਿਚ ਕਾਲਜ ਦਾ ਵਿਦਿਆਰਥੀ ਹੁੰਦੇ ਹੋਇਆਂ, ਨੌਜਵਾਨ ਰਣਧੀਰ ਸਿੰਘ ਨੇ Juvenile delinquency (ਅਲ੍ਹੜ ਮੁੰਡਿਆਂ ਵਾਲੀ ਅਨਗਹਿਲੀ) ਨੂੰ ਨੇੜੇ ਨਾ ਫਟਕਣ ਦਿੱਤਾ। ਰੋਗੀ ਵਾਤਾਵਰਨ ਤੋਂ ਅਰੋਗ-ਆਤਮਾ ਉਪਰਾਮ ਸੀ। ਭਾਈ ਸਾਹਿਬ ਲਿਖਦੇ ਹਨ :

੫. *ਲਾਹੌਰ ਜਾ ਕੇ ਇਕ ਪਾਸੇ ਤਾਂ ਪੜ੍ਹਾਈ ਦੀ ਖੜਕਸ, ਦੂਜੇ ਪਾਸੇ ਕੁਸੰਗ ਦਾ ਬਾਜ਼ਾਰ ਗਰਮ, ਤੀਜੇ ਓਰ ਅਨੇਕਾਂ ਮਤਾਂ-ਮਤਾਂਤ੍ਰਾਂ ਦਾ ਗਾੜ੍ਹ ਮਚਿਆ ਹੋਇਆ। ਪਰ ਇਕ ਮਜ਼ਹਬੀ ਮਜਲਿਸ ਵਿਚ ਜਾਣ ਦਾ ਭੁਸ ਪੈ ਗਿਆ, ਪਰ ਚੁਫੇਰੇ ਖ਼ੁਸ਼ਕੀ ਵਰਤੀ ਹੋਈ ਤੇ ਬਹਿਸ-ਮੁਬਾਹਸੇ ਦਾ ਬਾਜ਼ਾਰ ਗਰਮ ਵੇਖ ਕੇ ਚਿਤ ਨੂੰ ਖਿੱਚ ਕਿਤੇ ਵਲ ਨਾ ਹੋਈ। ਸਾਰੇ ਮਤਾਂ-ਮਤਾਂਤ੍ਰਾ ਵਿਚ 'ਸਚ ਕਿਨਾਰੇ ਰਹਿ ਗਿਆ' ਪਰਗਟ ਪਹਾਰੇ ਜਾਪਦਾ ਸੀ ਤੇ ਪ੍ਰੇਮ-ਅੰਤ ਨੂੰ ਪ੍ਰੇਮ ਦਾ ਨਿਸ਼ਾਨਾ ਕਿਤੇ ਨਹੀਂ ਸੀ ਸੁਝਦਾ ।

ਸੋ ਪ੍ਰੇਮ-ਅੰਸ ਨੂੰ ਪ੍ਰੇਮ-ਨਿਸ਼ਾਨੇ ਦੀ ਲੋਚਾ ਸੀ; ਪਰ ਇਹ ਲੋਚਾ ਅਜੇ ਪੱਕੀ-ਲਗਨ ਜਾ ਲਟ ਲਟ ਕਰਦੀ ਇਸ਼ਕ-ਲਾਟ ਵਾਂਗ ਨਹੀਂ ਸੀ ਜਗੀ। ਵੈਰਾਗ ਤਾਂ ਸੀ; ਪਰ ਅਜੇ ਤੀਬਰ ਨਹੀਂ ਸੀ ਹੋਇਆ ।

ਭਾਈ ਸਾਹਿਬ ਨੂੰ ਨਾਮ-ਅਭਿਆਸ ਦੀ ਲਗਨ ਸੰਸਾਰਕ ਕਾਮਨਾ ਕਾਰਨ ਲੱਗੀ। ਬੀ. ਏ. ਦੀ ਪ੍ਰੀਖਿਆ ਵਿਚੋਂ ਸਫਲਤਾ ਦੇ ਸੰਕਲਪ ਨੇ, ਆਪ ਦੇ ਪਿਤਾ ਜੀ ਦੇ ਮਨ ਵਿਚ ਨਿਤਨੇਮ ਦਾ ਗੁਟਕਾ ਭੇਜਣ ਦੀ ਪ੍ਰੇਰਨਾ ਕੀਤੀ :

*ਜੇਲ੍ਹ ਚਿੱਠੀਆਂ ਪੰਨਾ ੭੭



www.AKJ.Org

ਇਹ ਗੁਟਕਾ ਬਹੁਤ ਕਾਰਗਰ ਸਾਬਤ ਹੋਇਆ। ਸੁਆਰਥ ਵਿਚ ਸਫਲਤਾ ਭੀ ਮਿਲੀ, ਪਰ ਸੁਆਰਥ ਤੋਂ ਉਚੇਰੇ ਪਰਮਾਰਥ ਦੀ ਤੜਪ ਭੀ ਭਾਈ ਸਾਹਿਬ ਨੂੰ ਇਸੇ ਗੁਟਕੇ ਨੇ ਹੀ ਲਗਾਈ। ਆਪ ਨੂੰ ਗੁਰਬਾਣੀ ਦੇ ਪਾਠ ਵਿਚ ਰਸ ਆਉਣ ਲਗ ਪਿਆ, ਪਰ ਅਜੇ ਨਾਮ ਦੇ ਰਹੱਸ ਦਾ ਗਿਆਨ ਨਹੀਂ ਸੀ ਹੋਇਆ। ਏਧਰ ਨਾਮ ਦੀ ਲਗਨ ਲੱਗੀ ਤੇ ਖੋਜ ਸ਼ੁਰੂ ਹੋਈ, ਓਧਰ ਮਾਇਆ ਨੇ ਤਸੀਲਦਾਰੀ ਦਾ ਚੋਗਾ ਖਿਲਾਰ ਕੇ ਆਪ ਨੂੰ ਜਾਲ ਵਿਚ ਫਸਾਉਣਾ ਚਾਹਿਆ। ਪਰ ਆਪ ਦੇ ਨੈਣਾਂ ਵਿਚ ਕਿਸੇ ਅਨੂਪਮ ਅਤੇ ਅਲੌਕਿਕ ਸੁੰਦਰਤਾ ਦੀ ਤਸਵੀਰ ਲਟਕਣ ਲਗ ਪਈ ਸੀ। ਮਨਮੋਹਨੇ ਸਰੂਪ ਵਾਲੀ ਮਾਇਆ ਦੇ ਹਾਵ ਭਾਵ ਕਿਵੇਂ ਕੀਲ ਸਕਦੇ ਸਨ ? ਪਰਮਾਰਥ ਦੇ ਪਾਂਧੀਆਂ ਨੂੰ ਕਦਮ ਕਦਮ ਉਤੇ ਇਮਤਿਹਾਨਾਂ ਵਿਚੋਂ ਲੰਘਣਾ ਪੈਂਦਾ ਹੈ ! ਕੱਚੇ-ਪਿੱਲੇ ਰਾਹ ਵਿਚ ਹੀ ਰਹਿ ਜਾਂਦੇ ਹਨ, ਪਰ ਮੰਜ਼ਿਲ ਦੇ ਆਸ਼ਕ, ਮੰਜ਼ਿਲ ਤੋਂ ਉਰਾਂ ਕਿਤੇ ਨਹੀਂ ਰੁਕਦੇ। ਭਾਈ ਸਾਹਿਬ ਨੂੰ ਕੁਦਰਤ ਨੇ ਕਈ ਚਮਤਕਾਰ ਵਿਖਾਏ, ਪਰ ਆਪ ਦੀ ਨਜ਼ਰ ਕੁਦਰਤ ਦੇ ਕਾਦਰ ਉਤੇ ਟਿਕੀ ਰਹੀ। ਤਸੀਲਦਾਰੀ ਤੋਂ ਅਸਤੀਫ਼ਾ ਦੇਣ ਦੇ ਸਮੇਂ ਤਕ ਆਪ ਦੀ ਸ਼ਖ਼ਸੀਅਤ ਉਤੇ ਹੇਠ ਲਿਖੇ ਚਮਤਕਾਰਾਂ ਦੀ ਮੁਹਰ ਲੱਗ ਚੁਕੀ ਸੀ :—

(ੳ) ਨਾਮ ਦੀ ਪਰਾਪਤੀ ਅਤੇ ਅਕਾਲੀ-ਜੋਤ ਦੇ ਦਰਸ਼ਨ।

(ਅ) ਨਾਮ-ਅਭਿਆਸ ਦੁਆਰਾ ਦਸਮ ਦੁਆਰ ਅਤੇ ਅਨਹਦ ਸ਼ਬਦ ਦਾ ਗਿਆਨ।

(ੲ) ਇਕ ਕਰਾਮਾਤੀ ਸਾਧੂ, ਇਕ ਬਿਬੇਕੀ-ਸਿੱਖ ਅਤੇ ਇਕ ਬ੍ਰਹਮਗਿਆਨੀ ਮਾਈ (ਗੁਲਾਬ ਕੌਰ) ਦੀ ਸੰਗਤ ਤੋਂ ਬਿਨਾਂ ਸ੍ਵੈ-ਅਨੁਭਵ ਵਿਚ ਆਏ ਕਈ ਅਲੌਕਿਕ ਚਮਤਕਾਰ।

ਭਾਈ ਸਾਹਿਬ ਜੀ ਦੀਆਂ ਰਚਨਾਵਾਂ ਦਾ ਮੁਖ ਵਿਸ਼ਾ ਗੁਰਬਾਣੀ ਦੀ ਖੋਜ ਅਤੇ ਗੁਰਮਤਿ ਦੀ ਵਿਆਖਿਆ ਹੈ। ਇਸ ਵਿਆਖਿਆ ਪਿਛੇ ਉਮਰਾਂ ਦੀ ਨਾਮ-ਅਭਿਆਸ-ਕਮਾਈ ਅਤੇ ਅੱਖੀਂ ਡਿੱਠੇ ਤੇ ਕੰਨੀਂ ਸੁਣੇ ਅਲੌਕਿਕ ਨਜ਼ਾਰਿਆਂ ਤੇ ਆਤਮਕ ਝੁਣਕਾਰਿਆਂ ਦਾ ਨਿਜੀ ਅਨੁਭਵ ਗੂੰਜਦਾ ਸੁਣਾਈ ਦਿੰਦਾ ਹੈ। ਇਹੋ ਗੁਣ ਭਾਈ ਸਾਹਿਬ ਦੀ ਗੁਰਮਤਿ-ਵਿਆਖਿਆ ਨੂੰ ਸਮਕਾਲੀ ਵਿਆਖਿਆਕਾਰਾਂ ਨਾਲੋਂ ਵਖਰਿਆਉਂਦਾ ਹੈ। 'ਜੇਲ੍ਹ-ਚਿੱਠੀਆਂ', ਖ਼ਾਸ ਕਰ ਕੇ ਇਸ (ਪਹਿਲੇ) ਭਾਗ ਵਿਚ, ਨਿੱਜੀ-ਅਨੁਭਵ ਦਾ ਭੇਤ ਸੰਗਦਿਆਂ ਸੰਗਦਿਆਂ, ਪਰ ਸੰਗੀਤਕ ਤੇ ਕਾਵਿਕ-ਸ਼ੈਲੀ ਵਿਚ ਖੋਲ੍ਹਿਆ ਗਿਆ ਹੈ।..... ਲੇਖ ਦੇ ਮੁੱਢ ਵਿਚ ਦਿੱਤੀਆਂ ਮਿਸਾਲਾਂ ਤੋਂ ਬਿਨਾਂ, ਹੇਠ ਲਿਖੀਆਂ ਸਤਰਾਂ ਭੀ ਭਾਈ ਸਾਹਿਬ ਦੇ ਆਤਮਕ ਅਨੁਭਵ ਦੀਆਂ ਮੂੰਹ-ਬੋਲਦੀਆਂ ਤਸਵੀਰਾਂ ਹਨ :—

(ੳ) ਫੇਰ ਇੱਕ ਹੁੱਜ ਜਿਹੀ ਵੱਜੀ। ਮੈਂ ਸਾਵਧਾਨ ਹੋ ਗਿਆ। ਦੇਖਾਂ ਤਾਂ ਪਿਆ ਉਠਿਆ ਹਾਂ, ਪਰ ਬਿਰਤੀ ਮੇਰੀ ਉਸੇ ਤਰ੍ਹਾਂ ਪ੍ਰਾਰਥਨਾ ਵਿਚ ਹੀ ਹੈ। (ਪੰਨਾ ੧੫)

(ਅ) ਮੈਂ ਡੰਡਵਤ ਵਿਚੋਂ ਉਠ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ ਤੇ ਫ਼ਤਹ ਬੁਲਾਈ ਤਾਂ ਕੀ ਦੇਖਾਂ ਮਹਾਰਾਜ ਜੀ ਉੱਤੇ ਚੰਵਰ ਹੋ ਰਿਹਾ ਹੈ, ਪਰ ਤਾਬੇ ਕੋਈ ਨਹੀਂ। ............... ........................ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰ-ਵਾਰ ਚੰਦੋਆ ਸਾਹਿਬ ਤੇ ਸ੍ਰੀ ਗੁਰੂ ਸਾਹਿਬ ਦੇ ਵਿਚਕਾਰ ਅਦੁੱਤੀ ਚਮਤਕਾਰ ਅਤੇ ਝਿਲ-ਮਿਲਕਾਰ ਛਬੰਨੀ ਚੱਕ੍ਰਤ ਚਿਤਰਕਾਰੀ ਵਿਚ 'ਵਾਹਿਗੁਰੂ' ਸ਼ਬਦ ਚਿਤਰਿਆ ਝਿਲਮਿਲ ਝਿਲਮਲ ਕਰੇ, ਜੋ ਆਸਰੇ ਬਿਨ ਹਵਾ ਵਿਚ ਮੁਅੱਲਕ ਟਿਕਿਆ ਲਹਿਰੇ ਮਾਰੇ। ਗੁਰਦੁਆਰੇ ਤੇ ਹਵਾਈ ਪੁਲਾੜ ਵਿਚ ਚਾਰ-ਚੁਫੇਰੇ ਇਹੋ ਹੀ ਕਉਤਕ ਵਰਤ ਰਿਹਾ ਸਾਂਗੋ ਪਾਂਗ ਦਿੱਸੇ। (ਪੰਨਾ ੨੧)

(ੲ) ਦੇਹੋਂ ਬਦੇਹ ਹੋ ਗਿਆ, ਚਲੂਲੇ ਰੰਗਾਂ ਵਿਚ ਮਸਤੁਲ-ਮਸਤ ਵਿਸਮਾਦੀ ਸੁਆਦਾਂ ਦਾ ਗਟਾਕ ਰਸ ਲੈਂਦਾ ਹੋਇਆ ਮੂਲ-ਮੰਤਰ ਦਾ ਪਾਠ ਕਰਾਂ, ਕਰਿ ਕਰਿ ਕੇ ਬਿਸਮਾਦੋਂ ਮਹਾਂ ਬਿਸਮਾਦ ਹੁੰਦਾ ਜਾਵਾਂ। ਅਗਾਂਹ ਪਾਠ ਤੁਰੇ ਹੀ ਨਾ।

(ਸ) ਢੋਲਕੀ ਛੈਣੇ ਵਜਣੋਂ ਹਟ ਗਏ, ਪਰ ਮੈਨੂੰ ਅਨਿਕ ਪ੍ਰਕਾਰ ਦੇ ਰਾਗ ਰਤਨ ਕੀਰਤਨ ਖੰਡਾਂ ਬ੍ਰਹਿਮੰਡਾਂ ਵਿਚ ਹੁੰਦੇ ਸੁਣਦੇ ਸਨ। (ਪੰਨਾ ੪੮)

(ਹ) ਜਦ ਮੈਂ ਹਾਜ਼ਰੀ ਵਾਲੇ ਰਜਿਸਟਰ ਉਪਰ ਹਾਜ਼ਰੀ ਲਾਉਣ ਗਿਆ, ਤਾਂ ਕੀ ਦੇਖਾਂ ਕਿ ਮੇਰੀਆਂ ਹਾਜ਼ਰੀਆਂ ਲੱਗੀਆਂ ਹੋਈਆਂ ਹਨ, ਇਕ ਭੀ ਗ਼ੈਰਹਾਜ਼ਰੀ ਨਹੀਂ। ਜਦ ਮੈਂ ਆਪਣੇ ਕੰਮ ਦੇਖੇ ਤਾਂ ਸਭ ਦਿਨਾਂ ਦੇ ਕੰਮ ਪੂਰੇ ਹੋਏ



www.AKJ.Org

ਹੋਏ। ਮੈਂ ਇਸ ਖੇਡ ਨੂੰ ਤਾੜ ਗਿਆ ਕਿ ਇਹ ਸਭ ਕਰਤਾਰ ਨੇ ਕੁਦਰਤ ਵਰਤਾਈ ਹੈ। (ਪੰਨਾ ੫੮)

ਭਾਈ ਸਾਹਿਬ ਦੀ ਬਿਆਨੀਆ-ਸ਼ਕਤੀ ਕਿਸੇ ਭੀ ਸਮਕਾਲੀ ਨਾਵਲਕਾਰ ਜਾਂ ਕਹਾਣੀਕਾਰ ਨਾਲੋਂ ਘਟ ਨਹੀਂ। ਆਪ ਬਿਨਾਂ-ਕੋਸ਼ਿਸ਼ ਦਾ ਪਰਭਾਵ ਪਾਏ, ਲਟਕਾਉ (Suspense) ਪੈਦਾ ਕਰ ਸਕਦੇ ਹਨ। ਸਭ ਕੁਝ ਕਹਿ ਕੇ ਭੀ ਬਹੁਤ ਕੁਝ ਅਣ-ਕਿਹਾ ਛੱਡ ਜਾਂਦੇ ਹਨ। ਇਹੋ ਉਚਤਮ-ਕਲਾ ਦੀ ਵਡਿਆਈ ਹੈ। ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਸਮੇਂ (੨੩ ਨਵੰਬਰ ੧੯੦੪) ਇੱਕੋ ਆਸਣ ਅਤੇ ਇੱਕੋ ਚੌਂਕੜੇ ਬੈਠ ਕੇ ਆਪ ਨੇ ਸਾਰਾ ਅਖੰਡਪਾਠ ਸੁਣਿਆ ਤੇ ਜੋ ਚਮਤਕਾਰ ਵੇਖਿਆ ਉਸ ਦਾ ਹਾਲ ਭੀ ਵਰਨਣ ਕੀਤਾ, ਪਰ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਸਮੇਂ (੨੩ ਜਨਵਰੀ ੧੯੦੫) ਜਿਹੜਾ ਜਲਵਾ ਵੇਖਿਆ, ਉਸ ਬਾਰੇ ਕੇਵਲ ਇਤਨਾ ਆਖ ਕੇ 'ਹੁਣ ਮੈਥੋਂ ਦਸ ਨਹੀਂ ਹੋਣਾ, ਕਿਉਂਕਿ ਇਸ ਖੇਡ ਨੂੰ ਅਤਿ ਗੋਝ ਰੱਖਣ ਦਾ ਹੁਕਮ ਹੈ', ਆਪ ਬਹੁਤ ਕੁਝ ਆਖ ਗਏ।

ਇਕ ਕਰਾਮਾਤੀ ਸਾਧੂ ਦੀ ਵਾਰਤਾ, ਇਸ ਗੱਲ ਦੀ ਗੁਆਹੀ ਹੈ ਕਿ ਆਪ ਦੇ ਦਿਲ ਵਿਚ ਰੱਬੀ-ਖੋਜ ਲਈ ਸੱਚੀ ਲਗਨ ਸੀ, ਪਰ 'ਸੱਚ' ਤਕ ਪਹੁੰਚਣ ਲਈ ਆਪ ਗੁਰਮਤਿ-ਮਾਰਗ ਨੂੰ ਸਭ ਰਾਹਾਂ ਤੋਂ ਸ੍ਰੇਸ਼ਟ ਸਮਝਦੇ ਸਨ। ਸਾਧੂ ਨੂੰ ਨਸ਼ਿਆਂ ਦਾ ਸੇਵਨ ਕਰਦਿਆਂ ਵੇਖ ਕੇ ਆਪ ਦੀ ਸ਼ਰਧਾ ਖੇਰੂੰ ਖੇਰੂੰ ਹੋ ਗਈ ਤੇ ਆਪ ਦੇ ਕੋਮਲ ਮਨ ਉੱਤੇ ਇਹ ਗੱਲ ਕਰੜਾਈ ਨਾਲ ਉਕਰੀ ਗਈ, 'ਭਾਵੇਂ ਕੋਈ ਕਿਤਨਾ ਹੀ ਵੱਡਾ ਫ਼ਕੀਰ ਹੋਵੇ, ਅਸੀਂ ਤਾਂ ਗੁਰਮਤਿ ਦੀ ਕਸੌਟੀ ਨਾਲ ਉਸ ਨੂੰ ਪਰਖਣਾ ਹੈ।' (ਪੰਨਾ ੯੦)। ਭਾਈ ਸਾਹਿਬ ਦੀ ਸਮੁੱਚੀ ਰਚਨਾ ਵਿਚੋਂ ਸਿਖ-ਧਰਮ ਅਤੇ ਗੁਰਮਤਿ ਦੀ ਸਰਬ-ਸ੍ਰੇਸ਼ਟਤਾ ਦੀ ਜਿਹੜੀ ਗੂੰਜ ਸੁਣਾਈ ਦਿੰਦੀ ਹੈ, ਉਸ ਦਾ ਪਹਿਲਾ ਡੱਗਾ ਕਰਾਮਾਤੀ ਸਾਧੂ ਦੇ ਢੋਲ ਦਾ ਪੋਲ ਖੁਲ੍ਹਣ ਸਮੇਂ ਲੱਗਾ ਸੀ। ਇਕ ਬਿਬੇਕੀ ਸਿੰਘ ਜਦੋਂ ਦਿੱਬ-ਦ੍ਰਿਸ਼ਟੀ ਦੁਆਰਾ ਆਪ ਦਾ ਸਿੱਖੀ-ਸਿਦਕ ਜਾਣ ਕੇ, ਆਪ ਨੂੰ ਥਾਪੜਾ ਦੇ ਕੇ ਅਲੋਪ ਹੋ ਗਿਆ, ਆਪ ਦੀ ਸ਼ਰਧਾ ਸਿਖ-ਧਰਮ ਵਿਚ ਪਰਪੱਕ ਹੋ ਗਈ। ਮਾਈ ਗੁਲਾਬ ਕੌਰ ਨਾਲ ਆਪ ਦੀ ਮੁਲਾਕਾਤ ਇਸੇ ਸ੍ਵੈ-ਭਰੋਸੇ ਦਾ ਫਲ-ਸਰੂਪ ਸੀ। ਆਪ ਦੀ ਸ਼ਖ਼ਸੀਅਤ ਵਿਚ ਕੋਈ ਚੁੰਬਕੀ ਖਿੱਚ ਸੀ, ਕਿ ਰਾਹਗੀਰਾਂ ਨੂੰ ਪੱਥਰ ਮਾਰਨ ਵਾਲੀ ਸਾਈਂ ਦਰ ਪੁਜੀ ਮਾਈ, ਆਪ ਦੇ ਦਰਸ਼ਨ ਕਰਦਿਆਂ ਹੀ ਨਮਸਕਾਰ ਵਿਚ ਝੁਕ ਗਈ। ਮਾਈ ਗੁਲਾਬ ਕੌਰ ਨਾਲ ਭਾਈ ਸਾਹਿਬ ਦੀ ਗੋਸ਼ਟੀ, ਪੀਰਾਂ ਤੇ ਫ਼ਕੀਰਾਂ ਦੀਆਂ ਗੋਸ਼ਟੀਆਂ ਵਾਂਗ ਜਿੱਥੇ ਰੱਬੀ-ਰਮਜ਼ਾਂ ਖੋਲ੍ਹਦੀ ਹੈ ਉੱਥੇ ਭਾਈ ਸਾਹਿਬ ਦੀ ਗਦ-ਸ਼ੈਲੀ ਵਿਚ ਸ਼ਬਦਾਂ ਦੇ ਸੰਜਮ, ਭਾਵਾਂ ਦੀ ਵਿਸ਼ਾਲਤਾ ਅਤੇ ਸੁਝਾਵਾਂ ਦੀ ਮਾਰਮਿਕਤਾ ਦੀ ਮੂੰਹ-ਬੋਲਦੀ ਤਸਵੀਰ ਹੈ :—

(ੳ) ਮੁਸਾਫ਼ਰ ਹਾਂ, ਪ੍ਰਾਹੁਣਚਾਰੀ ਕਿਵੇਂ ਕਰਾਂ?

(ਅ) ਗੁਰੂ ਕੇ ਸਿੱਖਾ! ਤੂੰ ਨਿਹਾਲ ਹੋਇਓਂ! ਸੋਹਣਾ ਦੀਵਾ ਸਤਿਗੁਰੂ ਨੇ ਜਗਾਇਆ ਹੈ।

ਜਦੋਂ ਸੁਆਲ ਹੋਇਆ, 'ਫੇਰ ਦਰਸ਼ਨ ਮੇਲੇ ਕਦੋਂ ਹੋਣਗੇ?' ਤਾਂ ਜੁਆਬ ਮਿਲਿਆ, 'ਅੰਤਰ ਆਤਮੇ ਮਿਲ ਰਹੇ ਸ਼ਬਦ-ਮੇਲੀਆਂ ਦਾ ਸਦਾ ਹੀ ਮੇਲ ਬਣਿਆ ਹੋਇਆ ਹੈ।'

ਇਹੋ ਜਿਹੀਆਂ ਰਮਜ਼ਾਂ ਨਾਲ ਭਰਪੂਰ ਵਾਰਤਕ 'ਪੁਰਾਤਨ ਜਨਮ ਸਾਖੀ' ਦੀ ਰਹੱਸਮਈ ਵਾਰਤਕ ਦੀ ਯਾਦ ਤਾਜ਼ਾ ਕਰ ਦਿੰਦੀ ਹੈ। ਹੇਠ ਲਿਖੀਆਂ ਸਤਰਾਂ ਦੀ ਰਵਾਨੀ, ਪੂਰਨ ਸਿੰਘ ਦੀ ਰਚਨਾ 'ਇਕ ਜਪਾਨੀ ਨਾਇਕਾ ਦੀ ਜੀਵਨ-ਕਥਾ' (ਖੁਲ੍ਹੇ ਲੇਖ) ਨਾਲੋਂ ਵਧੇਰੇ ਤੀਬਰ ਅਤੇ ਤੇਜ਼ ਹੈ :—

ਅਜੇ ਆਯੂ ਅਵਸਥਾ ਵੀ ਨਵਜੋਬਨ ਬਾਲੀ ਹੀ ਸੀ ਕਿ ਰੱਬੀ ਨੂਰ ਵਾਲਾ ਜਗਮਗੰਨਾ ਜੋਬਨ ਲਹਿ-ਲਹਾ ਕੇ ਚੜ੍ਹ ਗਿਆ। ਗੁਰਮੁਖ ਲਾਲੋ ਲਾਲ ਗੁਲਾਬ ਕੌਰ ਦੀਆਂ ਝਲ-ਮਲੰਤੀਆਂ ਲਾਲੀਆਂ ਦੀ ਝਾਲ ਨਾ ਝੱਲੀ ਜਾਵੇ। ਇਸੇ ਬ੍ਰਿਹੋਂ-ਮਸਤੀ ਵਿਚ ਝੂਲਦੇ ਹਾਥੀ ਦੀ ਨਿਆਈਂ ਨਿਰਭੈ ਪਦ ਨੂੰ ਪ੍ਰਾਪਤ ਹੋ ਚੁਕੀ ਨਵਜੋਬਨ ਬਾਲੜੀ ਮਾਈ ਘਰ-ਬਾਰ ਤੋਂ ਨਿਰਮੋਹ ਹੋ ਕੇ ਚਕਰਵਰਤੀ ਹੋ ਗਈ..... । ਬਸਤੀ, ਬਜ਼ਾਰ, ਉਦਿਆਨ, ਉਜਾੜ ਵਿਚ ਜਿਥੇ ਭੀ ਮਸਤ ਰੰਗਾਂ ਵਿਚ ਵਿਗਸੀ ਮੌਲੀ ਹੋਈ ਮਾਈ ਜਾ ਬਿਚਰੇ, ਉਥੇ ਹੀ ਗੁਲਜ਼ਾਰ ਬਣ ਜਾਏ......। ਦਾਸ ਅੱਗੇ ਕਦਮ ਵਧਾਉਣ ਹੀ ਲੱਗਾ ਸੀ, ਕਿ ਦਿੱਬ ਦ੍ਰਿਸ਼ਟੀ ਦੀ ਕਲਾ ਸਪੰਨ ਮਾਈ, ਪ੍ਰੇਮੀਆਂ, ਦਰਸ-ਪ੍ਰੇਮੀਆਂ ਦੀਆਂ ਪ੍ਰੇਮ-ਤਾਰਾਂ ਦੀ ਜਾਣੂ ਮਾਈ, ਇਕ ਬਿਜਲੀ ਵਾਲੀ ਤਰਬ ਨਾਲ ਦਾਸ ਦੀ ਓਰ ਮੁਖਾਰਬਿੰਦ ਕਰ ਕੇ ਉਠ ਖਲੋਤੀ......। ਮੈਂ ਪੇਖਤ ਹੀ ਪੁਨੀਤ ਹੋ ਗਿਆ ਅਤੇ ਦਰਸ ਭੇਟ ਹੋਣ-ਸਾਰ ਹੀ ਨਾਮ ਦਾ ਖੰਡਾ ਜ਼ੋਰੋ ਜ਼ੋਰ ਖੜਕਣ ਲਗ ਪਿਆ।

www.AKJ.Org

# ਗੁਰਸਿਖਾਂ ਸਤਿਗੁਰੂ ਪਿਆਰਾ

[ਪ੍ਰੋਫੈਸਰ ਗੁਰਮੁਖ ਸਿੰਘ ਜੀ]

**ਸਿਖ ਮਾਨਸਿਕਤਾ ਲੇਖ-ਲੜੀ ਨੰਬਰ ੪**

ਗੁਰਬਾਣੀ ਦੀ ਰੋਸ਼ਨੀ ਵਿਚ ਸਿਖ ਮਾਨਸਿਕਤਾ ਕਿਵੇਂ ਪ੍ਰਫੁਲਤ ਹੋਈ, ਇਸ ਗੱਲ ਨੂੰ ਸਪਸ਼ਟ ਕਰਨ ਲਈ ਪ੍ਰੋਫੈਸਰ ਗੁਰਮੁਖ ਸਿੰਘ ਜੀ ਵਲੋਂ ਲੇਖਾਂ ਦੀ ਇਕ ਲੜੀ ਦਿਤੀ ਜਾ ਰਹੀ ਹੈ। ਉਸੇ ਲੜੀ ਦਾ ਇਹ ਚੌਥਾ ਲੇਖ ਪਾਠਕਾਂ ਦੀ ਭੇਟ ਕੀਤਾ ਜਾ ਰਿਹਾ ਹੈ। —ਸੰਪਾਦਕ

ਸਿਖ ਮਾਨਸਿਕਤਾ ਨੂੰ ਸਮਝਣ ਲਈ ਸਿਖ ਇਤਿਹਾਸ ਅਤੇ ਗੁਰ ਉਪਦੇਸ਼ ਅਤੇ ਸੱਚੀ ਰਹਿਨੁਮਾਈ ਕਰਨ ਵਾਲੀ ਬਾਣੀ ਦਾ ਡੂੰਘਾ ਅਧਿਐਨ ਕਰਨਾ ਲੋੜੀਦਾ ਹੈ। ਮੁਗਲ ਸਰਕਾਰ ਨੇ ਅਕਬਰ ਤੋਂ ਪਿਛੋਂ ਸਿਖ ਕੌਮ (ਨਾਨਕ ਪੰਥ) ਨਾਲ ਆਪਣਾ ਵਤੀਰਾ ਸਖ਼ਤ ਕਰ ਲਿਆ। ਇਸਦੇ ਦੋ ਕਾਰਨ ਸਨ : ਪਹਿਲਾ ਕਾਰਨ ਧਾਰਮਿਕ ਸੀ। ਮੁਸਲਿਮ ਪੁਨਰ-ਜਗਰਤੀ ਦੀ ਲਹਿਰ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ (੧੫੮੧-੧੬੦੪ ਦੇ ਵਿਚਕਾਰਲੇ ਸਮੇਂ) ਕੀਤੇ ਨਿੱਗਰ ਪ੍ਰਚਾਰ ਸਦਕਾ ਕਾਫੀ ਧੱਕਾ ਵਜਾ ਸਰਹੰਦ ਦੇ ਪ੍ਰਸਿਧ ਧਾਰਮਕ ਨੇਤਾ ਸ਼ੈਖ ਅਹਿਮਦ ਅਲਫ-ਸਾਨੀ ਇਸ ਪ੍ਰਚਾਰ ਨੂੰ ਸਹਿਨ ਨਾ ਕਰ ਸਕਿਆ ਅਤੇ ਉਸ ਨੇ ਝੂਠੀਆਂ ਸੱਚੀਆਂ ਲਾ ਕੇ ਬਾਦਸ਼ਾਹ ਜਹਾਂਗੀਰ ਦੇ ਖ਼ੂਬ ਕੰਨ ਭਰੇ। ਇਸੇ ਕਰਕੇ ਬਾਦਸ਼ਾਹ ਤੁਜ਼ਕੇ ਜਹਾਂਗੀਰੀ ਵਿਚ ਲਿਖਦਾ ਹੈ ਕਿ "ਨਾ ਕੇਵਲ ਮਾਝੇ ਤੇ ਦੁਆਬੇ ਦੇ ਬਹੁਤ ਸਾਰੇ ਹਿੰਦੂ, ਸਗੋਂ ਬਹੁਤ ਸਾਰੇ ਮੁਸਲਮਾਨ ਭੀ ਸਤਿਗੁਰਾਂ ਦੇ ਸਿਖ ਬਣੇ।" ਇਹ ਗੱਲ ਇਸਲਾਮਿਕ ਰਾਜ ਕਿਵੇਂ ਬਰਦਾਸ਼ਤ ਕਰ ਸਕਦਾ ਸੀ ਕਿ ਸਿਖਾਂ ਦਾ ਬੋਲ ਬਾਲਾ ਹੋਵੇ।

ਸਿਖ ਕੌਮ ਨਾਲ ਸਰਕਾਰ ਵਲੋਂ ਧੱਕਾ ਕਰਨ ਦਾ ਦੂਜਾ ਕਾਰਨ ਸਿਆਸੀ ਸੀ। ਹਰ ਹਕੂਮਤ ਨੂੰ ਇਹ ਖ਼ਤਰਾ ਹੁੰਦੈ ਕਿ ਕੋਈ ਭੀ ਧਾਰਮਕ ਫ਼ਿਰਕਾ ਜਦੋਂ ਲੋਕ-ਲਹਿਰ ਦੇ ਰੂਪ ਵਿਚ ਉਭਰਦਾ ਹੈ, ਉਸਦੀ ਤਾਕਤ ਅਸੀਮ ਹੋ ਜਾਂਦੀ ਹੈ ਅਤੇ ਉਹ ਸਰਕਾਰ ਲਈ ਕਿਸੇ ਨਾ ਕਿਸੇ ਰੂਪ ਵਿਚ ਖ਼ਤਰਾ ਬਣ ਸਕਦਾ ਹੈ। ਇਸ ਲਈ ਮੁਗ਼ਲ ਸਰਕਾਰ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ, ਤਾਂਕਿ ਸੋਮੇ ਨੂੰ ਬੰਦ ਕਰ ਕੇ ਲਹਿਰ ਵਿਚ ਸਹਿਮ ਪੈਦਾ ਕੀਤਾ ਜਾ ਸਕੇ। ਕੌਮ ਕਮਜ਼ੋਰ ਹੋ ਜਾਵੇਗੀ। ਸਰਕਾਰਾਂ ਅਕਸਰ ਹਕੂਮਤ ਚਲਾਣ ਲਈ ਡਰਾਉਣ ਧਮਕਾਉਣ ਦੇ ਹਥਿਆਰ ਵਰਤਦੀਆਂ ਰਹਿੰਦੀਆਂ ਹਨ। ਫਿਰ ਗੁਰੂ ਹਰਿਗੋਬਿੰਦ ਸਾਹਿਬ ਨੂੰ ਕੁਝ ਮਹੀਨੇ ਨਜ਼ਰਬੰਦ ਕਰ ਕੇ ਸਿਖਾਂ ਵਿਚ ਸਹਿਮ ਪੈਦਾ ਕਰਨ ਦਾ ਜਤਨ ਕੀਤਾ ਗਿਆ। ੧੬੦੪ ਵਿਚ ਪੰਜਵੇਂ ਸਤਿਗੁਰੂ ਜੀ ਸ਼ਹੀਦ ਕੀਤੇ ਗਏ। ਪਰ ੧੬੦੯-੧੦ ਵਿਚ ਸਿਖ ਕੌਮ ਨੂੰ ਮੀਰੀ-ਪੀਰੀ ਦੀ ਪੂਰਨ ਸੇਧ ਦੇਣ ਲਈ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸ੍ਰੀ ਅਕਾਲ ਤਖ਼ਤ ਦੀ ਉਸਾਰੀ ਕਰ ਕੇ ਕੇਂਦਰ ਕਾਇਮ ਕੀਤਾ, ਜਿਹੜਾ ਕਿ ਝੂਠੇ ਬਾਦਸ਼ਾਹ ਦੇ ਝੂਠੇ ਤਖ਼ਤ ਦੇ ਮੁਕਾਬਲੇ ਤੇ ਇਕ ਸੱਚਾ ਤੇ ਸਦੀਵੀ ਤਖ਼ਤ ਸੀ ਅਤੇ ਹੁਣ ਭੀ ਇਹ ਤਖ਼ਤ ਸਿਖ ਮਾਨਸਿਕਤਾ ਵਿਚ ਸਰਬ ਉਚ ਤੇ ਸਰਬ-ਸ੍ਰੇਸ਼ਟ ਹੈ। ਇਸ ਤਖ਼ਤ ਨੇ ਸਿਖਾਂ ਅੰਦਰ ਪਹਿਲੀ ਵਾਰੀ ਇਹ ਭਾਵਨਾ ਪੈਦਾ ਕੀਤੀ ਕਿ ਉਹ ਸ੍ਰੀ ਅਕਾਲ ਤਖ਼ਤ ਦੇ ਅਧੀਨ ਹਨ। ਸ੍ਰੀ ਅਕਾਲ ਤਖ਼ਤ ਤੇ ਬਿਰਾਜਮਾਨ ਸਤਿਗੁਰੂ ਦੀ ਉਹ ਪਰਜਾ ਹਨ। ਇਥੋਂ ਸਿਖਾਂ ਦੀ ਦੂਹਰੀ ਨਾਗਰਿਕਤਾ ਸ਼ੁਰੂ ਹੁੰਦੀ ਹੈ। ਦੁਨਿਆਵੀ ਰਾਜ ਪ੍ਰਬੰਧ ਦਾ ਖੇਤਰ ਭਾਵੇਂ ਮੁਗ਼ਲ ਸਰਕਾਰ ਦੇ ਹੱਥ ਸੀ, ਪਰ ਸਿਖਾਂ ਦੇ ਦਿਲਾਂ ਅੰਦਰ ਸਚਾ ਰਾਜ ਸਚੇ-ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਕਾਇਮ ਹੋ ਚੁਕਾ ਸੀ।

ਭਾਈ ਗੁਰਦਾਸ ਜੀ, ਜੋ ਪੰਜਵੇਂ ਅਤੇ ਛੇਵੇਂ ਸਤਿਗੁਰਾਂ ਦੇ ਸਮਕਾਲੀ ਸਨ, ਇਸ ਨੁਕਤੇ ਨੂੰ ਆਪਣੀ ਪੰਦਰ੍ਹਵੀਂ ਵਾਰ ਦੀ ਪਹਿਲੀ ਪਉੜੀ ਵਿਚ ਇਉਂ ਖੋਲ੍ਹਦੇ ਹਨ :—

ਸਤਿਗੁਰ ਸਚਾ ਪਾਤਿਸਾਹੁ, ਕੂੜੇ ਬਾਦਸਾਹ ਦੁਨੀਆਵੇ ॥੧॥



www.AKJ.Org

ਸਿਖ ਅੰਤਰ ਆਤਮੇ 'ਸਚੇ ਪਾਤਸ਼ਾਹ' ਦਾ ਸ਼ਹਿਰੀ ਹੈ। ਕੂੜੇ ਬਾਦਸ਼ਾਹ ਦਾ ਉਹ ਸ਼ਹਿਰੀ ਸੰਸਾਰਕ ਤੇ ਲੋਕਾਚਾਰੀ ਤੌਰ ਤੇ ਹੀ ਹੈ, ਭਾਵੇਂ ਕੂੜਾ ਬਾਦਸ਼ਾਹ ਕੋਈ ਭੀ ਹੋਵੇ।

ਸਿਖ ਇਤਿਹਾਸ ਵਿਚ ਇਕ ਘਟਨਾ ਹੈ, ਸ੍ਰੀ ਹਰਿਮੰਦਰ ਸਾਹਿਬ ਦੇ ਇਕ ਪ੍ਰਸਿਧ ਰਾਗੀ ਦੀ ਮਾਇਕ ਹਾਲਤ ਕੁਝ ਪਤਲੀ ਸੁਣ ਕੇ ਮਹਾਰਾਜਾ ਰਣਜੀਤ ਸਿੰਘ ਆਪ ਹਾਥੀ ਤੇ ਚੜ੍ਹ ਕੇ ਜਲੂਸ ਦੀ ਸ਼ਕਲ ਵਿਚ ਉਸਦੇ ਘਰ ਪੁਜਾ, ਤਾਂਕਿ ਉਸ ਗੁਰੂ ਕੇ ਕੀਰਤਨੀਏ ਦਾ ਸਤਿਕਾਰ ਕਰ ਕੇ ਮਾਇਆ ਭੇਟਾ ਕੀਤੀ ਜਾਵੇ। ਅਗੋਂ ਕੀਰਤਨੀਏ ਸਿੰਘ ਦੇ ਮਨ ਵਿਚ ਸੱਚੇ ਪਾਤਸ਼ਾਹ ਦਾ ਇਤਨਾ ਪ੍ਰਭਾਵ ਤੇ ਪ੍ਰਬਲ ਨਿਸਚਾ ਸੀ ਕਿ ਉਸਨੇ ਘਰ ਦਾ ਦਰਵਾਜ਼ਾ ਹੀ ਨਹੀਂ ਖੋਲ੍ਹਿਆ ਕਿ ਕੂੜੇ ਬਾਦਸ਼ਾਹ ਪਾਸੋਂ ਕੀ ਲੈਣਾ ਹੈ। ਉਹਨਾਂ ਦਾ ਉਤਰ ਇਹੋ ਸੀ ਕਿ ਜੇ ਅਸਾਂ ਕੁਝ ਲੈਣਾ ਹੋਇਆ ਤਾਂ ਅਸੀਂ ਸਚੇ ਸ਼ਾਹ ਪਾਸੋਂ ਮੰਗ ਲਵਾਂਗੇ, ਜੋ ਤੈਨੂੰ ਵੀ ਤੇ ਸਭਨਾਂ ਨੂੰ ਦਿੰਦਾ ਹੈ।

ਸਤਿਗੁਰ ਸਚਾ ਸਾਹੁ ਹੈ, ਹੋਰ ਸ਼ਾਹ ਵੇਸਾਹ ਉਚਾਵੇ ॥ [ਵਾਰ ੧੫, ਪਉੜੀ ੧

ਘਾਹੀ ਦੀ ਘਾਹ ਦੀ ਪੰਡ ਦੀ ਭੀ ਇਕ ਕਥਾ ਸਿਖ ਇਤਿਹਾਸ ਵਿਚ ਆਉਂਦੀ ਹੈ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਅਤੇ ਜਹਾਂਗੀਰ ਬਾਦਸ਼ਾਹ ਦੇ ਦੌਰੇ ਸਮੇਂ ਕਿਸੇ ਥਾਂ ਤੰਬੂ ਨਾਲ ਨਾਲ ਲਗੇ ਹੋਏ ਸਨ। ਇਕ ਘਾਹੀ ਗੁਰੂ ਕੇ ਨਿਮਾਣੇ ਸਿਖ ਨੇ ਭੁਲੇਖੇ ਨਾਲ ਜਹਾਂਗੀਰ ਦੇ ਤੰਬੂਆਂ ਵਲ ਪੰਡ ਘਾਹ ਦੀ ਤੇ ਇਕ ਟੱਕਾ (ਦੋ ਪੈਸੇ ਉਦੋਂ ਰਿਵਾਇਤ ਸੀ ਅਰਦਾਸ ਭੇਟ ਰਖਣ ਦੀ) ਬਾਦਸ਼ਾਹ ਦੇ ਅਗੇ ਰਖ ਕੇ ਹੱਥ ਜੋੜ ਕੇ ਬੇਨਤੀ ਕੀਤੀ, ਸਚੇ ਪਾਤਸ਼ਾਹ, ਮੇਰਾ ਹਲਤ ਪਲਤ ਸਵਾਰਨ ਦੀ ਕਿਰਪਾਲਤਾ ਕਰੋ ਜੀ। ਜਹਾਂਗੀਰ ਨੇ ਅਹਿਲਕਾਰਾਂ ਤੋਂ ਪੁਛਿਆ, ਇਹ ਕੀ ਕਹਿੰਦਾ ਹੈ। ਤਾਂ ਬੜਾ ਹੈਰਾਨ ਹੋਇਆ ਇਹ ਸੁਣ ਕੇ ਕਿ ਸਿਖ ਕਿਵੇਂ ਆਪਣਾ ਲੋਕ ਪਰਲੋਕ ਸੱਚੇ ਪਾਤਸ਼ਾਹ ਤੋਂ ਸੁਹੇਲਾ ਕਰਾ ਲੈਂਦੇ ਹਨ। ਘਾਹੀ ਨੂੰ ਇਸ਼ਾਰਾ ਕੀਤਾ ਗਿਆ ਕਿ ਇਥੇ ਤਾਂ ਇਸ ਲੋਕ ਦੇ ਪਦਾਰਥ ਹੀ ਮਿਲ ਸਕਦੇ ਹਨ, ਤੇਰੇ ਸੱਚੇ ਪਾਤਸ਼ਾਹ ਦਾ ਤੰਬੂ ਲਾਗਲਾ ਹੈ। ਉਸ ਸਿਖ ਨੇ ਘਾਹ ਦੀ ਪੰਡ ਜੋ ਉਹ ਗੁਰੂ ਕੇ ਘੋੜਿਆਂ ਲਈ ਲਿਆਇਆ ਸੀ, ਅਤੇ ਆਪਣਾ ਟੱਕਾ ਜਹਾਂਗੀਰ ਬਾਦਸ਼ਾਹ ਅਗੋਂ ਚੁਕ ਲਿਆ ਤੇ ਲਾਗਲੇ ਤੰਬੂ ਵਿਚ ਆਣਿ ਸਤਿਗੁਰਾਂ ਦੇ ਚਰਨਾਂ ਤੇ ਸੀਸ ਨਿਵਾਇਆ। ਲੋਕ ਪਰਲੋਕ ਵਿਚ ਸਹਾਈ ਹੋਣ ਲਈ ਅਰਦਾਸ ਬੇਨਤੀ ਕੀਤੀ। ਅਰਦਾਸ ਕਬੂਲ ਹੋਈ। ਘਟਨਾ ਭਾਵੇਂ ਕਿਤਨੀ ਛੋਟੀ ਜਿਹੀ ਹੈ, ਪਰ ਘਟਨਾ ਇਹ ਸੰਕੇਤ ਦਿੰਦੀ ਹੈ ਕਿ ਛੇਵੇਂ ਸਤਿਗੁਰਾਂ ਦੇ ਸਮੇਂ ਸਿਖਾਂ ਦੇ ਅੰਤਰ ਆਤਮੇ ਸਚੇ ਪਾਤਸ਼ਾਹ ਦਾ ਰਾਜ ਕਾਇਮ ਹੋ ਚੁਕਾ ਸੀ।

ਮੁਗ਼ਲ ਹਾਕਮਾਂ ਨੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਨਾਲ ਚਾਰ ਯੁਧ ਕੀਤੇ (੧੬੨੮-੧੬੩੪)। ਫਿਰ ੧੬੭੫ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਹੋਈ। ਫਿਰ ੧੭੦੪ ਵਿਚ ਸ੍ਰੀ ਅਨੰਦਪੁਰ ਸਾਹਿਬ ਦਾ ਕਿੱਲ੍ਹਾ ਛਡਣ ਤੋਂ ਪਿਛੋਂ ਖਾਲਸੇ ਪੰਥ ਵਿਚ ਅਠਾਰ੍ਹਵੀਂ ਸ਼ਤਾਬਦੀ ਵਿਚ ਸ਼ਹੀਦੀਆਂ ਅਤੇ ਜਬਰ-ਜ਼ੁਲਮ ਦਾ ਚਕ੍ਰ ਚਲਿਆ। ਛੋਟਾ ਘਲੂਘਾਰਾ (੧੭੪੬-੪੭) ਅਤੇ ਫਿਰ ਵੱਡਾ ਘਲੂਘਾਰਾ (੧੭੬੨) ਵਿਚ ਹੋਏ। ਮੁਗ਼ਲਾਂ ਨ ਸਿਖਾਂ ਦਾ ਖੁਰਾ ਖੋਜ ਮਿਟਾਉਣ ਦਾ ਫੈਸਲਾ ਕਰ ਕੇ ਤੇਜ਼ੀ ਨਾਲ ਬੇਅੰਤ ਸਿਖਾਂ ਨੂੰ ਮੌਤ ਦੇ ਘਾਟ ਉਤਾਰਿਆਂ, ਪਰ ਸਿਖ ਨਾ ਮੁਕੇ। ਮੀਰ ਮਨੂੰ ਅਤੇ ਅਹਿਮਦ ਸ਼ਾਹ ਅਬਦਾਲੀ ਵਰਗੇ ਇਹ ਸੋਚਦੇ ਹੋਣਗੇ ਕਿ ਸਿਖ ਮਾਨਸਿਕਤਾ ਵਿਚ ਆਖ਼ਰ ਕੀ ਗੱਲ ਹੈ ਜੋ ਇਹਨਾਂ ਨੂੰ ਜੀਉਂਦਿਆਂ ਰਖਦੀ ਹੈ ਤੇ ਆਪਣੇ ਗੁਰੂ ਅਤੇ ਗੁਰੂ ਪੰਥ ਉਤੋਂ ਕੁਰਬਾਨ ਹੋ ਜਾਣ ਲਈ ਪ੍ਰੇਰਦੀ ਹੈ ? ਉਹਨਾਂ ਨੂੰ ਸਮਝ ਨਹੀਂ ਆ ਸਕੀ।

ਸਿਖ ਇਤਿਹਾਸ ਵਿਚ ਇਕ ਹੋਰ ਬੜੀ ਮਹੱਤਵ ਪੂਰਨ ਘਟਨਾ ਆਉਂਦੀ ਹੈ। ਖਿਦਰਾਣੇ ਦੀ ਢਾਬ ਤੇ ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਸ਼ਹੀਦ ਹੋਏ ਸਿੰਘਾਂ ਦੀ ਸੰਭਾਲ ਕਰ ਰਹੇ ਹਨ। ਕਿਸੇ ਸ਼ਹੀਦ ਸਿੰਘ ਨੂੰ ਪੰਜ-ਹਜ਼ਾਰੀ ਤੇ ਕਿਸੇ ਨੂੰ ਦਸ-ਹਜ਼ਾਰੀ ਦੀਆਂ ਉਪਾਧੀਆਂ ਨਾਲ ਸਨਮਾਨਤ ਕਰ ਰਹੇ ਹਨ। ਭਾਈ ਮਹਾਂ ਸਿੰਘ ਜੀ ਫਟੜ ਹਾਲਤ ਵਿਚ ਅਜੇ ਸਿਸਕ ਰਹੇ ਹਨ। ਸਤਿਗੁਰਾਂ ਨੇ ਉਸਦਾ ਸਿਰ ਆਪਣੇ ਪੱਟ ਤੇ ਰਖਿਆ ਤੇ ਉਸਦੀ ਅੰਤਮ ਇੱਛਾ ਦੀ ਪੁਛ ਕੀਤੀ। ਭਾਈ ਮਹਾਂ ਸਿੰਘ ਨੇ ਚਾਲੀ ਮੁਕਤਿਆਂ ਦੇ ਜੱਥੇਦਾਰ ਵਜੋਂ ਸਤਿਗੁਰਾਂ ਨੂੰ ਬੇਨਤੀ ਕੀਤੀ, "ਸਚੇ ਪਾਤਸ਼ਾਹ, ਤੁਹਾਨੂੰ ਬੇਦਾਵਾ ਲਿਖ ਕੇ ਦੇਣਾ ਸਾਡੀ ਜ਼ਿੰਦਗੀ ਦੀ ਸਭ ਤੋਂ ਵੱਡੀ ਭੁਲ ਸੀ।


www.AKJ.Org

ਕਿਰਪਾ ਕਰ ਕੇ ਉਹ ਹੁਣ ਪਾੜ ਦਿਉ ਤੇ ਸਾਡੀ ਟੁਟੀ ਗੰਢ ਲਉ ਜੀ।" ਇਹ ਉਸ ਦੀ ਅੰਤਮ ਇਛਾ ਸੀ ਕਿ ਮੇਰੀ ਅਤੇ ਮੇਰੇ ਸਾਥੀਆਂ ਦੀ ਗੁਰੂ ਨਾਲ ਪ੍ਰੇਮ ਦੀ ਤਾਰ ਨਾ ਟੁਟੇ।

ਸਿਖ ਮਾਨਸਿਕਤਾ ਵਿਚ ਆਪਣੇ ਗੁਰੂ ਲਈ ਅਥਾਹ ਪਿਆਰ ਹੁੰਦਾ ਹੈ। ਸਚਮੁਚ "ਗੁਰਸਿਖਾਂ ਸਤਿਗੁਰੂ ਪਿਆਰਾ" ਹੁੰਦਾ ਹੈ। ਗੁਰਬਾਣੀ ਵਿਚ ਇਸ ਪਿਆਰ ਦੇ ਸੰਕੇਤ ਮਿਲਦੇ ਹਨ। ਸਿਖ ਇਤਿਹਾਸ ਗਵਾਹ ਹੈ, ਸਿਖਾਂ ਨੇ ਤਲਵਾਰਾਂ ਜਾਂ ਤੋਪਾਂ ਦਾ ਕਦੀ ਭੈ ਨਹੀਂ ਖਾਧਾ, ਪਰ ਇਕ ਚੀਜ਼ ਤੋਂ ਹੁਣ ਭੀ ਹਰ ਸਿਖ ਅੰਤਰ ਆਤਮੇ ਕੰਬਦਾ ਹੈ। ਭਗਤ ਰਵਿਦਾਸ ਜੀ ਆਸਾ ਰਾਗ ਵਿਚ ਇਸ ਭੇਦ ਨੂੰ ਖੋਲ੍ਹਦੇ ਹਨ—

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥ (੪੩੬) [ਆਸਾ ਰਵਿਦਾਸ ਜੀ]

ਭਾਵ—ਹੇ ਪ੍ਰਭੂ, ਤੇਰਾ ਭਗਤ ਤਨ ਦੇ ਟੁਕੜੇ ਟੁਕੜੇ ਹੋਣ ਤੋਂ ਨਹੀਂ ਡਰਦਾ। ਉਹ ਤਾਂ ਕੇਵਲ ਇਕ ਚੀਜ਼ ਤੋਂ ਡਰਦਾ ਹੈ ਕਿ ਤੇਰਾ ਪਿਆਰ ਸਦਾ ਸਦਾ ਉਸਦੇ ਹਿਰਦੇ ਟਿਕਿਆ ਰਹੇ।

ਸਚੀ ਪ੍ਰੀਤ ਦੇ ਪੂਰਨੇ ਪਾਉਣ ਵਾਲੇ ਭਗਤ ਰਵਿਦਾਸ ਜੀ ਦੀ ਰਾਗ ਸੋਰਠਿ ਵਿਚ ਅੰਦਰੋਂ ਹੂਕ ਉਠਦੀ ਪਰਤੀਤ ਹੁੰਦੀ ਹੈ, ਸੱਚੇ ਅਸ਼ਕਾਂ ਨੂੰ ਪ੍ਰਭੂ-ਪ੍ਰੀਤ ਦੇ ਟੁਟਣ ਦਾ ਕਿਤਨਾ ਭੈ ਆਉਂਦਾ ਹੈ—

ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥੧॥ ਰਹਾਉ॥ (ਰਾਗ ਸੋਰਠਿ, ਪੰਨਾ ੬੫੮)

ਭਗਤ ਪਾਸ ਜਾਂ ਸਿਖ ਪਾਸ 'ਸਾਚੀ ਪ੍ਰੀਤਿ' ਜੋੜਨ ਲਈ ਹੋਰ ਕੋਈ ਥਾਂ ਨਹੀਂ। ਇਕ ਤਰਲਾ ਹੈ ਉਪਰਲੀਆਂ ਪੰਕਤੀਆਂ ਵਿਚ, ਹੇ ਸਚੇ ਪਾਤਸ਼ਾਹ, ਜੇ ਤੁਸੀਂ ਨਾ ਤੋੜਹੁ ਤਾਂ ਅਸੀਂ ਤਾਂ ਤੁਹਾਡੇ ਨਾਲੋਂ ਟੁਟਣਾ ਹੀ ਨਹੀਂ ਚਾਹੁੰਦੇ, ਕਿਉਂਕਿ ਤੁਹਾਥੋਂ ਟੁਟ ਕੇ ਸਾਡੇ ਪਾਸ ਪ੍ਰੀਤ ਜੋੜਨ ਲਈ ਹੋਰ ਕੋਈ ਥਾਂ ਹੀ ਨਹੀਂ।

ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥
ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥੧॥੨੮॥

(ਸਲੋਕ ਮ: ੨, ਵਾਰ ਸੂਹੀ, ਪੰਨਾ ੭੯੧)

ਇਸੇ ਸੇਧ ਵਿਚ ਸਚਾ ਸਿਖ ਹਿਰਦਾ ਅੱਜ ਭੀ ਸ੍ਰੀ ਅਕਾਲ ਤਖ਼ਤ ਦੀ ਨਾਗਰਿਕਤਾ ਤੋਂ ਟੁਟਣ ਤੋਂ ਅੰਦਰੋ-ਅੰਦਰੀ ਭੈ ਖਾਂਦਾ ਹੈ। ਕਈ ਸਿਖ ਅੰਮ੍ਰਿਤ ਪਾਨ ਕਰਨ ਤੋਂ ਸੰਕੋਚ ਕਰਦੇ ਹਨ। ਉਹਨਾਂ ਦਾ ਅਜੇ ਗੁਰੂ ਨਾਲ ਪਿਆਰ ਦਾ, ਭੈ-ਭਾਵਨੀ ਦਾ ਰਿਸ਼ਤਾ ਅੰਤਰ ਆਤਮੇ ਕਾਇਮ ਨਹੀਂ ਹੋਇਆ। ਉਹਨਾਂ ਨੂੰ ਅਜੇ ਸਿਖ ਮਾਨਸਿਕਤਾ ਦੀ ਬੁਨਿਆਦੀ ਗੱਲ ਸਮਝ ਨਹੀਂ ਆਈ ਕਿ ਸਿਖੀ, ਇਕ ਪ੍ਰੇਮਾ ਭਗਤੀ ਮਾਰਗ ਹੈ, ਜਿਸ ਵਿਚ ਸਿਖ ਦਾ ਤੇ ਗੁਰੂ ਦਾ ਰਿਸ਼ਤਾ ਸਾਰੇ ਸੰਸਾਰਕ ਰਿਸ਼ਤਿਆਂ ਤੋਂ ਕਿਤੇ ਉਚੇਰਾ ਹੈ। ਜਿਥੇ ਸਿਖ ਗੁਰੂ ਤੋਂ ਕੁਰਬਾਨ ਹੋ ਹੋ ਜਾਂਦਾ ਹੈ ਉਥੇ ਗੁਰੂ ਸਿਖ ਉਤੋਂ ਆਪਣਾ ਸਰਬੰਸ ਵਾਰਨ ਤੋਂ ਗੁਰੇਜ਼ ਨਹੀਂ ਕਰਦਾ। ਗੁਰੂ ਕਹਿੰਦਾ ਹੈ—

ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀ ਮੋ ਸੋ ਗਰੀਬ ਕਰੋਰ ਪਰੇ ॥੨॥
ਅਤੇ— ਮੋ ਗ੍ਰਿਹ ਮੈ ਤਨ ਤੇ ਮਨ ਤੇ, ਸਿਰ ਲਉ ਧਨ ਹੈ, ਸਭ ਹੀ ਇਨ ਹੀ ਕੋ ॥੩॥

(ਗਿਆਨ ਪ੍ਰਬੋਧ, ਪਾ: ੧੦)

ਅਤੇ ਸਿਖ ਉਸੇ ਪਿਆਰ ਤੇ ਸਿਦਕ ਵਿਚ ਇਹੋ ਅਰਦਾਸ ਕਰਦਾ ਹੈ—

ਕਰਵਤੁ ਭਲਾ, ਨ ਕਰਵਟ ਤੇਰੀ ॥ ਲਾਗੁ ਗਲੇ ਸੁਨੁ ਬਿਨਤੀ ਮੇਰੀ ॥੧॥
ਹਉ ਵਾਰੀ ਮੁਖੁ ਫੇਰਿ ਪਿਆਰੇ ॥ ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ ॥੧॥ਰਹਾਉ॥
ਜਉ ਤਨੁ ਚੀਰਹਿ ਅੰਗੁ ਨ ਮੋਰਉ ॥ ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥੨॥

(ਆਸਾ ਕਬੀਰ ਜੀ, ਪੰਨਾ ੪੮੪)

ਸਿਖ ਮਾਨਸਿਕਤਾ ਦਾ ਮੂਲ ਆਧਾਰ ਆਪਣੇ ਗੁਰੂ ਨਾਲ ਅਸੀਮ ਪਿਆਰ ਹੈ। ਇਸ ਪ੍ਰੀਤ ਨੂੰ ਜੋ ਸਮਝਦੇ



www.AKJ.Org

ਹਨ, ਉਹ ਸਿਖ ਨੂੰ ਸਮਝ ਸਕਦੇ ਹਨ। ਉਹ ਸਿਖਾਂ ਦੀਆਂ ਦੇਸ਼ ਅਤੇ ਕੌਮ ਪ੍ਰਤੀ ਕੀਤੀਆਂ ਕੁਰਬਾਨੀਆਂ ਨੂੰ ਸਮਝ ਸਕਣਗੇ। ਇਹ ਧਰਤੀ ਉਹਨਾਂ ਦੇ ਗੁਰੂਆਂ ਨੇ ਵਸਾਈ ਹੈ। ਪ੍ਰੋ: ਪੂਰਨ ਸਿੰਘ ਦਾ ਇਹ ਕਹਿਣਾ "ਪੰਜਾਬ ਜੀਂਦਾ ਗੁਰਾਂ ਦੇ ਨਾਂ 'ਤੇ" ਇਸ ਮੂਲ ਆਧਾਰ ਵਲ ਸੰਕੇਤ ਹੈ। ਜਿਸ ਨੂੰ ਗੁਰੂ ਪਿਆਰਾ ਹੈ, ਉਸਨੂੰ ਗੁਰੂ ਦੀ ਹਰ ਸ਼ੈਅ ਪਿਆਰੀ ਲਗਦੀ ਹੈ, ਗੁਰੂ ਦੀ ਬਾਣੀ, ਗੁਰੂ ਦੇ ਪਵਿਤਰ ਧਾਮ,ਗੁਰੂ ਦੀ ਬਖ਼ਸ਼ੀ ਰਹਿਤ ਮਰਯਾਦਾ, ਅਤੇ ਸਭ ਤੋਂ ਵਧ ਕੇ, ਜਿਸਨੂੰ ਗੁਰੂ ਨਾਲ ਅੰਦਰੋਂ ਪਿਆਰ ਆਉਂਦਾ ਹੈ, ਉਹ ਵਧ ਚੜ੍ਹਕੇ ਗੁਰੂ ਕੇ ਸਿਖਾਂ ਨਾਲ ਪਿਆਰ ਕਰਦਾ ਹੈ। ਸਿਖ ਦੀ ਦੁਨੀਆ ਵਿਚ ਪਿਆਰ ਹੀ ਪਿਆਰ ਹੈ। ਤਾਂ ਹੀ ਕਿਹਾ ਹੈ,ਸਿਖ ਪਿਆਰ ਦੀ ਗੁਲਾਮੀ ਕਰਦੇ ਹਨ,ਸਤਿਗੁਰਾਂ ਨੇ ਪੰਜਾਬ ਦੇ ਜੋਧਿਆਂ ਤੋਂ ਪਿਆਰ ਨਾਲ ਉਹ ਕੰਮ ਕਰਵਾਏ ਜੋ ਬਾਕੀ ਹਿੰਦੁਸਤਾਨ ਵਿਚ ਅਜ ਤਕ ਨਹੀਂ ਹੋ ਸਕੇ।

## *ਸੰਪਾਦਕੀ ਨੋਟ—*

ਸਿਖੀ ਮਾਰਗ (ਮਿਸ਼ਨ) ਸਰਬ ਸੰਸਾਰ ਤੋਂ ਬਿਲਕੁਲ ਨਿਆਰਾ, ਨਿਰਾਲਾ ਤੇ ਵਿਲੱਖਣ ਹੈ, ਜਿਸ ਦੀ ਨੀਂਹ ਗੁਰੂ ਨਾਨਕ ਨਿਰੰਕਾਰੀ ਵਲੋਂ ਰਖੀ ਗਈ। ਅਕਾਲ ਪੁਰਖ ਦੇ ਹੁਕਮ ਅਨੁਸਾਰ ਇਸ ਮਿਸ਼ਨ ਨੂੰ ਸੰਪੂਰਨ ਕਰਨ ਲਈ, ਜਿਥੇ ਸਾਰੀ ਆਯੂ ਆਪ ਜੀ ਨੇ ਚਹੁੰ-ਕੂੰਟਾਂ ਦਾ ਰਟਨ ਕੀਤਾ ਅਤੇ ਇਸ ਨੂੰ ਪਰਚਾਰਿਆ, ਉਥੇ ਇਸ ਦੀ ਪਕਿਆਈ ਲਈ ਨੌਂ ਜਾਮੇ ਹੋਰ ਧਾਰੇ! ਫ਼ਿਰ ਦਸਾਂ ਜਾਮਿਆਂ ਅੰਦਰ ਪਰਚਾਰਿਆ ਹੋਇਆ ਫ਼ਲਸਫ਼ਾ ਅਤੇ ਪੂਰਨ ਜੋਤਿ ਸ਼ਬਦ-ਸਰੂਪ-ਸੰਗ੍ਰਹਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਬਿਰਾਜਮਾਨ ਕਰ, ਗੁਰ-ਗਦੀ ਬਖ਼ਸ਼ ਕੇ ਜੁਗਾਂ ਜੁਗਾਂਤਰਾਂ, ਭਾਵ ਸਦੀਵ-ਕਾਲ ਲਈ, ਕਲਜੁਗੀ ਜੀਵਾਂ ਦੇ ਉਧਾਰ-ਨਿਸਤਾਰੇ ਦਾ ਪੱਕਾ ਧੁਰਵਾ ਬੰਨ੍ਹ ਦਿਤਾ।

ਉਹ ਕਿਹੜੀ ਵਿਲੱਖਣ ਤੇ ਅਲੌਕਿਕ ਵਸਤੂ ਸੀ, ਜਿਸ ਦੀ ਹੋਂਦ ਖੁਣੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਤੋਂ ਪਹਿਲੋਂ ਹੋ ਗੁਜ਼ਰੇ ਅਵਤਾਰਾਂ ਪੈਗੰਬਰਾਂ ਵਲੋਂ ਚਲਾਏ ਹੋਏ ਮਿਸ਼ਨ ਅਧੂਰੇ ਜਾਂ ਨਾ-ਮੁਕੰਮਲ ਰਹੇ। ਇਹ ਅਮੋਲਕ ਵਸਤੂ ਜੋ ਗੁਰੂ ਨਾਨਕ ਸਾਹਿਬ ਨੇ ਨਿਰੰਕਾਰ ਦੇ ਸਚਖੰਡ-ਦਰਬਾਰ ਵਿਚ ਪੁਜ ਕੇ, ਉਥੋਂ ਪ੍ਰਾਪਤ ਕੀਤੀ, ਇਹ ਹੈ—

ਬਾਬਾ ਪੈਧਾ ਸਚਖੰਡਿ ਨਉਨਿਧਿ ਨਾਮੁ ਗਰੀਬੀ ਪਾਈ॥

(ਵਾਰਾਂ ਭਾ: ਗੁਰਦਾਸ ਜੀ, ਵਾਰ ੧, ਪਉੜੀ ੨੪)

ਦਸਾਂ ਪਾਤਸ਼ਾਹੀਆਂ ਨੇ ਅਧਿਕਾਰੀ ਜਨਾਂ ਨੂੰ ਇਹ ਅਮੋਲਕ ਦਾਤਿ ਵੰਡ ਦਿਤੀ। ਇਸ ਨਉਨਿਧੀ-ਨਾਮ-ਅਮੋਲਕ-ਦਾਤਿ ਦੀ ਵਡਿਆਈ ਇਹ ਹੈ ਕਿ ਇਸ ਨੂੰ ਪ੍ਰਾਪਤ ਕਰਨ ਵਾਲੇ ਪ੍ਰਾਣੀ ਦੀ ਰੁਚੀ, ਸੰਸਾਰਕ ਚੇਸ਼ਟਾਵਾਂ ਵਲੋਂ ਪਲਟ ਕੇ ਆਤਮਕ ਰਹੱਸ ਵਲ ਖਿਚੀ ਜਾਂਦੀ ਹੈ, ਜਿਸ ਕਰਕੇ ਉਸ ਪ੍ਰਾਣੀ ਦੇ ਆਸਾ, ਮਨਸਾ, ਤ੍ਰਿਸ਼ਨਾ ਵਾਸ਼ਨਾਵਾਂ ਦੇ ਜਾਲ ਕਟੇ ਜਾਂਦੇ ਹਨ। ਸੰਸਾਰਕ ਮੋਹ ਮਾਇਆਵੀ ਜਾਲ ਦੇ ਰਿਸ਼ਤੇ ਓਪਰੇ ਓਪਰੇ ਲਗਣ ਕਰਕੇ, ਅੰਤਰੀਵੀ ਸੱਚਾ ਰਿਸ਼ਤਾ ਸਤਿਗੁਰਾਂ ਨਾਲ ਜੁੜ ਜਾਂਦਾ ਹੈ ਅਤੇ ਆਪਣੇ ਸਤਿਗੁਰਾਂ ਨਾਲ ਅਥਾਹ ਪਿਆਰ ਜਾਗ ਪੈਂਦਾ ਹੈ। ਤਾਹੀਂ ਤਾਂ ਗੁਰਸਿਖ ਆਪਣਾ ਤਨ ਮਨ ਧਨ ਤੇ ਸਰਬੰਸ ਗੁਰੂ ਤੋਂ ਕੁਰਬਾਨ ਕਰਨੋਂ ਭੀ ਸੰਕੋਚ ਨਹੀਂ ਕਰਦਾ। ਗੁਰੂ ਰਾਮਦਾਸ ਜੀ ਨੇ ਗੁਰੂ ਤੇ ਸਿਖ ਦੀ ਇਸ ਪ੍ਰੀਤ ਦਾ ਨਕਸ਼ਾ ਇਉਂ ਖਿਚਿਆ ਹੈ—

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ, ਹਉ ਤਿਸੁ ਪਹਿ ਆਪੁ ਵੇਚਾਈ॥੧॥......
ਜੇ ਸੁਖੁ ਦੇਹਿ ਤ ਤੁਝਹਿ ਅਰਾਧੀ, ਦੁਖਿ ਭੀ ਤੁਝੈ ਧਿਆਈ॥੨॥
ਜੇ ਭੁਖ ਦੇਹਿ ਤ ਇਤ ਹੀ ਰਾਜਾ, ਦੁਖ ਵਿਚਿ ਸੂਖ ਮਨਾਈ॥੩॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ, ਵਿਚਿ ਅਗਨੀ ਆਪੁ ਜਲਾਈ॥੪॥
ਪਖਾ ਫੇਰੀ ਪਾਣੀ ਢੋਵਾਂ, ਜੋ ਦੇਵਹਿ ਸੋ ਖਾਈ॥੫॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ, ਹਰਿ ਮੇਲਿ ਲੇਹੁ ਵਡਿਆਈ॥੬॥

ਅਤੇ ਫਿਰ ਗੁਰੂ ਪਾਤਸ਼ਾਹ ਇਸ ਪ੍ਰੀਤ ਨੂੰ ਹੋਰ ਅਗਾਂਹ ਤੋਰਦੇ ਹੋਏ ਫੁਰਮਾਂਦੇ ਹਨ—


www.AKJ.Org

ਅਖੀ ਕਾਢਿ ਧਰੀ ਚਰਣਾ ਤਲਿ, ਸਭ ਧਰਤੀ ਫਿਰਿ ਮਤ ਪਾਈ ॥੭॥
ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ, ਜੇ ਮਾਰਿ ਕਢਹਿ ਭੀ ਧਿਆਈ ॥੮॥
ਜੇ ਲੋਕੁ ਸਲਾਹੇ ਤਾ ਤੇਰੀ ਉਪਮਾ, ਜੇ ਨਿੰਦੈ ਤ ਛੋਡਿ ਨ ਜਾਈ ॥੯॥
ਜੇ ਤੁਧੁ ਵਲਿ ਰਹੈ ਤਾ ਕੋਈ ਕਿਹੁ ਆਖਉ, ਤੁਧੁ ਵਿਸਰਿਐ ਮਰਿ ਜਾਈ ॥੧੦॥
ਵਾਰਿ ਵਾਰਿ ਜਾਈ ਗੁਰ ਊਪਰਿ, ਪੈ ਪੈਰੀ ਸੰਤ ਮਨਾਈ ॥੧੧॥
ਨਾਨਕੁ ਵਿਚਾਰਾ ਭਇਆ ਦਿਵਾਨਾ, ਹਰਿ ਤਉ ਦਰਸਨ ਕੈ ਤਾਈ ॥੧੨॥ (੭੫੭)

ਇਸੇ ਪ੍ਰੀਤਿ ਦਾ ਸਦਕਾ ਹੀ ਸਿਖ ਬੜੇ ਬੜੇ ਬਿਕਰਾਲ ਕਸ਼ਟਾਂ, ਸਰੀਰਕ ਔਕੜਾਂ, ਬਿਪਤਾਵਾਂ ਸਮੇਂ ਵੀ ਅਡੋਲ ਰਹਿੰਦਾ ਹੈ ਅਤੇ ਆਪਣੀ ਪ੍ਰੀਤਿ ਨੂੰ ਇਉਂ ਪਾਲਦਾ ਹੈ—

ਝਖੜੁ ਝਾਗੀ ਮੀਹੁ ਵਰਸੈ, ਭੀ ਗੁਰੁ ਦੇਖਣ ਜਾਈ ॥੧੩॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ, ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪॥
ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ, ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥੧੫॥
ਜਿਉ ਧਰਤੀ ਸੋਭ ਕਰੇ ਜਲੁ ਬਰਸੈ, ਤਿਉ ਸਿਖ ਗੁਰ ਮਿਲਿ ਬਿਗਸਾਈ ॥੧੬॥
[ਸੂਹੀ ਅਸ: ਮ: ੪, ਪੰਨਾ ੭੫੭-੫੮

ਸੰਸਾਰਕ ਖ਼ੁਦਗਰਜ਼ਾਂ ਦੀਆਂ ਕੱਚੀਆਂ ਪਿਲੀਆਂ ਪ੍ਰੀਤਾਂ ਥਿੜਕ ਜਾਂਦੀਆਂ ਹਨ, ਬਿਪਤ ਪਈ ਤੇ ਮਾਂ ਪੁਤ, ਪਤੀ ਪਤਨੀ, ਭੈਣ ਭਰਾ, ਅੰਗ ਸਾਕ ਸਾਰੇ ਸੰਸਾਰਕ ਰਿਸ਼ਤੇ ਪਿਠ ਦੇ ਜਾਂਦੇ ਹਨ। ਪਰ ਗੁਰੂ ਤੇ ਸਿਖ ਦੀ ਪ੍ਰੀਤ ਦਿਨ-ਬਦਿਨ ਪੀਡੀ ਹੁੰਦੀ ਜਾਂਦੀ ਹੈ। ਗੁਰੂ ਆਪਣੇ ਬਿਰਦ ਬਾਣੇ ਦੀ ਲਾਜ ਪਾਲਦਾ ਹੈ, ਆਪਣੇ ਸਿਖ ਦੀ ਫੜੀ ਹੋਈ ਬਾਂਹ ਕਦੇ ਨਹੀਂ ਛਡਦਾ ਅਤੇ ਆਪਣੇ ਸਿਖ ਨੂੰ ਡਿਗਣ ਡੋਲਣ ਤੋਂ ਬਚਾਂਦਾ ਹੈ। ਇਹੋ ਤਾਂ ਉਸ ਦੀ ਆਪਣੇ ਗੁਰਸਿਖ ਤੇ ਬਖ਼ਸ਼ਸ਼ ਹੈ, ਇਸੇ ਮਾਣ ਤਾਣ ਤੇ ਹੀ ਸਿਖ ਪੁਕਾਰ ਪੁਕਾਰ ਕੇ ਗਾਂਦਾ ਹੈ—

ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥
ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥ ੭॥ (੧੦੯੬)

ਸਤਿਗੁਰੂ ਦੀਆਂ ਇਨ੍ਹਾਂ ਬੇਅੰਤ ਬਖ਼ਸ਼ਸ਼ਾਂ ਦਾ ਸਦਕਾ ਹੀ, ਸਿਖ ਭਿਆਨਕ ਔਕੜਾਂ ਸਮੇਂ ਵੀ ਨਹੀਂ ਡੋਲਦਾ। ਦੂਜੇ ਪਾਸੇ ਸਿਖ ਦੇ ਸਾਹਮਣੇ ਸਤਿਗੁਰਾਂ ਵਲੋਂ ਪਾਏ ਪੂਰਨੇ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਸ਼ਹੀਦੀਆਂ, ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਦੀਆਂ ਸ਼ਹੀਦੀਆਂ ਅਤੇ ਉਪਰੰਤ ਹੋਰ ਬੇਅੰਤ ਸ਼ਹੀਦਾਂ ਦਾ ਬਹੁਤ ਦਰਦ-ਭਰਿਆ ਤੇ ਅਮੁਕ ਇਤਿਹਾਸ ਹੈ, ਜੋ ਕਿ ਸਿਖ ਨੂੰ ਹਰ ਸਮੇਂ ਹਰ ਔਕੜ ਵਿਚ ਚੜ੍ਹਦੀ ਕਲਾ ਵਿਚ ਵਿਚਰਨ ਦੀ ਪ੍ਰੇਰਨਾ ਦੇਂਦਾ ਹੈ ਅਤੇ ਕਦੇ ਵੀ ਡੋਲਣ ਨਹੀਂ ਦਿੰਦਾ।

ਗੁਰੂ ਚਰਨਾਂ ਦੀ ਪ੍ਰੀਤ ਸਦਕਾ ਸਿਖਾਂ ਨੂੰ ਗਰੀਬੀ ਵਿਚ ਵਿਚਰਨ ਦਾ ਹੀ ਅਨੰਦ ਸੀ, ਜਿਸ ਸਦਕਾ ਘੋੜਿਆਂ ਦੀ ਲਿੱਦ ਹੂੰਝਣੀ ਪਿਆਰੀ ਲਗੀ ਅਤੇ ਸ਼ਹਿਨਸ਼ਾਹੀ ਜਗੀਰਾਂ ਤੇ ਨਵਾਬੀਆਂ ਨੂੰ ਲੱਤ ਮਾਰ ਦਿਤੀ। ਮਹਿਲ ਮਾੜੀਆਂ ਦੇ ਸੁਖਦਾਈ ਵਸੇਬੇ ਤਿਆਗ ਕੇ ਜੰਗਲਾਂ ਬੇਲਿਆਂ ਵਿਚ ਵਿਚਰਨਾ ਪਰਵਾਨ ਕੀਤਾ, ਜਿਥੇ ਮੁਠੀ ਮੁਠੀ ਛੋਲਿਆਂ ਤੇ ਗੁਜਰਾਨ ਕੀਤੀ। ਸਤਿਗੁਰਾਂ ਵਲੋਂ ਗਰੀਬੀ ਵਿਚ ਵਿਚਰਨ ਵਾਲੇ ਖਾਲਸੇ ਨੂੰ ਨੌਧਿਨੀ ਨਾਮ ਦਾ ਬਖਸ਼ਿਆ ਹੋਇਆ ਸਰੂਰ ਤੇ ਆਤਮਿਕ ਅਨੰਦ ਸੰਸਾਰਕ ਪਾਤਸ਼ਾਹੀਆਂ ਦੇ ਐਸ਼ਵਰਜਾਂ ਤੇ ਮਾਇਕ ਅਡੰਬਰਾਂ ਦੇ ਸੁਖਾਂ ਤੋਂ ਕਿਤੇ ਵਧ ਪਿਆਰਾ ਅਤੇ ਸੁਖਦਾਈ ਹੁੰਦਾ ਹੈ। ਸਿਖ ਮਾਨਸਕਿਤਾ ਦੀ ਇਸੇ ਬਚਿਤਰ ਤਸਵੀਰ ਨੂੰ ਮੁਗਲ ਹਕੂਮਤ ਅਤੇ ਅਬਦਾਲੀ ਜਿਹੇ ਹੁਕਮਰਾਨ ਨਹੀਂ ਸਨ ਸਮਝ ਸਕੇ। ਅਜ ਵੀ ਹੁਕਮਰਾਨ ਜਮਾਤ ਨੂੰ ਇਹੋ ਗੱਲ ਸਮਝ ਨਹੀਂ ਆ ਰਹੀ, ਜਿਸ ਕਰਕੇ ਦੁਖਾਂਤ ਤੇ ਦੁਖਾਂਤ ਵਰਤ ਰਹੇ ਹਨ। ਅਜ ਦੀ ਦੁਨੀਆ ਨੂੰ ਸਿਖ ਦੀ ਜੇ ਇਸ ਮਾਨਸਕਿਤਾ ਦੀ ਸਮਝ ਆ ਜਾਵੇ ਤਾਂ ਸਾਰੇ ਸੰਸਾਰ ਵਿਚ ਸੁਖ ਸ਼ਾਂਤੀ ਵਰਤ ਸਕਦੀ ਹੈ। ਨਹੀਂ ਤਾਂ ਸਾਰਾ ਸੰਸਾਰ ਹਉਮੈ ਗ੍ਰਸਿਆ ਸੜ ਬਲ ਰਿਹਾ ਹੈ।


www.AKJ.Org

# ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ (੨)

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਬਹੁਤ ਸਾਰੇ ਸੱਜਣ ਸੁਖ-ਰਹਿਣੀ ਰਹਿਤ ਦੇ ਗਿੱਝੇ ਹੋਏ ਸ੍ਰੀ ਦਸਮੇਸ਼ ਜੀ ਦੀ ਦਰਸਾਈ ਅਤੇ ਦ੍ਰਿੜ੍ਹਾਈ ਤੱਤ ਗੁਰਮਤਿ ਦੇ ਉਲਟ ਇਹ ਅਨੁਮਾਨ ਲਾਉਣ ਲਗ ਪੈਂਦੇ ਹਨ ਕਿ ਉੱਪਰ ਦਿੱਤੇ ਅਨਵਾਨ ਵਾਲਾ ਸਾਰਾ ਗੁਰਵਾਕ ਉਨ੍ਹਾਂ ਦੇ ਖ਼ਿਆਲ ਅਨੁਸਾਰ ਨੀਵੀਂ ਘਟਨਾ ਉੱਪਰ ਘਟਦਾ ਹੈ। ਉਹ ਇਸ ਨੀਵੀਂ ਘਟਨਾ ਅਨੁਸਾਰ ਦੇਹੁਰੇ ਅਤੇ ਮਸੀਤ ਵਿਚ ਜਾਣ ਨੂੰ ਇਕਸਾਰ ਹੀ ਸਮਝ ਲੈਂਦੇ ਹਨ, ਹਾਲਾਂ ਕਿ ਸ੍ਰੀ ਦਸਮੇਸ਼ ਜੀ ਦਾ ਗੁਰਮਤਿ ਤੱਤ ਭਾਵ ਐਨ ਇਸ ਦੇ ਉਲਟ ਹੈ।

ਕਸੂਤੀ ਗੇਹੜ ਦੇ ਗਿੱਝੇ ਹੋਏ ਪੁਰਸ਼ ਇਹ ਅਨੁਮਾਨ ਲਾ ਬੈਠਦੇ ਹਨ ਕਿ ਬੇਸ਼ਕ ਕੋਈ ਦੇਹੁਰਾ ਮਸੀਤ ਆਦਿਕ ਕੁਸੰਗ ਅਸਥਾਨਾਂ ਵਿਖੇ ਭਰਮਦਾ ਫਿਰੇ, ਉਸ ਨੂੰ ਅਜਿਹੇ ਭ੍ਰਮਣ ਕਰਮ ਦਾ ਕੋਈ ਲੇਸ ਨਹੀਂ ਲਗਦਾ। ਹਾਲਾਂਕਿ ਸ੍ਰੀ ਗੁਰੂ ਦਸਮੇਸ਼ ਪਾਤਸ਼ਾਹ ਏਸੇ ਤੱਤ ਗੁਰਮਤਿ ਭਿੰਨੇ ਗੁਰਵਾਕ ਅਨੁਸਾਰ ਇਨ੍ਹਾਂ ਆਨਮਤੀ ਕੁਸੰਗ-ਮੰਡਲਾਂ ਵਿਚ ਜਾਣਾ ਜ਼ਾਹਰਾ ਤੌਰ ਤੇ ਰੋਕਦੇ ਹਨ ਅਤੇ ਸਪੱਸ਼ਟ ਤੌਰ ਤੇ ਵਰਜਦੇ ਹਨ ਕਿ ਇਨ੍ਹਾਂ ਕੁਸੰਗ-ਮਈ ਗਿੜਾਵਿਆਂ ਵਿਚ ਹਰਗਿਜ਼ ਨ ਪਵੋ।

ਸ੍ਰੀ ਦਸਮੇਸ਼ ਪਾਤਸ਼ਾਹ ਨੂੰ ਹਰਗਿਜ਼ ਇਹ ਗੱਲ ਮਨਜ਼ੂਰ ਨਹੀਂ ਕਿ ਉਨ੍ਹਾਂ ਦੇ ਤੱਤ-ਗੁਰਮਤੀ-ਗੁਰਸਿੱਖ ਐਵੇਂ ਆਵਾਗੌਨ ਹੀ ਇਹਨਾਂ ਆਨਮਤੀ ਅਸਥਾਨਾਂ ਤੇ ਭਰਮਦੇ ਭਟਕਦੇ ਫਿਰਨ। ਜੇਕਰ ਐਸਾ ਹੀ ਹੁੰਦਾ ਤਾਂ ਸ੍ਰੀ ਦਸਮੇਸ਼ ਜੀ ਬਚਿੱਤਰ ਨਾਟਕ ਸ੍ਰੀ ਮੁਖਵਾਕ ਬਾਣੀ ਦੇ ਛੇਵੇਂ ਅਧਿਆਇ ਵਿਚ ਆਨਮਤੀ ਪੂਜਾ ਤੋਂ ਆਪਣੇ ਗੁਰਸਿਖਾਂ ਨੂੰ ਕਦੇ ਨਾ ਵਰਜਦੇ। ਜੈਸਾ ਕਿ "ਕਿਸ਼ਨ ਬਿਸ਼ਨ" ਆਦਿਕ ਸਾਰੇ ਦੇਵਤਿਆਂ ਅਤੇ ਮੁਹੰਮਦ ਆਦਿਕ ਪੈਗੰਬਰਾਂ ਨੂੰ ਬਣਾ ਕੇ ਸੋਧਿਆ ਹੈ, ਜੋ ਇਨ੍ਹਾਂ ਵਾਕਾਂ ਤੋਂ ਪ੍ਰਸਿੱਧ ਹੈ :—

ਮਹਾਂਦੇਵ ਅਚੁੱਤ ਕਹਾਯੋ ॥ ਬਿਸ਼ਨ ਆਪ ਹੀ ਕੋ ਠਹਿਰਾਯੋ ॥
ਬ੍ਰਹਮਾ ਆਪ ਪਾਰਬ੍ਰਹਮੁ ਬਖਾਨਾ ॥ ਪ੍ਰਭ ਕੋ ਪ੍ਰਭੂ ਨ ਕਿਨਹੂ ਜਾਨਾ ॥੮॥
ਤਥਾ:— ਜੋ ਕੋਈ ਹੋਤ ਭਯੋ ਜਗਿ ਸਿਆਨਾ ॥ ਤਿਨ ਤਿਨ ਅਪਨੋ ਪੰਥੁ ਚਲਾਨਾ ॥੧੪॥
ਪਰਮ ਪੁਰਖ ਕਿਨਹੂ ਨਹ ਪਾਯੋ ॥ ਬੈਰ ਬਾਦ ਅਹੰਕਾਰ ਬਢਾਯੋ...॥੧੫॥
ਤਥਾ:— ਜਿਨ ਜਿਨ ਤਨਕ ਸਿੱਧ ਕੋ ਪਾਯੋ ॥ ਤਿਨ ਤਿਨ ਅਪਨਾ ਰਾਹੁ ਚਲਾਯੋ ॥
ਪਰਮੇਸਰ ਨ ਕਿਨਹੂ ਪਹਿਚਾਨਾ ॥ ਮਮ ਉਚਾਰ ਤੇ ਭਯੋ ਦਿਵਾਨਾ ॥੧੬॥
ਪੁਨਾ :— ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ ॥ ਤਿਨਿ ਤਿਨਿ ਕ੍ਰਿਆ ਬ੍ਰਹਮ ਤਿਆਗੀ ॥
ਜਿਨ ਮਨ ਹਰਿ ਚਰਨਨ ਠਹਿਰਾਯੋ ॥ ਸੋ ਸਿੰਮ੍ਰਿਤਨ ਕੇ ਰਾਹ ਨ ਆਯੋ ॥੧੮॥
ਬ੍ਰਹਮਾ ਚਾਰੇ ਹੀ ਬੇਦ ਬਨਾਏ ॥ ਸਰਬ ਲੋਕ ਤਿਹ ਕਰਮ ਚਲਾਏ ॥
ਜਿਨ ਕੀ ਲਿਵ ਹਰਿ ਚਰਨਨ ਲਾਗੀ ॥ ਤੇ ਬੇਦਨ ਤੇ ਭਏ ਤਿਆਗੀ ॥੧੯॥
ਪੁਨਾ:— ਮਹਾਦੀਨ ਤਬ ਪ੍ਰਭ ਉਪਰਾਜਾ ॥ ਅਰਬ ਦੇਸ ਕੋ ਕੀਨੋ ਰਾਜਾ ॥੨੬॥
ਤਿਨ ਹੀ ਏਕ ਪੰਥ ਉਪਰਾਜਾ ॥ ਲਿੰਗ ਬਿਨਾ ਕੀਨੇ ਸਭ ਰਾਜਾ ॥
ਸਭ ਤੇ ਅਪਨਾ ਨਾਮੁ ਜਪਾਯੋ ॥ ਸਤਿਨਾਮੁ ਕਾਹੂ ਨ ਦ੍ਰਿੜਾਯੋ ॥੨੭॥
ਸਬ ਅਪਨੀ ਅਪਨੀ ਉਰਝਾਨਾ ॥ ਪਾਰਬ੍ਰਹਮ ਕਾਹੂ ਨਾ ਪਛਾਨਾ...॥੨੮॥

ਬਚਿਤ੍ਰ ਨਾਟਕ, ਅਧਿਆਇ ੬

ਜਦੋਂ ਸ੍ਰੀ ਦਸਮੇਸ਼ ਮੁਖਵਾਕ ਸਪੱਸ਼ਟ ਤੌਰ ਤੇ ਇਉਂ ਦ੍ਰਿੜ੍ਹਾਉਂਦੇ ਹਨ ਕਿ ਉਪਰ ਦੱਸੇ ਅਨੁਸਾਰ ਬੇਦ ਕਤੇਬੀ ਕ੍ਰਿਆ ਸਭ ਖੰਡਨ ਰੂਪ ਹੈ, ਤਾਂ ਫੇਰ ਇਹ ਕਦੋਂ ਹੋ ਸਕਦਾ ਹੈ ਕਿ "ਮਾਨਸ ਕੀ ਜਾਤ ਸਬੈ ਏਕੈ



www.AKJ.Org

ਪਹਿਚਾਨਬੋ'' ਵਾਲੇ ਓਸੇ ਸ੍ਰੀ ਦਸਮੇਸ਼ ਮੁਖਵਾਕ ਵਿਖੇ ਦੇਹੁਰਾ ਤੇ ਮਸੀਤ ਆਦਿਕ ਆਨਮਤ ਅਸਥਾਨਾਂ ਦੀ ਪੂਜਾ ਪ੍ਰਤਿਪਾਦਨ ਕੀਤੀ ਗਈ ਹੋਵੇ।

ਅਸਲ ਬਾਤ ਇਹ ਹੈ ਕਿ ਸ੍ਰੀ ਦਸਮੇਸ਼ ਜੀ ਨੇ ਇਸ ਸ੍ਰੀ ਮੁਖਵਾਕ ਦੁਆਰਾ ਸਪੱਸ਼ਟ ਤੌਰ ਤੇ ਇਹ ਸਿੱਧ ਕੀਤਾ ਹੈ ਕਿ ਹਰ ਪ੍ਰਾਣੀ ਮਾਤ੍ਰ ਜਿਸ ਜਿਸ ਮੱਤ-ਮਤਾਂਤਰ ਵਿਖੇ ਹੈ, ਸਭ ਕੋਈ ਗੁਰ-ਉਪਦੇਸ਼ ਦਾ ਅਧਿਕਾਰੀ ਹੈ। ਜੈਸਾ ਕਿ ਇਸ ਗੁਰਵਾਕ ਤੋਂ ਭੀ ਸਿੱਧ ਹੈ :—

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥੩॥੫੦॥

ਸੂਹੀ ਮ: ੫, ਪੰਨਾ ੭੪੭-੪੮

ਤੱਤ ਭਾਵ ਸ੍ਰੀ ਦਸਮੇਸ਼ ਜੀ ਦੇ ਉੱਪਰ ਦੱਸੇ ਮੁਖਵਾਕਾਂ ਦਾ ਭੀ ਇਹੀ ਹੈ ਕਿ ਗੁਰਮਤਿ ਅੰਦਰ "ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ"* ਵਾਲੀ ਹੀ ਘਟਨਾ ਘਟਾਈ ਗਈ ਹੈ। ਇਹਨਾਂ ਸ੍ਰੀ ਦਸਮੇਸ਼ ਮੁਖਵਾਕਾਂ ਦਾ ਇਹ ਭਾਵ ਹਰਗਿਜ਼ ਨਹੀਂ, ਜੈਸਾ ਕਿ ਆਨਮਤ-ਗ੍ਰਸੇ ਢਿੱਲੜ ਪੁਰਸ਼ ਲਿਆ ਕਰਦੇ ਹਨ ਕਿ ਮਨੁੱਖ ਮਾਤ੍ਰ ਦੀ ਜਾਤੀ ਜਿੱਥੇ ਭੀ ਖੜੋਤੀ ਹੈ, ਉੱਥੇ ਹੀ ਉਸ ਦੀ ਮੁਕਤ ਹੈ, ਚਾਹੇ ਕਿਸੇ ਵੀ ਮੱਤ-ਮਤਾਂਤਰ ਵਿਖੇ ਕਿਉਂ ਨਾ ਹੋਵੇ। ਸ੍ਰੀ ਗੁਰੂ ਦਸਮੇਸ਼ ਜੀ ਦਾ ਇਨ੍ਹਾਂ ਉੱਪਰ ਦੱਸੇ ਵਾਕਾਂ ਅਨੁਸਾਰ ਇਹ ਭਾਵ ਉੱਕਾ ਹੀ ਨਹੀਂ ਕਿ ਬਿਨਾਂ ਅੰਮ੍ਰਿਤ ਛਕਾਏ ਦੇ ਹਰ ਕੋਈ ਮਤ-ਮਤਾਂਤਰ, ਪ੍ਰਾਣੀ ਮਾਤ੍ਰ ਗੁਰਮਤਿ ਦ੍ਰਿੜ੍ਹਾਈ ਮੋਖ ਨੂੰ ਪ੍ਰਾਪਤ ਹੋ ਸਕਦਾ ਹੈ।

ਜੋ ਜਨ ਡਰਪੋਕ ਹਨ ਅਤੇ ਬਣੇ ਬਣਾਤੇ ਮੋਮਨ ਬਣਨਾ ਚਾਹੁੰਦੇ ਹਨ, ਉਹ ਪੁਰਸ਼ ਐਸਾ ਭਾਵ ਇਨ੍ਹਾਂ ਗੁਰਵਾਕਾਂ ਦੀ ਰੋਸ਼ਨੀ ਵਿਚੋਂ ਕੱਢ ਲਿਆ ਕਰਦੇ ਹਨ ਕਿ ਹਰੇਕ ਮੱਤ ਅੰਦਰ ਹੁੰਦਿਆਂ ਹੋਇਆਂ ਹਰ ਪ੍ਰਾਣੀ ਨੂੰ ਕਲਿਆਣ-ਗਤੀ ਪ੍ਰਾਪਤ ਹੋ ਸਕਦੀ ਹੈ। ਤਿਨ੍ਹਾਂ ਭੱਦਰ ਪੁਰਸ਼ਾਂ ਨੂੰ ਇਹ ਗੱਲ ਨਿਸਚੇ ਹੀ ਨਹੀਂ ਕਿ ਬਿਨਾਂ ਗੁਰਮਤਿ ਦੀ ਸੱਚੀ ਰੋਸ਼ਨੀ (Light) ਦੇ ਗ੍ਰਹਿਣ ਕੀਤੇ ਦੇ (ਜੋ ਗੁਰੂ ਘਰ ਤੋਂ ਅੰਮ੍ਰਿਤ ਛਕੇ ਤੇ ਹੀ ਪ੍ਰਾਪਤ ਹੋ ਸਕਦੀ ਹੈ) ਕਿਵੇਂ ਕੋਈ ਪੁਰਸ਼ ਸੱਚੜੀ ਮੋਖ ਨੂੰ ਪ੍ਰਾਪਤ ਹੋ ਸਕਦਾ ਹੈ। ਏਸੇ ਬਿਧਿ ਅਕਸਰ ਰਾਗੀ ਅਤੇ ਉਪਦੇਸ਼ਕ, ਜੋ ਗੁਰੂ ਘਰ ਦੇ ਸ਼ਰਧਾਲੂ ਸਦਾਉਂਦੇ ਹਨ, ਅਕਸਰ ਇਹੀ ਤਾਤਪਰਜ ਲੈ ਕੇ, ਏਸੇ ਪ੍ਰਕਾਰ ਦੇ ਸ੍ਰੀ ਦਸਮੇਸ਼-ਬਚਨਾਂ ਨੂੰ ਉਚਾਰਿਆ ਕਰਦੇ ਹਨ, ਜਿਨ੍ਹਾਂ ਤੋਂ ਆਮ ਲੋਕਾਂ ਨੂੰ ਇਹੀ ਟਪਲਾ ਲੱਗੇ ਕਿ ਹਰ ਕੋਈ ਆਪੋ ਆਪਣੇ ਮੱਤ ਅਨੁਸਾਰ ਨਿਸਤਰ ਸਕਦਾ ਹੈ, ਹਾਲਾਂਕਿ ਸ੍ਰੀ ਦਸਮੇਸ਼-ਵਾਕਾਂ ਦੀ ਕਦਰ ਕੀਮਤ ਐਨ ਪਹਿਲੀਆਂ ਪਾਤਸ਼ਾਹੀਆਂ ਦੇ ਗੁਰਵਾਕਾਂ ਅਨੁਸਾਰ ਹੈ। ਸ੍ਰੀ ਦਸਮੇਸ਼ ਜੀ ਦੇ ਉਚਰੇ ਹੋਏ ਸ੍ਰੀ ਮੁਖਵਾਕਾਂ ਵਿਖੇ ਦੁਚਿਤਾਈ ਅਤੇ ਭਿੰਨ ਭਿੰਨ ਭਾਵ ਭੇਤਤਾਈ ਨਹੀਂ ਹੋ ਸਕਦੀ। ਉੱਪਰ ਦੱਸੀ ਵਿਆਖਿਆ ਅਨੁਸਾਰ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਸ੍ਰਦਰਸ ਸਾਰੇ ਸ੍ਰੀ ਦਸਮੇਸ਼ ਮੁਖਵਾਕਾਂ ਦਾ ਇਹ ਹੀ ਭਾਵ ਹੈ ਜੈਸਾ ਕਿ ਉੱਪਰ ਦਰਸਾਇਆ ਗਿਆ ਹੈ। ਗੁਰੂ ਘਰ ਦੇ ਰਾਗੀ ਅਤੇ ਉਪਦੇਸ਼ਕ ਕਹਾਉਣ ਵਾਲੇ, ਸੁਖ ਰਹਿਣੀਏ ਸਜਨ ਕੇਵਲ ਆਪਣੇ ਮਨ ਦੀ ਨੀਵੀਂ ਦਸ਼ਾ ਹੀ ਪ੍ਰਗਟਾਉਂਦੇ ਹਨ, ਜਦੋਂ ਕਿ ਇਸ ਪ੍ਰਕਾਰ ਦਸਦੇ ਹਨ ਕਿ ਹਰੇਕ ਮੱਤ-ਮਤਾਂਤਰ ਦਾ ਪ੍ਰਾਣੀ ਆਪੋ ਆਪਣੇ ਥਾਉਂ ਖਲੋਤਾ ਤੱਤ ਮੋਖਸ਼ ਨੂੰ ਪ੍ਰਾਪਤ ਹੋ ਸਕਦਾ ਹੈ।

ਗੁਰਮਤਿ ਭਾਵ ਐਸੇ ਗੂੜ੍ਹ ਹਨ ਕਿ ਉਨ੍ਹਾਂ ਦੀ ਤੱਤ ਸਮ-ਦਰਸਤਾ ਘਟਾਉਣੀ ਬੜੀ ਔਖੀ ਹੋ ਜਾਂਦੀ ਹੈ; ਪ੍ਰੰਤੂ ਸ੍ਰੀ ਦਸਮੇਸ਼ ਜੀ ਦੇ ਮਹਾਂ ਸ੍ਰੀ ਮੁਖਵਾਕ ਖ਼ੂਬ ਤੱਤ ਨਿਰਣਾ ਕਰ ਦਿੰਦੇ ਹਨ। ਕਈ ਭੱਦਰ ਪੁਰਸ਼ ਸ੍ਰੀ ਗੁਰੂ ਨਾਨਕ ਸਾਹਿਬ ਪਹਿਲੀ ਪਾਤਸ਼ਾਹੀ ਦੇ ਏਸ ਗੁਰਵਾਕ ਦਾ ਬੜੀ ਉਲਟੀ ਦਸ਼ਾ ਵਿਚ ਭਾਵਾਰਥ ਕਰਦੇ ਹਨ। ਯਥਾ:—

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ...੧॥ (੧੦)

ਸਲੋਕ ਮ: ੩, ਵਾਰ ਬਿਲਾਵਲ, ਪੰਨਾ ੮੫੩

*ਮਾਝ ਮ: ੫, ॥੩॥ (੪॥੨॥੯) ਪੰਨਾ ੯੭



www.AKJ.Org

ਏਸ ਦਾ ਭਾਵ ਉਹ ਪੁਰਸ਼ ਇਉਂ ਲੈ ਲੈਂਦੇ ਹਨ ਕਿ ਗੁਰੂ ਸਾਹਿਬ ਨੇ ਸਾਫ਼ ਦਰਸਾਇਆ ਤੇ ਦ੍ਰਿੜ੍ਹਾਇਆ ਹੈ ਕਿ ਉਧਰਨ ਦੇ ਦੁਆਰ ਅਨੇਕ ਹਨ । ਦੇਖੋ ਗੁਰੂ ਸਾਹਿਬ ਜੀ ਲਿਖਦੇ ਹਨ ਕਿ "ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ ॥" ਓਹ ਲੋਕ ਸਮਝਦੇ ਹਨ ਕਿ ਇਸ ਗੁਰਵਾਕ ਦੁਆਰਾ ਸ੍ਰੀ ਗੁਰੂ ਸਾਹਿਬ ਨੇ ਖੁਲ੍ਹ ਦਿੱਤੀ ਹੈ ਕਿ ਗੁਰਮਤਿ ਨੂੰ ਛੱਡ ਕੇ ਹੋਰ ਦੁਆਰੇ ਭੀ ਸਹੇੜੇ ਜਾ ਸਕਦੇ ਹਨ, ਪ੍ਰੰਤੂ ਉਨ੍ਹਾਂ ਨੂੰ ਇਹ ਸੂਝ ਬੂਝ ਨਹੀਂ ਕਿ ਇਸ ਗੁਰਵਾਕ ਦਾ ਤੱਤ ਭਾਵ ਕੀ ਹੈ ?

ਸ੍ਰੀ ਗੁਰੂ ਸਾਹਿਬ ਜੀ ਦਾ ਦਰਸਾਇਆ ਦੁਆਰਾ ਇੱਕੋ ਹੀ ਹੈ, ਅਨੇਕ ਨਹੀਂ। ਗੁਰਮਤਿ ਦੁਆਰੇ ਜੋ ਗੁਰਮੁਖਿ ਜਗਿਆਸੂ ਦੇ ਗ੍ਰਹਿਣ ਕਰਨ ਜੋਗ ਹਨ, ਓਹ ਏਸੇ ਗੁਰਵਾਕ ਦੇ ਭਾਵ ਅਨੁਸਾਰ ਅਨੇਕ ਨਹੀਂ। ਗੁਰਮਤਿ ਅਨੁਸਾਰ ਗੁਰੂ ਦਾ ਭਾਣਾ ਮਿੱਠਾ ਕਰਕੇ ਮੰਨਣਾ ਭੀ ਇਕ ਵਸੀਲਾ (ਦੁਆਰਾ) ਹੈ, ਵਾਹਿਗੁਰੂ ਦੇ ਪਾਉਣ ਦਾ। ਗੁਰਸਿੱਖਾਂ ਦੀ ਸੇਵਾ ਕਰਨੀ ਭੀ ਇੱਕ ਜ਼ਰੀਆ (ਦੁਆਰਾ) ਹੈ, ਵਾਹਿਗੁਰੂ-ਪ੍ਰਾਪਤੀ ਦਾ। ਪ੍ਰੰਤੂ ਦਰਅਸਲ ਗੁਰਮਤਿ ਵਸੀਲਾ (ਦੁਆਰਾ) ਇੱਕ ਹੀ ਹੋਇਆ ਨਾ ਕਿ ਅਨੇਕ ? ਜੇ ਅਨੇਕ ਹੋਰ ਦੁਆਰੇ ਅਨਮਤੀ ਦੁਆਰੇ ਭੀ ਹੁੰਦੇ ਤਾਂ "ਹੋਰ ਦੁਆਰਾ ਕੋਇ ਨ ਸੂਝੈ"* ਭਾਵ ਵਾਲੇ ਵਾਕ ਅੰਕਤ ਕਿਉਂ ਹੁੰਦੇ ਅਤੇ ਸ੍ਰੀ ਗੁਰੂ ਦਸਮੇਸ਼ ਜੀ ਇਉਂ ਉਚਾਰਨ ਕਿਉਂ ਕਰਦੇ "ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ" ? ਜਿਸ ਤੋਂ ਸਾਫ਼ ਸਪੱਸ਼ਟ ਹੈ ਕਿ ਸੱਚੇ ਪਾਤਸ਼ਾਹ ਨੇ ਇੱਕੋ ਅਕਾਲ ਪੁਰਖ ਦਾ ਦੁਆਰਾ ਹੀ ਦਸਿਆ ਹੈ। ਸੋਈ ਗੁਰਮਤਿ ਅਨੁਸਾਰ ਤੱਤ ਦੁਆਰਾ ਹੈ। ਸ੍ਰੀ ਗੁਰੂ ਦਸਮੇਸ਼ ਜੀ ਹੋਰ ਭੀ ਇਸ ਗੱਲ ਨੂੰ ਅੱਗੇ ਚਲ ਕੇ ਸਪੱਸ਼ਟ ਕਰਦੇ ਹਨ:–

ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਖ ਤਰੇ ਨਹੀ ਅਨਯੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥
ਸਿੰਮ੍ਰਿਤਿ ਸਾਸਤ੍ਰ ਬੇਦ ਸਬੈ ਬਹੁ ਭੇਦ ਕਹੈ ਹਮ ਏਕ ਨ ਜਨਯੋ ॥
ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ ॥੮੬੩॥

ਰਾਮਾ ਅਵਤਾਰ, ਦਸਮ ਗ੍ਰੰਥ

ਇਸ ਗੁਰਵਾਕ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਗੁਰਮਤਿ-ਮਾਰਗ, ਬੇਦ ਕਤੇਬੀ ਮੱਤ ਤੋਂ ਉੱਕਾ ਹੀ ਨਿਆਰਾ ਅਤੇ ਵਿਲੱਖਣ ਹੈ। ਏਥੇ ਉਹ ਕੋਈ ਭੀ ਗੁੰਜਾਇਸ਼ ਨਹੀਂ ਬੇਦ ਕਤੇਬ ਰਾਮ ਰਹੀਮ ਦੇ ਪੂਜਣ ਦੀ।

ਕਈ ਮਿਲਗੋਭਾਪਣ ਦੇ ਪੁਜਾਰੀ "ਹਮ ਏਕ ਨਾ ਜਾਨਯੋ" ਵਾਲੀ ਤੁਕ ਦਾ ਅਨੁਵਾਦ ਇਸ ਪ੍ਰਕਾਰ ਭੀ ਕਰ ਲਿਆ ਕਰਦੇ ਹਨ ਅਤੇ ਜਾਣ ਬੁੱਝ ਕੇ ਕਰਦੇ ਹਨ ਕਿ ਗੁਰੂ ਸਾਹਿਬ ਨੇ ਤਾਂ ਜਾਣਿਆ ਹੀ ਨਹੀਂ, ਭਾਵ ਉਨ੍ਹਾਂ ਨੂੰ ਪਤਾ ਕੁਝ ਨਹੀਂ ਸੀ। ਇਹ ਉਨ੍ਹਾਂ ਦੀ ਸਪੱਸ਼ਟ ਭੁੱਲ ਹੈ ਤੇ ਨਿਰਾ ਮੋਮਨਪੁਣਾ ਹੈ। ਸਿਵਾਏ ਗੁਰਮਤਿ ਦੁਆਰੇ ਦੇ ਹੋਰ ਕੋਈ ਭੀ ਦੁਆਰਾ ਨਹੀਂ, ਪ੍ਰਾਣੀਆਂ ਦੇ ਉੱਧਾਰ ਕਰਨ ਲਈ। ਤਾਂ ਤੇ ਇਹ ਗੱਲ ਸਪੱਸ਼ਟ ਸਿੱਧ ਹੋ ਗਈ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਗੁਰਵਾਕ ਦਾ ਭਾਵ ਗੁਰਮਤਿ ਅਨੁਕੂਲ ਤਦੇ ਹੀ ਬਣਦਾ ਹੈ ਜੇਕਰ ਸ੍ਰੀ ਗੁਰੂ ਦਸਮੇਸ਼ ਜੀ ਦੇ ਤੱਤ ਗੁਰਮਤਿ ਆਸ਼ੇ ਨੂੰ ਸਪੱਸ਼ਟ ਤੌਰ ਤੇ ਸਮਝਿਆ ਜਾਵੇ।

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ...॥੧੫॥੮੫॥ ਅਕਾਲ ਉਸਤਤਿ ਪਾ: ੧੦

ਏਸ ਪੰਗਤੀ ਦਾ ਹਰਗਿਜ਼ ਇਹ ਭਾਵ ਨਹੀਂ ਜੈਸਾ ਕਿ ਅਕਸਰ ਮੋਮਨਪੁਣੇ ਦੁਆਰਾ ਸਮਝਿਆ ਜਾਂਦਾ ਹੈ ਕਿ ਮਨੁੱਖ ਦੀ ਜਾਤਿ ਸਭ ਏਕੋ ਹੀ ਹੈ, ਚਾਹੇ ਕੋਈ ਜਤੀ ਬਣਿਆ ਰਹੇ, ਸੰਨਿਆਸੀ ਅਥਵਾ ਜੋਗੀ ਜਾਂ ਬ੍ਰਹਮਚਾਰੀ ਬਣਿਆ ਰਹੇ।

ਆਨਮਤੀ ਜੋਗੀਆਂ, ਸੰਨਿਆਸੀਆਂ, ਬ੍ਰਹਮਚਾਰੀਆਂ ਆਦਿ ਨੂੰ ਸਾਰੇ ਗੁਰੂ ਸਾਹਿਬਾਨ ਨੇ ਚੰਗੀ ਤਰ੍ਹਾਂ ਸੋਧਿਆ ਹੈ। ਤਦ ਅਸੀਂ ਮੋਮਨਾਂ ਦੇ ਕਹੇ ਤੇ ਇਹ ਗੱਲ ਕਿਵੇਂ ਮੰਨ ਲਈਏ ਕਿ ਜੋਗੀ ਜਤੀ ਸੰਨਿਆਸੀ ਸਭ

*ਮਾਰੂ ਸੋਲਹੇ ਮ: ੫, ॥੪॥ (੧੫॥੨॥੭) ਪੰਨਾ ੧੦੭੮


www.AKJ.org

ਆਨਮਤੀਆਂ ਦਾ ਤੱਤ ਗੁਰਮਤਿ ਅਨੁਸਾਰ ਨਿਸਤਾਰਾ ਹੈ। ਬਲਕਿ ਸ੍ਰੀ ਗੁਰੂ ਸਾਹਿਬ ਜੀ ਦਾ ਸਪੱਸ਼ਟ ਭਾਵ ਇਹ ਹੈ ਕਿ ਗੁਰਮਤਿ ਦੁਆਰਾ ਸਾਰੇ ਆਨ-ਮਤੀਆਂ ਲਈ ਖੁਲ੍ਹਾ ਹੈ ਅਤੇ ਅੰਮ੍ਰਿਤ ਛਕਾਏ ਤੇ ਹੀ ਉਨ੍ਹਾਂ ਦਾ ਨਿਸਤਾਰਾ ਹੋਣਾ ਹੈ। ਅਗਲੀ ਤੁਕ, ਜੋ ਇਉਂ ਕਥਨ ਹੈ :—

ਹਿੰਦੂ ਤੁਰਕ ਕੋਊ ਰਾਫ਼ਜੀ ਇਮਾਮ ਸਾਫੀ, ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ...॥੮੫॥

ਅਕਾਲ ਉਸਤਤਿ ਪਾ: ੧੦

ਹਿੰਦੂ ਤੁਰਕ ਸਾਰੇ ਹੀ ਆਨਮਤਿ ਰਾਫ਼ਜ਼ੀ ਇਮਾਮ ਸਾਫ਼ੀ, ਵਾਲੇ ਤੱਤ ਗੁਰਮਤਿ ਅਨੁਸਾਰ ਸੋਧੇ ਬਿਨਾਂ ਕਦੇ ਭੀ ਰਾਹੇ-ਰਾਸਤ ਤੇ ਨਹੀਂ ਆ ਸਕਦੇ। ਸ੍ਰੀ ਗੁਰੂ ਦਸਮੇਸ਼ ਸੱਚੇ ਪਾਤਸ਼ਾਹ ਜੀ ਨੇ ਇਹਨਾਂ ਆਨਮਤੀ ਕੁਸੰਗਤੀਆਂ ਦੀ ਖ਼ੂਬ ਹੀ ਬਣਾ ਕੇ ਸੋਧਣਾ ਕੀਤੀ ਹੈ। ਦੇਖੋ ਇਹਦਾ ਉਲਟਾ ਅਰਥ ਲੈਣ ਵਾਲੇ ਆਪਣੀ ਹੀ ਕਨਿਸ਼ਟ ਬੁਧੀ ਅਨੁਸਾਰ ਹੋਰ ਦਾ ਹੋਰ ਹੀ ਭਾਵ ਬਣਾ ਲੈਂਦੇ ਹਨ। ਜੈਸਾ ਕਿ ਸ੍ਰੀ ਗੁਰੂ ਦਸਮੇਸ਼ ਜੀ ਨੇ :—

ਸ੍ਰਾਵਗ ਸੁਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ ॥
ਸੂਰ ਸੁਰਾਰਦਨ ਸੁੱਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ ॥
ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ ਏਕ ਰਤੀ ਬਿਨੁ ਏਕ ਰਤੀ ਕੇ ॥੧॥੨੧॥

ਅਕਾਲ ਉਸਤਤਿ ਪਾ: ੧੦

ਇਸ ਸ੍ਰੀ ਮੁਖਵਾਕ ਦੁਆਰਾ ਸਪੱਸ਼ਟ ਤੌਰ ਤੇ ਸਾਰੇ ਮੱਤਾਂ ਦੇ ਆਨਮਤੀ ਸਾਧਾਂ ਸੰਤਾਂ ਨੂੰ ਨੀਵਾਂ ਜਣਾਇਆ ਹੈ। ਪ੍ਰੰਤੂ ਮੋਮਨ ਪੁਰਸ਼ ਅਜੇ ਭੀ ਇਸ ਵਾਕ ਦੀ ਦੂਜੀ ਤੁਕ ਦਾ ਇਹ ਅਨਵਾਦ ਕਰਦੇ ਸੰਗਦੇ ਨਹੀਂ ਕਿ ਮਹਾਰਾਜ ਨੇ ਅਨੇਕ ਮੱਤੀਆਂ ਦੇ ਸੰਤਾਂ ਨੂੰ ਇਕੋ ਸ਼੍ਰੇਣੀ ਵਿਚ ਰਖਿਆ ਹੈ ਅਤੇ ਉਹ ਹਰੇਕ ਮੱਤ ਅਨੁਸਾਰ ਹੀ ਨਿਸਤਾਰੇ ਜਾ ਸਕਦੇ ਹਨ। ਇਹ ਰੰਚਕ ਮਾਤ੍ਰ ਭੀ ਨਹੀਂ ਵੀਚਾਰਦੇ ਕਿ ਇਹ ਆਪੇ ਬਣ ਬੈਠੇ ਸ੍ਰੇਵੜੇ ਸਿੱਧ ਸਾਧਿਕ ਆਦਿਕਾਂ ਵਿਚੋਂ ਭੀ ਕੋਈ ਭੀ ਪਖੰਡੀ ਪੁਰਸ਼ ਪ੍ਰਮਾਤਮਾ ਪ੍ਰਾਣਪਤੀ ਨੂੰ ਨਹੀਂ ਪਾ ਸਕਦਾ ਅਤੇ ਨਾ ਹੀ ਕੋਈ ਦੇਖ ਸਕਦਾ ਹੈ। ਵਾਹਿਗੁਰੂ ਦੀ ਸੱਚੀ ਪ੍ਰੀਤੀ ਬਿਨਾਂ, ਇਕ ਰਤੀ ਬਿਨਾਂ ਇਹ ਸਾਰੇ ਮੱਤ-ਮਤਾਂਤਰ ਕਿਸੇ ਕੌਡੀ ਦੇ ਲੇਖੇ ਵੀ ਨਹੀਂ ਪੈਂਦੇ। ਇਹ ਸਾਫ਼ ਸਿੱਟਾ ਗੁਰੂ ਸਾਹਿਬ ਨੇ ਕੱਢ ਦਿੱਤਾ ਹੈ। ਇਸੇ ਪ੍ਰਕਾਰ ਹੀ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲਾ ਸਾਰਾ ਸ੍ਰੀ ਮੁਖਵਾਕ ਤੱਤ ਗੁਰਮਤਿ ਅਨੁਸਾਰ ਵੀਚਾਰ ਲਵੋ ਕਿ ਇਸ ਗੁਰਵਾਕ ਅੰਦਰ ਕਿਤੇ ਭੀ ਆਨਮਤੀ-ਪੂਜਾ, ਕਿਸੇ ਭੀ ਮੱਤ ਦੀ ਨਹੀਂ ਦਰਸਾਈ ਦ੍ਰਿੜ੍ਹਾਈ। ਬਲਕਿ ਸੱਚੇ ਪਾਤਸ਼ਾਹ ਦਾ ਸਾਫ਼ ਇਹੋ ਭਾਵ ਹੈ ਕਿ ਗੁਰਮਤਿ ਅੰਦਰ ਜਾਤ ਪਾਤ ਦਾ ਕੋਈ ਵਿਤਕਰਾ ਨਹੀਂ। ਅੰਮ੍ਰਿਤ ਛਕ ਕੇ ਸਭ ਵਰਨਾਂ ਦੇ ਇਕੋ ਭਾਈ, ਗੁਰਮਤਿ ਜਾਤ ਦੇ ਇਕੋ ਭਾਈ ਬਣ ਜਾਂਦੇ ਹਨ।

ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ, ਦੂਸਰੋ ਨ ਭੇਦ ਕੋਈ, ਭੂਲ ਭ੍ਰਮ ਮਾਨਬੋ . ੧੫॥੮੫॥

ਅਕਾਲ ਉਸਤਤਿ ਪਾ: ੧੦

ਕੇਵਲ ਭੁੱਲੇ ਭ੍ਰਮੇ ਹੋਏ ਪੁਰਖ ਹੀ ਇਸ ਮਾਨਸ ਜਾਤੀ ਦੇ ਭੇਦ ਨੂੰ ਮੰਨਦੇ ਹਨ। ਲੋਕ ਬਣੇ ਬਣਾਤੇ ਹੀ ਆਨ-ਮੱਤ ਪੂਜਾ ਨੂੰ ਗੁਰਮਤਿ ਅੰਦਰ ਥਾਉਂ ਦਿੰਦੇ ਹਨ। ਗੁਰੂ ਪਾਤਸ਼ਾਹ ਦਾ ਸਪੱਸ਼ਟ ਭਾਵ ਇਹ ਹੈ ਕਿ ਇਹ ਭ੍ਰਮ ਭੇਦ ਤਦੇ ਹੀ ਮਿਟਦਾ ਹੈ ਜੇਕਰ ਗੁਰਮਤਿ ਦਾਇਰੇ ਵਿਚ ਆ ਕੇ ਸਾਰੇ ਪ੍ਰਾਣੀ ਆਨਮੱਤਾਂ ਦੇ, ਅੰਮ੍ਰਿਤ ਛਕ ਕੇ ਇੱਕੋ ਹੀ ਹੋ ਜਾਣ।

"ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ, ਏਕ ਹੀ ਸਰੂਪ, ਸਬੈ ਏਕ ਜੋਤਿ ਜਾਨਬੋ"* ਵਾਲੀ ਗੁਰਵਾਕ-ਪੰਕਤੀ ਸਪੱਸ਼ਟ ਫ਼ੈਸਲਾ ਕਰਦੀ ਹੈ ਕਿ ਸਾਰੇ ਪ੍ਰਾਣੀਆਂ ਦਾ ਇੱਕੋ ਹੀ ਗੁਰਦੇਵ ਹੋ ਸਕਦਾ ਹੈ। ਇਹ ਤਦੇ ਹੀ ਹੋ ਸਕਦਾ ਹੈ ਜੇਕਰ ਸਭ ਪ੍ਰਾਣੀ ਅੰਮ੍ਰਿਤ ਛਕ ਕੇ ਇਕੋ ਗੁਰਮਤਿ ਵਾਲੀ ਮਤਿ ਦੇ ਹੋ ਜਾਣ। ਸਾਰਿਆਂ

*ਅਕਾਲ ਉਸਤਤਿ ਪਾ: ੧੦, ਅੰਕ ੧੫॥੮੫॥



www.AKJ.Org

ਦਾ ਇਕੋ ਗੁਰਦੇਵ ਤਦੇ ਹੋ ਸਕਦਾ ਹੈ ਜੇ ਪ੍ਰਮਾਰਥਕ ਵਿਧੀ ਅਨੁਸਾਰ ਪ੍ਰਮਾਰਥੀ ਬਣ ਕੇ ਗੁਰਦੇਵ ਧਾਰਨ। ਨਹੀਂ ਤਾਂ ਔਝੜ ਪਏ ਹੋਏ ਗੁਰਮਤਿ ਵਿਹੂਣੇ ਚੋਟਾਂ ਹੀ ਖਾਣਗੇ। ਇਸੇ ਪ੍ਰਕਾਰ ਅਗਲੇ ਸਮੁੱਚੇ ਸ੍ਰੀ ਦਸਮੇਸ਼ ਵਾਕ ਇਹ ਹੀ ਦ੍ਰਿੜ੍ਹਾਉਂਦੇ ਹਨ ਕਿ ਗੁਰਮਤਿ ਤੱਤ ਅਨੁਸਾਰ ਹਰੇਕ ਪ੍ਰਾਣੀ ਦਾ ਨਿਸਤਾਰਾ ਤਦੇ ਹੋ ਸਕਦਾ ਹੈ ਜੇਕਰ ਉਹ ਸਾਊ ਬਣ ਕੇ, ਸੁੱਚਮਤਾ ਧਾਰਨ ਕਰ ਕੇ ਸੱਚੇ ਗੁਰੂ ਦਾ ਦੁਆਰਾ ਗ੍ਰਹਿਣ ਕਰ ਲੈਣ, ਨਹੀਂ ਤਾਂ ਉਨ੍ਹਾਂ ਦਾ ਠਿਕਾਣਾ ਹੀ ਕੋਈ ਨਹੀਂ। ਹਰ ਪ੍ਰਾਣੀ ਮਾਤ੍ਰ ਦੇ ਇਕਸਾਰ ਨੈਨ ਬੈਨ ਕੰਨ ਆਦਿਕ ਹਨ। ਇਨ੍ਹਾਂ ਵਿਤਕਰਿਆਂ ਵਿੱਚ ਪੈ ਕੇ ਉਹ ਆਪਣਾ ਜਨਮ ਬਿਰਥਾ ਹੀ ਗੰਵਾ ਲੈਂਦੇ ਹਨ।

ਗੁਰੂ ਘਰ ਅੰਦਰ ਕੋਈ ਭੀ ਭੇਦ ਨਹੀਂ। ਆਨਮਤਿ ਦੇ ਗਾਹਕ ਢਿੱਲੜ ਪੁਰਸ਼ ਇਹਨਾਂ ਗੁਰਵਾਕਾਂ ਦਾ ਭਾਵ ਢਿੱਲਾ ਹੀ ਲੈਂਦੇ ਹਨ ਅਤੇ ਇਹੋ ਹੀ ਦ੍ਰਿੜ੍ਹ ਕਰੀ ਬੈਠੇ ਹਨ ਕਿ ਮਨੁੱਖ ਮਾਤਰ ਦਾ ਕਲਿਆਣ ਇਵੇਂ ਹੀ ਹੋ ਸਕਦਾ ਹੈ, ਜੋ ਉਨ੍ਹਾਂ ਦੀ ਫੋਕੀ ਡੀਂਗ ਹੈ।......

ਸ੍ਰੀ ਗੁਰੂ ਦਸਮੇਸ਼ ਸੱਚੇ ਪਾਤਸ਼ਾਹ ਜੀ ਨੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਗੁਰਵਾਕ ਅੰਦਰ ਸਪੱਸ਼ਟ ਤੌਰ ਤੇ ਇਹ ਦ੍ਰਿੜ੍ਹਾਇਆ ਹੈ ਕਿ ਹਰ ਪ੍ਰਾਣੀ ਮਾਤ੍ਰ ਦਾ ਸੱਚੜਾ ਉੱਧਾਰ ਸੱਚੀ ਸਿੱਖਿਆ ਤੇ ਚੱਲਿਆਂ ਹੀ ਹੋ ਸਕਦਾ ਹੈ, ਅਰਥਾਤ ਹਰੇਕ ਇਨਸਾਨ ਨੂੰ ਗੁਰੂ ਕਾ ਅੰਮ੍ਰਿਤ ਛਕਣ ਦੀ ਗੁਰੂ ਘਰ ਵਿਖੇ ਖੁਲ੍ਹ ਹੈ। ਖੁਲ੍ਹੇ ਖ਼ਿਆਲਾਂ ਵਾਲੇ ਤੱਤ ਗੁਰਮਤਿ ਤੋਂ ਹੀਣ, ਮੀਣੇ ਮੋਮਨ ਇਹ ਅਨੁਮਾਨ ਆਪਣੇ ਢਿੱਲੜ ਖ਼ਿਆਲਾਂ ਅਨੁਸਾਰ ਲਾਇਆ ਕਰਦੇ ਹਨ ਕਿ ਗੁਰੂ ਘਰ ਅੰਦਰ ਹਰੇਕ ਮੱਤ-ਮਤਾਂਤਰੀ ਬਿਵੱਸਥਾ ਵਾਲੇ ਦਾ ਉੱਧਾਰ ਹੋਇਆ ਪ੍ਰਮਾਣੀਕ ਹੈ। ਹਾਲਾਂਕਿ ਸ੍ਰੀ ਗੁਰੂ ਦਸਮੇਸ਼ ਜੀ ਦੀ ਦਰਸਾਈ ਬਾਣੀ ਇਨ੍ਹਾਂ ਢਿੱਲੜ ਖ਼ਿਆਲਾਂ ਦੇ ਖੂਬ ਪਰਖ਼ਚੇ ਉਡਾਉਂਦੀ ਹੈ। ਦੇਖੋ ਸ੍ਰੀ ਗੁਰੂ ਦਸਮੇਸ਼ ਜੀ ਦੀ ਬਾਣੀ ਕਿਸ ਪ੍ਰਕਾਰ ਆਨਮੱਤੀ ਖ਼ਿਆਲਾਂ ਵਾਲੇ ਉੱਪਰ ਦੱਸੇ ਢਿੱਲੜਾਂ ਦੀ ਗਤੀ ਕਰਦੀ ਹੈ। ਯਥਾ ਗੁਰਵਾਕ :—

> ਜੋਗੀ ਜਟਾਧਾਰੀ, ਸਤੀ ਸਾਚੇ ਬਡੇ ਬ੍ਰਹਮਚਾਰੀ, ਧਿਆਨ ਕਾਜ ਭੂਖ ਪਿਆਸ ਦੇਹ ਪੈ ਸਹਤ ਹੈਂ॥
> ਨਿਉਲੀ ਕਰਮ ਜਲ ਹੋਮ ਪਾਵਕ ਪਵਨ ਹੋਮ, ਅਧੋ ਮੁਖ ਏਕ ਪਾਇ ਠਾਢੇ ਨ ਬਹਤ ਹੈਂ॥
> ਮਾਨਵ ਫਨਿੰਦ ਦੇਵ ਦਾਨਵ ਨ ਪਾਵਹਿ ਭੇਦ, ਬੇਦ ਔ ਕਤੇਬ ਨੇਤ ਨੇਤ ਕੈ ਕਹਤ ਹੈਂ।੫।੭੫।
>
> ਅਕਾਲ ਉਸਤਤਿ ਪਾ: ੧੦

ਇਸੇ ਪ੍ਰਕਾਰ ਸਾਰੀ ਗੁਰਬਾਣੀ ਅੰਦਰ ਸ੍ਰੀ ਗੁਰੂ ਦਸਮੇਸ਼ ਜੀ ਨੇ ਆਪਣੇ ਸ੍ਰੀ ਮੁਖਵਾਕ-ਉਪਦੇਸ਼ਾਂ ਦੁਆਰਾ ਜੋ ਕੁਝ ਦ੍ਰਿੜ੍ਹਾਇਆ ਹੈ ਕਿ ਆਨਮਤੀ ਬੇਦ ਕਤੇਬਾਂ ਆਦਿਕ ਨਿਉਲੀ ਕਰਮਾਂ ਵਾਲਿਆਂ ਦੀ ਓਦੋਂ ਤਾਈਂ ਅਧੋਗਤੀ ਹੀ ਰਹੇਗੀ ਜਦੋਂ ਤਾਈਂ ਕਿ ਉਹ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਨਹੀਂ ਸਜ ਜਾਂਦੇ। ਸ੍ਰੀ ਗੁਰੂ ਦਸਮੇਸ਼ ਜੀ ਦੀ ਸਮੱਗਰ ਬਾਣੀ "ਆਨ ਦੇਵ ਸੇਵ ਟੇਵ" ਦੀ ਪਖੰਡ-ਕਿਰਿਆ ਨੂੰ ਰੱਦ ਕਰ ਕੇ ਸਭਨਾਂ ਦੇ ਸੀਸ ਉੱਪਰ ਸੱਚੀ ਗੁਰਮਤਿ ਦਾ ਸੱਚਾ ਅੰਕਸ ਮਾਰ ਕੇ ਇਕ ਦੀ ਪੂਜਾ ਖੂਬ ਦ੍ਰਿੜ੍ਹਾਉਂਦੀ ਹੈ। ਅਸਾਡੇ ਮੋਮਨ ਖ਼ਿਆਲਾਂ ਵਾਲੇ ਅਤੇ ਗੁਰਮਤਿ-ਹੀਣੇ ਇਸ ਸੱਚੀ ਗੁਰਮਤਿ ਤੋਂ ਬਿਪਰਜੇ, ਢਿੱਲੜ ਖ਼ਿਆਲਾਂ ਵਾਲੀ ਕੁਰੀਤਿ ਨੂੰ ਹੀ ਮੁੱਖ ਰਖਾਉਂਦੇ ਹਨ। ਜੈਸਾ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਗੁਰਵਾਕ ਦੇ ਭਾਵ ਅੰਦਰ ਭਲੀ ਬਿਧਿ ਦ੍ਰਿੜ੍ਹਾਇਆ ਗਿਆ ਹੈ। [ਪੁਸਤਕ 'ਗੁਰਮਤਿ ਲੇਖ' ਵਿਚੋਂ

---


# ਪਾਠਕਾਂ ਤੇ ਲੇਖਕਾਂ ਦੀ ਸੇਵਾ ਵਿਚ ਬੇਨਤੀ

(੧) ਕਈ ਪਾਠਕ ਕਿਤੋਂ ਕੋਈ ਚੰਗਾ ਕਵਿਤਾ ਜਾਂ ਲੇਖ ਪੜ੍ਹ ਕੇ ਉਥੋਂ ਨਕਲ ਕਰ ਕੇ ਆਪਣੇ ਨਾਂ ਹੇਠ ਭੇਜ ਦੇਂਦੇ ਹਨ, ਜੋ ਅਯੋਗ ਹੈ। ਪਾਠਕ ਸਜਣ ਜੇ ਕੋਈ ਰਚਨਾ ਭੇਜਣੀ ਚਾਹੁਣ ਤਾਂ ਉਹ ਆਪਣੀ ਲਿਖਤ ਹੋਣੀ ਚਾਹੀਦੀ ਹੈ; ਕਿਸੇ ਦੀ ਚੋਰੀ ਕਰ ਕੇ ਨਾ ਭੇਜੀ ਜਾਵੇ।

(੨) ਲੇਖਕ ਸਜਣ ਆਪਣੇ ਲੇਖ ਕਾਗਜ਼ ਦੇ ਇਕ ਪਾਸੇ ਅਤੇ ਉਪਰੋਂ ਹੇਠੋਂ ਤੇ ਪਾਸੇ ਤੋਂ ਹਾਸ਼ੀਏ ਛਡ ਕੇ ਲਿਖਣ, ਤਾਕਿ ਜੇ ਕੋਈ ਸੁਧਾਈ ਕਰਨੀ ਪਵੇ ਤਾਂ ਉਹ ਖ਼ਾਲੀ ਥਾਂ ਤੇ ਲਿਖੀ ਜਾ ਸਕੇ।

www.AKJ.Org

## ਭਾ: ਸਾ: ਭਾਈ ਰਣਧੀਰ ਸਿੰਘ ਜੀ



ਜੇਲ੍ਹ ਯਾਤਰਾ ਪਿਛੋਂ
ਅਖੰਡ ਕੀਰਤਨਾਂ ਦੀ ਗਹਿਮਾ ਗਹਿਮ ਵਿਚ ਖੁਸ਼ੀਆਂ ਖੇੜੇ ਮਾਣਦੇ

www.AKJ.Org

# ਜੇਲ੍ਹ-ਯਾਤਰਾ ਪਿਛੋਂ ਘਰ ਪਹੁੰਚਣਾ

ਮੈਨੂੰ ਰਿਹਾਈ ਵਾਲੇ ਦਫਤਰ ਵਿਚ ਲੈ ਗਏ, ਜਿਥੋਂ ਉਨ੍ਹਾਂ ਮੈਨੂੰ ਬੇ-ਤੌਖਲਾ ਬਿਨਾਂ ਸ਼ਰਤ ਰਿਹਾ ਕਰਕੇ ਅਨ੍ਹੇਰੇ ਤੋਰ ਦਿਤਾ। ਦਾਸ ਲਾਹੌਰ ਸਟੇਸ਼ਨੋਂ ਗੱਡੀ ਚੜ੍ਹ ਕੇ ਰਾਤ ਨੂੰ ਹੀ ਸ੍ਰੀ ਅੰਮ੍ਰਿਤਸਰ ਜਾ ਪੁਜਾ। ਅੰਮ੍ਰਿਤਸਰ ਸਟੇਸ਼ਨੋਂ ਪੈਦਲ ਹੀ ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨ-ਯਾਤਰਾ ਲਈ ਪਿਆਨੇ ਕੀਤੇ। ਇਕ ਸਰਕਾਰੀ ਮੁਲਾਜ਼ਮ ਮੇਰੇ ਨਾਲ ਸੀ, ਜਿਸ ਨੇ ਅਰਦਲੀ ਵਾਂਗ ਬੜਾ ਹੀ ਕੰਮ ਦਿਤਾ। ਮੇਰਾ ਬਿਸਤਰਾ ਬੁਗਚਾ ਉਸ ਨੇ ਘਰ ਦੇ ਨੌਕਰਾਂ ਵਾਂਗੂ ਸਮ੍ਹਾਲਿਆ। ਘੰਟੇ ਘਰ ਜਾ ਪਹੁੰਚੇ, ਅਰਦਲੀ ਹੋਰੀਂ ਮੇਰਾ ਸਾਮਾਨ ਸੰਭਾਲ ਕੇ ਓਥੇ ਬੈਠੇ ਰਹੇ। ਦਾਸ ਨੇ ਇਕ ਵਜੇ ਦੇ ਕਰੀਬ ਸਰੋਵਰ ਵਿਚ ਜਾ ਚੁੱਭੇ ਲਾਏ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ। ਖੂਬ ਏਕਾਂਤ ਅਭਿਆਸ ਹੋਇਆ। ਏਕਾਂਤ ਹੀ ਏਕਾਂਤ ਭਾਵੇ। ਅਭਿਆਸੋਂ ਸਾਵਧਾਨ ਹੋਣ ਪਰ ਜੀਉ ਕਰੇ ਕਿ ਪਿਆਰਿਆਂ ਨੂੰ ਜਾ ਮਿਲਾਂ, ਪਰ ਚਿਤ ਵਿਚ ਇਹ ਇੱਛਾ ਪਰਬਲ ਸੀ ਕਿ ਯਾਤਰਾ ਗੁਪਤ ਹੀ ਰਹਿਣ ਦੇਣੀ ਹੈ। ਪਿਆਰਿਆਂ ਨੂੰ ਮਿਲੇ ਤਾਂ ਓਹਨਾਂ ਤੋਂ ਰਹਿਆ ਨਹੀਂ ਜਾਣਾ, ਅਣਵਸ ਹੀ ਉਨ੍ਹਾਂ ਤੋਂ ਢੋਲ ਵਜ ਜਾਣਾ ਹੈ ਤੇ ਜਲੂਸ-ਬਾਜ਼ੀਆਂ ਦੀ ਇਲਤ ਆ ਚਿਮੜਨੀ ਹੈ। ਕਈ ਵਾਰ ਮਲਵਈ ਬੁੰਗੇ ਵਲ ਨੂੰ ਖਿਚ ਖਿਚਾਉ ਹੋਇਆ ਕਿ ਗੁਪਤੋ ਗੁਪਤੀ ਵੀਰ ਨਾਹਰ ਸਿੰਘ, ਹਰਿਭਜਨ ਸਿੰਘ ਨੂੰ ਮਿਲ ਹੀ ਚਲੀਏ, ਪਰ ਕਲੇਜਾ ਥੰਮ੍ਹ ਕੇ ਚਿਤ-ਵਾਗਾਂ ਨੂੰ ਰੋਕਿਆ। ਦਿਨ ਦੇ ਚੜ੍ਹਾਉ ਮੂੰਹ ਅਨ੍ਹੇਰੇ ਤਕ ਖੂਬ ਦਰਬਾਰ ਸਾਹਿਬ ਕੀਰਤਨ ਸਮਾਧੀਆਂ ਦੇ ਅਨੰਦ ਬੱਝੇ। ਉਪ੍ਰੰਤ ਚੁਪ ਕੀਤੇ ਹੀ ਪਿੰਡ ਪੁਜਣ ਦੀਆਂ ਤਿਆਰੀਆਂ ਕੀਤੀਆਂ।

ਲੁਧਿਆਣੇ ਪੁਜ ਕੇ ਭੀ ਬਥੇਰਾ ਯਤਨ ਕੀਤਾ ਕਿਸੇ ਨੂੰ ਪਤਾ ਨ ਲਗੇ, ਪਰ ਪੁਰਾਤਨ ਪਰੇਮੀਆਂ ਨੇ ਪਛਾਣ ਹੀ ਲਿਆ ਤੇ ਮੋਟਰ ਕਾਰ ਲੈ ਆਏ ਤੇ ਉਸ ਪਰ ਚੜ੍ਹਾ ਕੇ ਲੈ ਤੁਰੇ। ਇਕ ਆਨ ਵਿਚ ਸਾਰੇ ਖਬਰਾਂ ਜਾ ਫਿਰੀਆਂ। ਕਾਰ ਡੇਹਲੋਂ ਪਹੁੰਚੀ ਤਾਂ ਅਗੇ ਸਿੰਘਾਂ ਦਾ ਸੁਆਗਤੀ ਇਕੱਠ ਸੀ। ਜਦ ਏਥੋਂ ਰਾਇ ਪੁਰ ਪੁੱਜੇ ਤਾਂ ਸੰਗਤਾ ਦੀ ਗਹਿਮਾ ਗਹਿਮ। ਜਿਸ ਤਪਾਕ ਪਰੇਮ-ਹੁੱਬ ਨਾਲ ਸੰਗਤਾਂ ਮਿਲੀਆਂ, ਉਸ ਦਾ ਕਥਨ ਨਹੀਂ ਹੋ ਸਕਦਾ। ਕਾਰ ਦੇ ਪਿੰਡ ਪਹੁੰਚਣ ਤੋਂ ਪਹਿਲਾਂ ਹੀ ਲੁਧਿਆਣਾ ਸਟੇਸ਼ਨ ਤੋਂ ਸ਼ਹਿਰ ਨੂੰ ਆਉਂਦੇ ਨੂੰ ਦਾਸ ਨੂੰ ਸਾਡੇ ਪਿੰਡ ਦੇ ਪੁਰਾਤਨ ਪਰੇਮੀ ਭਾਈ ਆਸਾ ਸਿੰਘ ਜੀ ਨੇ ਦੇਖ ਲਿਆ। ਉਹ ਦੇਖਣ ਸਾਰ ਹੀ ਚਾਈਂ ਭਰਿਆ ਪਿੰਡ ਨੂੰ ਸਾਈਕਲ ਸਵਾਰ ਹੋ ਕੇ ਦੌੜਿਆ। ਰਸਤੇ ਵਿਚ ਦਾਸ ਦੀ ਰਿਹਾਈ ਦੀ ਖਬਰ ਥਾਂ ਪਰ ਥਾਂ ਸੁਣਾਉਂਦਾ ਆਇਆ। ਜਦੋਂ ਉਹ ਨਾਰੰਗਵਾਲ ਪੁਜਾ ਤਾਂ ਸਾਡੇ ਪਾਸੇ ਦੇ ਪਿੰਡ ਦੇ ਦਰਵਾਜ਼ੇ ਅਗੇ ਤ੍ਰਿਬੇਣੀ ਹੇਠਲੇ ਚਉਂਤਰੇ ਪਰ ਲੋਕ ਹਸਬ-ਮਾਮੂਲ ਇਕੱਠੇ ਹੋਏ ਬੈਠ ਸਨ। ਵਿਚੇ ਸਾਡਾ ਛੋਟਾ ਭਰਾ ਭਾਈ ਆਤਮਾ ਸਿੰਘ ਬੈਠਾ ਹੋਇਆ ਸੀ। ਭਾਈ ਆਸਾ ਸਿੰਘ ਨੇ ਪੁੱਜਣ ਸਾਰ ਸਭ ਨੂੰ ਆਖਿਆ ਕਿ ਗੱਜ ਕੇ ਜੈਕਾਰਾ ਗਜਾਓ, ਮੈਂ ਤੁਹਾਨੂੰ ਅੱਤ ਖੁਸ਼ੀ ਵਾਲੀ ਖ਼ਬਰ ਸੁਣਾਉਂਦਾ ਹਾਂ। ਸਭਨਾਂ ਕਿਹਾ ਕਿ ਪਹਿਲਾਂ ਖਬਰ ਸੁਣਾ, ਫੇਰ ਜੈਕਾਰਾ ਗਜਾਵਾਂਗੇ। ਭਾਈ ਆਸਾ ਸਿੰਘ ਨੇ ਏਹੋ ਜ਼ੋਰ ਦਿਤਾ ਕਿ ਪਹਿਲਾਂ ਜੈਕਾਰਾ ਗਜਾਓ! ਬਸ! ਸਭ ਨੇ ਖੁਸ਼ਖਬਰੀ ਉਡੀਣੇ ਤੇ ਉਤਾਵਲੇ ਹੋ ਕੇ ਜੈਕਾਰਾ ਗਜਾ ਹੀ ਦਿਤਾ। ਜੈਕਾਰਾ ਗਜਣ-ਸਾਰ ਹੀ ਭਾਈ ਆਸਾ ਸਿੰਘ ਜੀ ਨੇ ਦਾਸ ਦੇ ਆਉਣ ਦੀ ਸੋਇ ਸੁਣਾ ਦਿਤੀ। ਇਹ ਖੁਸ਼ਖਬਰੀ ਸੁਣਨ ਦੀ ਦੇਰ ਸੀ ਕਿ ਇਕ ਛਿਨ 'ਚ ਨਗਰ ਨਾਰੰਗਵਾਲ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਤੇ ਵਧਾਈਆਂ ਵਜ ਗਈਆਂ। ਆਗਮਨ ਉਤਾਵਲੇ ਪ੍ਰੇਮ ਮਸਤ ਹੋ ਕੇ ਬਹੁਤ ਸਾਰੇ ਸਜਣ ਤਾਂ ਨਹਿਰ ਦੀ ਪਟੜੀ ਵਾਲੇ ਰਾਹ ਨੂੰ ਭਜ ਲਏ, ਏਤ ਉਡੀਕ ਵਿਚ ਕਿ ਜੇ ਕਾਰ ਏਸ ਰਸਤਿਓਂ ਆਈ ਤਾਂ ਏਧਰ ਚਲ ਕੇ ਪਹਿਲਾਂ ਹੀ ਸੁਆਗਤ ਚਲ ਕਰਾਂਗੇ। ਅਤੇ ਬਹੁਤ ਸਾਰੇ ਸਜਣ ਗੁਜਰਵਾਲ ਦੇ ਗਾਡੀਏ ਰਾਹ ਦੀ ਪੰਧ ਨਿਹਾਲਣ ਲਗੇ। ਬਾਕੀ ਦੇ ਮਾਈ ਭਾਈ ਸਭ ਪਿੰਡ ਵਿਚ ਹੀ ਸੁਆਗਤ ਦੀ ਤਿਆਰੀ ਕਰਨ ਲਗੇ। ਗੱਲ ਕੀ ਆਪੋ ਆਪਣਾ ਪ੍ਰੇਮ ਜੋ ਜੀਅ ਜੀਅ ਦੇ ਅੰਦਰ ਬਹੁ ਬਹੁ ਭਾਂਤ ਕਰ ਸਮਾਇਆ ਹੋਇਆ ਸੀ ਸੋ ਤਿਵੇਂ ਤਿਵੇਂ ਸਭ ਨੇ ਪੂਰਾ ਕੀਤਾ। ਸਾਡੇ ਵੀਰ ਆਤਮਾ ਸਿੰਘ ਨੇ ਜਦੋਂ ਖਬਰ ਸੁਣੀ ਤਾਂ ਖੁਸ਼ੀ ਵਿਚ ਆ ਕੇ ਖੜੇ ਖੜੋਤੇ ਹੀ ਚਉਂਤਰੇ ਉਤੋਂ ਛਾਲ ਮਾਰੀ ਅਤੇ ਭੱਜਿਆ ਭਜਿਆ ਘਰ ਨੂੰ ਖਬਰ ਦੱਸਣ ਆਇਆ। ਘਰਦਿਆਂ ਨੂੰ ਖੁਸ਼ਖਬਰੀ ਸੁਣ ਕੇ ਜੋ ਖੁਸ਼ੀਆਂ ਹੋਈਆਂ, ਉਨ੍ਹਾਂ ਦਾ ਅੰਤ ਸੁਮਾਰ ਹੀ ਨਹੀਂ ਹੋ ਸਕਦਾ ਜਦੋਂ ਕਿ ਨਗਰ ਵਾਸੀਆਂ ਦੀ ਹੀ ਖੁਸ਼ੀ ਦੀ ਕੋਈ ਥਾਹ ਨਾ ਰਹੀ। ਓਧਰੋਂ


www.AKJ.org

ਜਦੋਂ ਅਸੀਂ ਡੇਹਲੋਂ ਤੋਂ ਰਾਇਪੁਰ ਪਹੁੰਚੇ ਤਾਂ ਉਥੇ ਸਟੇਸ਼ਨ ਪਾਸ ਭਾਈ ਨਰਾਇਣ ਸਿੰਘ ਜੀ ਦੀ ਦੁਕਾਨ ਪਰ ਪਿੰਡ ਦੀ ਸੰਗਤ ਜੁੜੀ ਬੈਠੀ ਸੀ। ਜੋ ਜੋ ਆਉ ਭਗਤ ਪ੍ਰੇਮ ਏਸ ਸੰਗਤ ਨੇ ਪ੍ਰਗਟ ਕੀਤਾ ਉਹ ਭੀ ਅਕਥਨੀਯ ਹੈ।


ਏਥੋਂ ਫੇਰ ਨਾਰੰਗਵਾਲ ਦਾ ਰਸਤਾ ਲਿਆ। ਕਾਰ ਦੀ ਧੂੜ ਉਡਦੀ ਜਾਏ। ਜਿਉਂ ਜਿਉਂ ਪਿੰਡ ਨੇੜੇ ਆਵੇ ਤਿਉਂ ਤਿਉਂ ਹੋਰ ਦਾ ਹੋਰ ਆਲਮ ਤਾਰੀ ਹੁੰਦਾ ਜਾਵੇ। ਮੈਨੂੰ ਆਲੇ ਦੁਆਲੇ ਦੇ ਸਭ ਨਜ਼ਾਰੇ ਓਪਰੇ ਓਪਰੇ ਲਗਣ। ਲੋਕਾਂ ਦੀ ਬੋਲ ਚਾਲ ਹੀ ਓਪਰੀ ਓਪਰੀ ਭਾਸੇ, ਭਲਾ ਪੰਦਰ੍ਹਾਂ ਸੋਲ੍ਹਾਂ ਸਾਲ ਕੇਹੜੇ ਥੋੜੇ ਹੁੰਦੇ ਹਨ! ਪਿੰਡ ਦੀਆਂ ਜੂਹਾਂ ਭੀ ਪਛਾਣੀਆਂ ਨਾ ਜਾਣ। ਕਾਰ ਜਦੋਂ ਪਿੰਡ ਮਹਿਮਾ ਸਿੰਘ ਵਾਲੇ ਬਰਾਬਰ ਪਹੁੰਚੀ ਤਾਂ ਉਥੇ ਭੀ ਬਹੁਤ ਸਾਰੇ ਸਜਣ ਖੜੇ ਉਡੀਕ ਰਹੇ ਸਨ। ਉਹਨਾਂ ਨਾਲ ਖੜੇ ਖੜੋਤੇ ਤੇ ਚੜ੍ਹੇ ਚੜੋਤੇ ਹੀ ਫਤਹ ਦਾ ਬੁਲਾਵਣਾ ਹੋਇਆ। ਲੋਹਗੜ੍ਹ ਦੀ ਖੂਹੀ ਪਰ ਜਾ ਕੇ ਜਦੋਂ ਰਸਤਾ ਨਾਰੰਗਵਾਲ ਨੂੰ ਬਦਲਿਆ ਤਾਂ ਪਤਾ ਲਗਾ ਕਿ ਨਾਰੰਗਵਾਲ ਨੇੜੇ ਆ ਗਿਆ ਹੈ। ਮੋਟਰ ਹਾਰਨ ਬਜਾਉਂਦੀ ਘੂੰ ਘੂੰ ਕਰਦੀ ਜਾਵੇ। ਦੂਰੋਂ ਪਿੰਡ ਦੀਆਂ ਕੰਧਾਂ ਦਿਸੀਆਂ, ਪਰ ਨਕਸ਼ਾ ਹੋਰ ਦਾ ਹੋਰ ਹੀ ਪਲਟਿਆ ਹੋਇਆ। ਸਾਡੀ ਹਵੇਲੀ ਦੇ ਬਾਹਰਵਾਰ ਉਰਲੇ ਪਾਸੇ ਨੂੰ ਬਹੁਤ ਸਾਰੇ ਨਵੇਂ ਮਕਾਨ ਪੈ ਗਏ ਹੋਏ ਸਨ। ਨਕਟੀਆਣੇ ਟੋਭੇ ਤੇ ਕਾਰ ਪਹੁੰਚੀ ਸੀ ਕਿ ਪਿੰਡ ਦੀ ਸੰਗਤ ਥੋੜੀ ਦੂਰੋਂ ਆਉਂਦੀ ਦਿਸੀ। ਸਭ ਤੋਂ ਪਹਿਲਾਂ ਮੂਹਰੇ ਆ ਕੇ ਵੀਰ ਆਤਮਾ ਸਿੰਘ ਮੋਟਰ ਤੇ ਆ ਚੜ੍ਹਿਆ, ਚੜ੍ਹੇ ਚੜ੍ਹਾਏ ਹੀ ਪਰਸਪਰ ਬਗਲਗੀਰ ਹੋਏ। ਏਤਨੇ ਨੂੰ ਪਿੰਡ ਦੀ ਸੰਗਤ ਸ਼ਬਦ ਪੜ੍ਹਦੀ ਹੋਈ ਨੇੜੇ ਆ ਢੁੱਕੀ। ਅਸੀਂ ਤੁਰੰਤ ਕਾਰ ਤੋਂ ਹੇਠਾਂ ਉਤਰ ਆਏ। ਦਾਸ ਨੇ ਗਲ ਵਿਚ ਪੱਲੂ ਪਾਇ ਆਉਂਦੀ ਸੰਗਤ ਦੇ ਅਗਰਭਾਗ ਖਲੋਇ ਕੇ ਨਿਮਰੀਭੂਤ ਹੋਇ ਬੰਦਨਾ ਕੀਤੀ ਤੇ ਫਤਹ ਗਜਾਈ। ਜੋਟੀਆਂ ਦੇ ਸ਼ਬਦ ਪੜ੍ਹਦੇ ਹੋਏ ਸੰਗਤ ਦੇ ਨਾਲ ਹੀ ਰਲ ਗਏ। ਦਾਸ ਨੂੰ ਨਾਲ ਰਲਾਇ ਕੇ ਸੰਗਤ ਸ਼ਬਦ ਪੜ੍ਹਦੀ ਹੋਈ ਪਿੰਡ ਵਲ ਨੂੰ ਵਾਪਸ ਮੁੜੀ। ਸੰਗਤ 'ਚ ਸ਼ਬਦ ਪੜ੍ਹਨ ਵਾਲੇ ਮੇਰੇ ਭਾ ਦੇ ਸਾਰੇ ਹੀ ਨਵੇਂ ਸਜਨ ਸਨ। ਦਾਸ ਨੇ ਤਾਂ ਇਕ ਵੀਰ ਸੁਰਜਨ ਸਿੰਘ ਜਥੇਦਾਰ ਨੂੰ ਹੀ ਪਛਾਣਿਆ, ਜੋ ਸ਼ਬਦੀ ਜਥੇ ਦਾ ਮੁਰ੍ਹੈਲੀ ਸੀ ਤੇ ਸਾਡਾ ਪੁਰਾਣਾ ਜਥੇਬੰਦ ਮੀਤ ਸੀ। ਪ੍ਰਸਪਰ ਇਕ ਦੂਜੇ ਨੂੰ ਦੇਖ ਕੇ ਅਨੰਦ ਪੁਲਕ੍ਰਿਤ ਹੋ ਗਏ। ਸਹਜੇ ਸਹਿਜੇ ਪਿੰਡ ਵਲ ਨੂੰ ਪਹੇ (ਰਸਤੇ) ਵਿਚ ਕੀਰਤਨ ਕਰਦੇ ਜਾਈਏ। ਚਿਰੀਂ ਵਿਛੁੰਨੀਆਂ ਰੂਹਾਂ ਨੂੰ ਦੇਖਣੇ ਕਾਰਨੇ ਪਿੰਡ ਦੀ ਸਾਰੀ ਲੁਕਾਈ (ਮਾਈ-ਭਾਈ) ਉਲਟ ਪਈ, ਚਾਰ ਚੁਫੇਰੇ ਸੰਗਤ ਹੀ ਸੰਗਤ ਨਜ਼ਰ ਆਵੇ। ਵੈਰਾਗ ਹੁਲਾਸ ਪੁਲਕ੍ਰਿਤ ਹੋ ਕੇ ਪ੍ਰੇਮੀਆਂ ਦੀ ਪ੍ਰੇਮ ਕ੍ਰਿਤੱਗਤਾ ਦੇ ਅਹਿਸਾਸ ਵਾਲੇ ਹੰਝੂ ਮੱਲੋ-ਜ਼ੋਰੀ ਬਹਿ ਨਿਕਲੇ, ਠੱਲ੍ਹੇ ਨਾ ਜਾਣ। "ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ" ਵਾਲੀਆਂ ਖੁਸ਼ੀਆਂ ਦੀ ਬਿਵਸਥਾ ਭੀ ਅਜਬ ਅਨੂਠੀ ਹੈ। ਬਿਰਹੁ ਵਿਛੁੰਨਿਆਂ ਦੇ ਹੰਝੂ ਵਹਿੰਦੇ ਤਾਂ ਬਥੇਰੇ ਡਿਠੇ ਸਨ ਪਰ ਅਜ ਨਵਾਂ ਤਜਰਬਾ ਹੋਇਆ ਕਿ ਚਿਰਾਂ ਦੇ ਵਿਯੋਗ ਪਿਛੋਂ ਸੰਯੋਗੀ ਮਿਲਿਆਂ ਦੇ ਨੈਣਾਂ ਨੇ ਭੀ ਨੀਰ ਛਹਿਬਰਾਂ ਲਾਈਆਂ। ਸੱ-ਜਲ ਨੇਤਰਾਂ ਨੂੰ ਕਈ ਵਾਰ ਅੰਚਲ ਸੇਤੀ ਪੂੰਝਿਆ, ਪਰ ਸੱ-ਜਲਤਾਈ ਨੇਤਰਾਂ ਵਿਚੋਂ ਨਾ ਹੀ ਗਈ। ਤ੍ਰਿਬੇਣੀ ਹੇਠ ਜਾ ਦੀਵਾਨ ਲਗਾ। ਬਾਜੇ ਢੋਲਕੀ ਛੈਣਿਆਂ ਵਾਲੇ ਸਜਨ ਮੇਰੇ ਭਾ ਦੇ ਨਵਲ ਨਵੇਲੇ ਸਨ, ਜੋ ਮੇਰੇ ਅਣ-ਡਿਠੇ ਪ੍ਰੇਮੀ ਸਨ। ਤਿਨ੍ਹਾਂ ਨੇ ਅਤਿ ਉਮਡ ਉਮਡ ਕੇ ਸ਼ਬਦ ਕੀਰਤਨ ਕੀਤਾ। ਅਤੇ ਚਉਂਤਰੇ ਉੱਤੇ ਅਤੇ ਚਉਂਤਰੇ ਦੇ ਚਾਰ ਚੁਫੇਰੇ ਦੂਰ ਦੂਰ ਤਕ, ਤੇ ਮਕਾਨਾਂ ਦੀਆਂ ਛਤਾਂ ਪਰ ਸੰਗਤ ਹੀ ਸੰਗਤ ਨਜ਼ਰ ਆਉਂਦੀ ਸੀ। ਦਾਸ ਦਾ ਸਰੀਰ ਸਫਰ ਵਿਚ ਹੀ ਕੁਝ ਮਸਤਾਨਾ ਜੇਹਾ ਹੋ ਗਿਆ ਸੀ ਤੇ ਬੁਖਾਰ ਭੀ ਟਹਿਲਾ ਕਰਨ ਲਗਾ ਹੋਇਆ ਸੀ। ਇਸ ਲਈ ਸੰਗਤ ਨੇ ਛੇਤੀ ਹੀ ਭੋਗ ਪਾ ਦਿਤਾ, ਪ੍ਰਸ਼ਾਦ ਵਰਤਾਇ ਕੇ ਉਥੋਂ ਸੰਗਤ ਦੇ ਖਾਸ ਮੁਖੀ ਸਜਣ ਦਾਸ ਨੂੰ ਦਾਸ ਦੇ ਬੰਗੇ (ਘਰ) ਲੈ ਗਏ, ਜੋ ਨੇੜੇ ਹੀ ਸੀ। ਜਦ ਘਰ ਪਹੁੰਚੇ ਤਾਂ ਘਰ ਮਾਈਆਂ ਬੀਬੀਆਂ ਦਾ ਵੀ ਕਾਫੀ ਇਕੱਠ ਸੀ; ਇਕ ਮਾਈ ਨੇ ਦਾਸ ਦੇ ਆਉਣ ਦੀ ਖੁਸ਼ੀ ਪ੍ਰਗਟ ਕਰਦਿਆਂ ਆਖਿਆ, "ਭਾਈ! ਅਜ ਮਾਈ ਚਾਹੀਦੀ ਸੀ!" ਦਾਸ ਨੇ ਆਖਿਆ, 'ਮਾਈ ਤਾਂ ਸਾਡੇ ਪਾਸ ਬੈਠੀ ਹੈ', ਉਸ ਵੇਲੇ ਸਾਨੂੰ ਆਪਣੀ ਮਾਤਾ ਜੀ ਦੀ ਰੂਹ ਦੇ ਦਰਸ਼ਨਾਂ ਦਾ ਨਜ਼ਾਰਾ ਸਾਮਰਤੱਖ ਸੀ ਤੇ ਮਾਈ ਜੀ ਦੀ ਰੂਹ ਸਾਡੇ ਘਰ ਆਵਣ ਦੀ ਖੁਸ਼ੀ ਵਿਚ ਸਾਡੀਆਂ ਪਰੇਮ-ਬਲਾਵਾਂ ਲੈ ਰਹੀ ਸੀ ਤੇ ਅਚਰਜ ਕੌਤਕ ਵਰਤ ਰਿਹਾ ਸੀ, ਹੋਰ ਕੀ ਕੀ ਕੌਤਕ ਵਰਨੀਏ। [ਜੇਲ੍ਹ-ਚਿੱਠੀਆਂ ਵਿਚੋਂ


www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ




ਜੇਲ੍ਹ ਯਾਤਰਾ ਉਪਰੰਤ (੧੯੩੧) ਸੁਪਤਨੀ ਦੇ ਨਾਲ



ਖਾ: ਕਾਲਜ ਅੰਮ੍ਰਿਤਸਰ ਦੇ ਹੋਸਟਲ ਸੁਪ੍ਰਿੰਟੈਂਡੈਂਟ (੧੯੦੭)

www.AKJ.Org

# ਮੋੜੀਂ ਬਾਬਾ ਡਾਂਗ ਵਾਲਿਆ

[ਸ: ਸੰਤਾ ਸਿੰਘ ਜੀ ਆਜਿਜ਼, ਲੁਧਿਆਣਾ]

ਦਾਰਸਲਮ, ਟੂਨਜ਼ਾਨੀਆ, ੧੪-੪-੧੯੪੨–ਦਸਮੇਸ਼ ਪਿਤਾ ਦੇ ਲਾਡਲੇ, ਜੋਸ਼ੀਲੇ ਤੇ ਅਣਖੀਲੇ ਸਪੁਤਰਾਂ ਨੂੰ ਜਿਥੇ ਦੇਸ਼ ਤੇ ਧਰਮ ਦੀ ਸਲਾਮਤੀ ਲਈ ਹਮੇਸ਼ਾ ਜੂਝਣ ਦਾ ਚਾਉ ਚੜ੍ਹਿਆ ਰਹਿੰਦਾ ਹੈ, ਉਥੇ ਦੁਖੀ ਤੇ ਅਬਲਾ ਭਾਰਤੀ ਨਾਰੀਆਂ ਦੀ ਜਾਬਰਾਂ ਹਥੋਂ ਲੱਜ ਪਤਿ ਦੀ ਸਲਾਮਤੀ ਲਈ ਵੀ ਉਹਨਾਂ ਦੇ ਬਲਵਾਨ ਹੱਥਾਂ ਵਿਚ ਮਜ਼ਬੂਤ ਲੱਠ ਫੜਿਆ ਰਹਿੰਦਾ ਹੈ। ਦੇਸ ਦਾ ਘਟ ਹੋਵੇ, ਭਾਵੇਂ ਪ੍ਰਦੇਸ ਦਾ ਤਟ, ਜਾਬਰਾਂ ਦੀ ਗਿਣਤੀ ਵਧ ਹੋਵੇ ਭਾਵੇਂ ਘਟ, ਇਹ ਬਹਾਦਰ ਸੂਰਮੇ ਆਪਣੀਆਂ ਭਾਰਤੀ ਭੈਣਾਂ ਦੀ ਹੁੰਦੀ ਦੁਰਦਸ਼ਾ ਤਕ ਕੇ ਜਾਬਰਾਂ 'ਤੇ ਸ਼ੇਰਾਂ ਵਾਂਗ ਗਰਜ ਕੇ ਝਪਟਦੇ ਹਨ ਤੇ ਪਲਾਂ ਵਿਚ ਦੁਸ਼ਟਾਂ ਦੇ ਨਾਪਾਕ ਵਜੂਦ ਤੇ ਨੀਚ ਇਰਾਦਿਆਂ ਨੂੰ ਮਸਲ ਕੇ ਸੁਟ ਦੇਂਦੇ ਹਨ ਅਤੇ ਪਾਪੀਆਂ ਤੇ ਦੁਰਾਚਾਰੀਆਂ ਦੀਆਂ ਮੰਦ ਵਾਸ਼ਨਾਵਾਂ ਨੂੰ ਜੜ੍ਹਾਂ ਤੋਂ ਪੁਟ ਕੇ ਰਖ ਦੇਂਦੇ ਹਨ।

ਹੇਠ ਲਿਖੀ ਅਤਿ ਘਿਣਾਉਣੀ ਤੇ ਸ਼ਰਮਨਾਕ ਘਟਨਾ ਟੂਨਜ਼ਾਨੀਆ ਦੀ ਰਾਜਧਾਨੀ ਦਾਰਸਲਮ ਸ਼ਹਿਰ ਦੇ ਮੇਨ ਬਾਜ਼ਾਰ ਵਿਚ ੧੪-੪-੪੨ ਨੂੰ ਸ਼ਾਮ ਦੇ ਤਕਰੀਬਨ ੭-੩੦ ਵਜੇ ਘਟੀ।

ਦੂਸਰੀ ਵਡੀ ਸੰਸਾਰ ਜੰਗ ਆਪਣੇ ਪੂਰੇ ਜੋਬਨ 'ਤੇ ਸੀ। ਇਟਲੀ ਦੇ ਡਿਕਟੇਟਰ ਮਸੋਲੀਨੀ ਦੀਆਂ ਹਮਲਾਵਰ ਜੇਤੂ ਫ਼ੌਜਾਂ ਅਫ਼ਰੀਕਾ ਵਿਚਲੇ ਅੰਗਰੇਜ਼ਾਂ ਅਧੀਨ, ਮੁਲਕਾਂ ਦੇ ਸ਼ਹਿਰਾਂ ਤੇ ਕਸਬਿਆਂ ਨੂੰ ਤਬਾਹ ਤੇ ਬਰਬਾਦ ਕਰਦੀਆਂ ਫ਼ੌਜੀ ਤੇ ਸਿਵਿਲੀਅਨ ਜਨਤਾ ਦੇ ਖ਼ੂਨ ਦੇ ਦਰਿਆ ਵਹਾਉਂਦੀਆਂ ਹੋਈਆਂ ਕੈਨੀਆ ਦੀ ਸਰਹੱਦ ਵਲ ਵਧ ਰਹੀਆਂ ਸਨ। ਈਸਟ ਅਫ਼ਰੀਕਾ ਦੇ ਸਾਰੇ ਵਡੇ ਸ਼ਹਿਰਾਂ ਤੇ ਕਸਬਿਆਂ ਵਿਚ ਰਾਤ ਨੂੰ ਬਲੈਕ-ਹੋਲ ਜਾਰੀ ਸੀ। ਇਕੜ-ਦੁਕੜ ਇਟਾਲੀਅਨ ਬੰਬਾਰ ਨੈਰੋਬੀ ਤੇ ਮੰਬਾਸੇ ਦੇ ਮੰਡਲਾਂ ਤੇ ਉਡਾਨ ਕਰ ਕੇ ਮਾਮੂਲੀ ਜਿਹੀ ਬੰਬਾਰੀ ਕਰ ਚੁਕੇ ਸਨ। ਅੰਗਰੇਜ਼ਾਂ ਦੀਆਂ ਆਪਣੀਆਂ ਬੇਅੰਤ ਫ਼ੌਜਾਂ ਹਰ ਫ਼ਰੰਟ ਤੇ ਲੜ ਰਹੀਆਂ ਸਨ ਤੇ ਬਾਹਰੋਂ ਮਦਦ ਵਾਸਤੇ ਵੀ ਇੰਡੀਅਨ ਤੇ ਆਸਟਰੇਲੀਅਨ ਅਥਵਾ ਅਮਰੀਕਨ ਫ਼ੌਜਾਂ ਧੜਾ ਧੜ ਆ ਰਹੀਆਂ ਸਨ। ਸਾਰਾ ਮੁਲਕ ਹੀ ਫ਼ੌਜੀ ਛਾਉਣੀ ਵਿਚ ਤਬਦੀਲ ਹੋ ਚੁਕਾ ਸੀ। ਸ਼ਹਿਰਾਂ ਵਿਚ ਸਿਵਿਲੀਅਨ ਘਟ ਤੇ ਫ਼ੌਜੀ ਜਵਾਨ ਵਧੇਰੇ ਨਜ਼ਰ ਆਉਂਦੇ ਸਨ ਤੇ ਜਨਤਾ ਦੇ ਮਨਾਂ ਵਿਚ ਸਹਿਮ ਛਾਇਆ ਹੋਇਆ ਸੀ। ਸਭ ਲੋਗ ਡਰਦੇ ਮਾਰੇ ਹਨੇਰਾ ਹੋਣ ਤੋਂ ਪਹਿਲਾਂ ਪਹਿਲਾਂ ਹੀ ਆਪੋ ਆਪਣੇ ਟਿਕਾਣਿਆਂ ਤੇ ਪੁਜ ਕੇ ਖਾਣਾ ਬਣਾਉਂਦੇ, ਖਾਂਦੇ ਤੇ ਮਾਮੂਲੀ ਮੋਮ-ਬਤੀ ਦੇ ਨੀਮ ਹਨੇਰੇ ਵਿਚ ਹੀ ਸੌਂ ਜਾਂਦੇ ਤੇ ਭਵਿਖ ਵਿਚ ਪੇਸ਼ ਆਉਣ ਵਾਲੀਆਂ ਕਲਪਿਤ ਭਿਆਨਕ ਬਰਬਾਦੀਆਂ ਦੇ ਸੁਪਨੇ ਦੇਖਦੇ ਤੇ ਖ਼ੌਫ ਨਾਲ ਬੁੜਬੁੜਾਉਂਦੇ ਹੋਏ ਜੁਗਾਂ ਜੇਡੀਆਂ ਲੰਮੀਆਂ ਕਾਲੀਆਂ ਰਾਤਾਂ ਲੰਘਾਉਂਦੇ ਸਨ।

ਅੰਗਰੇਜ਼ੀ ਫ਼ੌਜਾਂ ਨਾਲੋਂ ਅਮਰੀਕਨ ਫ਼ੌਜਾਂ ਦਾ ਰੁਅਬ ਦਾਬ ਤੇ ਅਦਬ ਆਦਾਬ ਕਿਤੇ ਵਧੇਰੇ ਸੀ। ਉਹਨਾਂ ਦੀਆਂ ਸ਼ਾਨਦਾਰ ਚੰਗੇਰੀਆਂ ਵਰਦੀਆਂ, ਵਡੇਰੀਆਂ ਅਲਾਊਂਸ ਸਹਿਤ ਤਨਖ਼ਾਹਾਂ, ਸ਼ਾਹ-ਖ਼ਰਚੀਆਂ, ਐਸ਼-ਪ੍ਰਸਤੀਆਂ ਤੇ ਬਦਮਸਤੀਆਂ ਦੇ ਕਾਲੇ ਕਾਰਨਾਮੇ ਮੁਲਕ ਦੇ ਬੱਚੇ ਬੱਚੇ ਦੀ ਜ਼ਬਾਨ ਤੇ ਸਨ। ਹਨੇਰੇ ਸਵੇਰੇ ਜੇ ਕੋਈ ਅਫਰੀਕਨ ਜਾਂ ਭਾਰਤੀ ਇਕੱਲੀ ਦੁਕੱਲੀ ਨਾਰੀ ਉਹਨਾਂ ਦੇ ਢਹੇ ਚੜ੍ਹ ਜਾਂਦੀ, ਤਾਂ ਉਹ ਉਸ ਅਬਲਾ ਨੂੰ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਤਾੜਦੇ, ਸੀਟੀਆਂ ਮਾਰਦੇ, ਪੁਚਕਾਰਦੇ, ਡਾਲਰਾਂ ਦੇ ਢੇਰ ਉਸਦੇ ਸਿਰ ਤੋਂ ਵਾਰਦੇ, ਵਿਰੋਧ ਕਰਨ ਤੇ ਗੁਝੀਆਂ ਮਾਰਾਂ ਮਾਰਦੇ ਤੇ ਉਸਦੀ ਮਜਬੂਰੀ ਦਾ ਫ਼ਾਇਦਾ ਉਠਾਂਦੇ ਹੋਏ ਉਸ ਬੇਬਸ ਨਾਰੀ ਦੀ ਪਾਣ ਪਤਿ ਬੁਰੀ ਤਰ੍ਹਾਂ ਲੁਟਦੇ ਸਨ। ਲੋਕਲ ਪੋਲੀਸ ਤੇ ਮਿਲਟਰੀ ਪੋਲੀਸ ਵੀ ਉਹਨਾਂ ਤੇ ਘਟ ਹੀ ਹੱਥ ਪਾਉਂਦੀ ਤੇ ਲਗਦੇ ਵਾਹ ਉਹਨਾਂ ਤੋਂ ਕੰਨੀ ਹੀ ਕਤਰਾਉਂਦੀ ਸੀ।

ਇਸ ੧੪-੪-੪੨ ਵਾਲੇ ਦਿਨ ਆਕਾਸ਼ ਤੇ ਬਦਲ ਹੋਣ ਕਰਕੇ ਸਵਾ ਕੁ ਸਤ ਵਜੇ ਹੀ ਹਨੇਰਾ ਪਸਰਨਾ ਸ਼ੁਰੂ ਹੋ ਗਿਆ ਸੀ। ਸਤ ਨਸ਼ਈ ਤੇ ਭੂਤਰੇ ਹੋਏ ਅਮਰੀਕਨ ਫ਼ੌਜੀਆਂ ਨੇ ਬਾਜ਼ਾਰ ਦੀ ਇਕ ਹਨੇਰੀ ਨੁਕਰੇ ਇਕ ਭਾਰਤੀ ਨੌਜਵਾਨ ਲੜਕੀ ਤੇ ਉਸਦੇ ਬਜ਼ੁਰਗ ਪਿਤਾ ਨੂੰ ਘੇਰਿਆ ਹੋਇਆ ਸੀ। ਇਕ ਪਾਸੇ ਇਕ ਗਊ ਰੂਪੀ



www.AKJ.Org

ਨਾਰੀ ਤੇ ਇਕ ਨਿਰਬਲ ਸਾਹਸਹੀਨ ਪਿਤਾ ਤੇ ਦੂਸਰੇ ਪਾਸੇ ਸਤ ਹਟੇ ਕਟੇ ਅਤੇ ਜਵਾਨੀ ਤੇ ਸ਼ਰਾਬ ਦੇ ਨਸ਼ੇ ਵਿਚ ਮਤੇ ਹੋਏ ਨਿਰਦਈ ਬਘਿਆੜ ਆਪਣੇ ਸ਼ਿਕਾਰ ਤੇ ਟੁਟ ਟੁਟ ਪੈ ਰਹੇ ਸਨ।

ਇਹਨਾਂ ਫਿਟੇ ਹੋਏ ਬਦਮਸਤ ਸ਼ੈਤਾਨਾਂ ਵਿਚੋਂ ਕੋਈ ਲੜਕੀ ਦੀ ਕਮਰ ਵਿਚ ਹਥ ਪਾ ਕੇ ਆਪਣੀ ਵਲ ਖਿਚਦਾ, ਕੋਈ ਉਸਦੀ ਕਲਾਈ ਪਕੜ ਕੇ ਆਪਣੀ ਵਲ ਧੂੰਹਦਾ, ਕੋਈ ਉਸਦੇ ਅੰਗਾਂ ਨੂੰ ਤੋੜਦਾ ਤੇ ਮਰੋੜਦਾ, ਕੋਈ ਕਪੜੇ ਪਾੜਦਾ ਤੇ ਆਪਣੇ ਮਜ਼ਬੂਤ ਬਾਜ਼ੂਆਂ ਵਿਚ ਜਕੜਦਾ, ਝੰਝੋੜਦਾ ਤੇ ਆਪਣਾ ਘਿਰਣਤ ਮੁਖ ਉਸਦੇ ਉਜਲ ਮੁਖ ਨਾਲ ਜੋੜਦਾ ਸੀ। ਹਾਲਾਤ ਬਦ ਤੋਂ ਬਦਤਰ ਤੇ ਹੈਵਾਨੀਅਤ ਤੋਂ ਸ਼ੈਤਾਨੀਅਤ ਵਲ ਵਧ ਰਹੇ ਸਨ। ਉਹ ਪਾਪੀ ਦੁਸਾਸਨ ਰੂਪ ਧਾਰੀ ਸਰੇ-ਬਾਜ਼ਾਰ ਉਸ ਗਰੀਬ ਗਊ ਨੂੰ ਨਗਨ ਕਰਨ ਤੇ ਬੇਪਤੀ ਕਰਨ ਤੇ ਤੁਲੇ ਹੋਏ ਸਨ। ਲੜਕੀ ਤੇ ਉਸਦਾ ਪਿਤਾ ਭਿਜੀਆਂ ਅਖਾਂ ਨਾਲ ਕਦੇ ਇਕ ਦੂਸਰੇ ਦੀ ਬੇਬਸੀ ਤੇ ਹੰਝੂ ਵਹਾਉਂਦੇ, ਕਦੇ ਦੁਸ਼ਟ ਜਰਵਾਣਿਆਂ ਮੋਹਰੇ ਹੱਥ ਜੋੜਦੇ, ਪੈਰੀ ਪੈਂਦੇ ਤੇ ਰਹਿਮ ਦੀ ਭੀਖ ਮੰਗਦੇ, ਕਦੇ ਉਪਰ ਅਸਮਾਨ ਵਲ ਮੂੰਹ ਕਰ ਕੇ ਉਸ ਸਰਬ-ਸ਼ਕਤੀਮਾਨ ਤੋਂ ਕੋਈ ਗੈਬੀ ਮਦਦ ਵਾਸਤੇ ਵਿਲਕਦੇ ਹੋਏ ਹਾੜੇ ਕਢਦੇ ਸਨ। ਉਹਨਾਂ ਗੋਰਿਆਂ ਕਸਾਈਆਂ ਨੇ ਤਾਂ ਕੀ ਰਹਿਮ ਕਰਨਾ ਸੀ, ਉਹ ਤਾਂ ਆਖ਼ਰੀ ਹਮਲਾ ਕਰ ਕੇ ਉਸ ਅਭਾਗੀ ਪਤਵੰਤੀ ਦੀ ਪਤਿ ਲੁਟਣ ਵਾਸਤੇ ਲੰਗਰ ਲੰਗੋਟੇ ਕਸ ਰਹੇ ਸਨ ਕਿ ਉਸ ਸਰਬ ਸ਼ਕਤੀਮਾਨ ਨੇ ਉਸ ਗਊ-ਗਰੀਬ ਤੇ ਉਸਦੇ ਨਿਤਾਣੇ ਪਿਤਾ ਦੀ ਲਾਜ ਬਚਾਉਣ ਵਾਸਤੇ ਗੁਰੂ ਦਸਮੇਸ਼ ਦੇ ਤਿੰਨ ਸਿੰਘ ਸੂਰਮੇ ਨੌਜਵਾਨ ਭੇਜ ਦਿਤੇ।

ਸ਼ਾਮ ਦੇ ਸਤ ਵਜੇ ਹਾਕੀ ਖੇਲ ਕੇ ਤਿੰਨ ਰਿਸ਼ਟ ਪੁਸ਼ਟ ਨੌਜਵਾਨ ਸਿੰਘ ਘਰਾਂ ਨੂੰ ਪਰੱਤ ਰਹੇ ਸਨ ਕਿ ਉਹਨਾਂ ਨੇ ਸਰੇ ਬਾਜ਼ਾਰ ਇਹ ਵਹਿਸ਼ੀਆਨਾ ਤੇ ਅਤਿ ਘਿਰਣਤ ਦ੍ਰਿਸ਼ ਦੇਖਿਆ ਤੇ ਕੁਝ ਪਲਾਂ ਵਿਚ ਹੀ ਮੌਕੇ ਦੀ ਨਜ਼ਾਕਤ ਨੂੰ ਭਾਂਪ ਲਿਆ। ਕੁਝ ਕੁ ਮਿੰਟਾਂ ਦੀ ਦੇਰੀ ਹੀ ਉਸ ਅਭਾਗੇ ਪਵਿਤਰ ਘਰਾਣੇ ਦੀ ਮਾਨ-ਮਰਿਆਦਾ ਨਸ਼ਟ ਕਰ ਬੈਠੇਗੀ ਤੇ ਇਕ ਬੇਬਸ ਭਾਰਤੀ ਨਾਰੀ ਆਪਣੇ ਜੀਵਨ ਦੀ ਅਨਮੋਲ ਪੂੰਜੀ ਲੁਟਾ ਬੈਠੇਗੀ। ਬਸ ਫਿਰ ਕੀ ਸੀ, 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦਿਆਂ ਹੋਇਆਂ, ਹਾਕੀਆਂ ਸੂਤ ਕੇ ਸ਼ੇਰਾਂ ਵਾਂਗ ਉਹ ਸਿੰਘ ਸੂਰਮੇ ਅਮਰੀਕਨਾਂ ਤੇ ਝਪਟ ਪਏ। ਅਗੋਂ ਵੀ ਤਕੜਾ ਮੁਕਾਬਲਾ ਹੋਇਆ। ਗੋਰੇ ਭਾਵੇਂ ਨਿਹੱਥੇ ਸਨ ਤੇ ਉਹਨਾਂ ਨੂੰ ਇਹ ਗੁਮਾਨ ਹੀ ਨਹੀਂ ਸੀ ਕਿ ਕੋਈ ਗੁਰੂ ਕਾ ਲਾਲ ਉਹਨਾਂ ਤੇ ਹਮਲਾ ਕਰਨ ਦੀ ਜੁਰਅਤ ਕਰ ਸਕਦਾ ਹੈ। ਉਹਨਾਂ ਵੀ ਚੰਗੀ ਘਸੁੰਨ-ਮੁਕੀ ਕੀਤੀ ਤੇ ਤਕੜੀ ਲੜਾਈ ਲੜੀ। ਪਰ ਉਹ ਨਸ਼ਈ ਤੇ ਦੁਰਾਚਾਰੀ ਸਨ, ਇਸ ਲਈ ਸਦਾਚਾਰੀ ਸਿੰਘਾਂ ਦੇ ਮਾਰੂ ਵਾਰ ਨਾ ਸਹਾਰ ਸਕੇ। ਤੇ ਜਿਧਰ ਜਿਧਰ ਕਿਸੇ ਨੂੰ ਬਚਾਉ ਦਾ ਰਾਹ ਲਭਾ, ਉਧਰ ਉਧਰ ਹੀ ਤਿਤਰ ਬਿਤਰ ਤੇ ਭਗੌੜੇ ਹੋ ਗਏ।

ਲੜਕੀ ਤਾਂ ਇਹਨਾਂ ਸੂਰਬੀਰ ਵੀਰਾਂ ਦਾ ਲਖ ਲਖ ਧੰਨਵਾਦ ਕਰ ਕੇ ਆਪਣਾ ਹੁਲੀਆ ਤੇ ਕਪੜੇ ਸਵਾਰਨ ਲਗ ਪਈ, ਪਰ ਉਸਦੇ ਪਿਤਾ ਨੇ ਸ਼ੁਕਰਾਨੇ ਦੀ ਬਜਾਇ ਉਲਟਾ ਸਿੰਘਾਂ ਨੂੰ ਕੋਸਣਾ ਸ਼ੁਰੂ ਕਰ ਦਿਤਾ ਕਿ ਉਹਨਾਂ ਨੇ ਇਕ ਮਾਮੂਲੀ ਛੋਟੀ ਜਿਹੀ ਬਾਤ ਲਈ ਵਡੀ ਲੜਾਈ ਛੇੜ ਕੇ ਹੰਗਾਮਾ ਖੜਾ ਕਰ ਦਿਤਾ ਹੈ। ਉਸ ਨੇ ਜੇਬ ਵਿਚੋਂ ਨੋਟਾਂ ਦੇ ਬੰਡਲ ਦਿਖਾ ਕੇ ਦਾਅਵਾ ਕੀਤਾ ਕਿ ਪਹਿਲਾਂ ਮਿੰਨਤ ਨਾਲ ਤੇ ਆਖ਼ਰ ਇਹਨਾਂ ਨੋਟਾਂ ਦੀ ਬਦੌਲਤ ਉਹਨਾਂ ਰਾਖ਼ਸ਼ਿਸਾਂ ਤੋਂ ਨਜਾਤ ਹਾਸਲ ਕੀਤੀ ਜਾ ਸਕਦੀ ਸੀ।

ਇਸ ਤੇ ਇਕ ਜੋਸ਼ੀਲੇ ਨੌਜਵਾਨ ਸਿੰਘ ਨੇ ਬੇਅਣਖੇ ਤੇ ਮਨਹਾਰੇ ਬਜ਼ੁਰਗ ਨੂੰ ਗਲੇ ਤੋਂ ਪਕੜ ਕੇ ਇਤਨਾ ਝੰਜੋੜਿਆ ਕਿ ਉਸਦੇ ਨਿਰਬਲ ਵਜੂਦ ਦੇ ਸਾਰੇ ਦੇ ਸਾਰੇ ਅੰਗ ਨਿਸਲ ਤੇ ਢਿਲੇ ਹੋ ਗਏ ਤੇ ਨਾਲ ਹੀ ਕੜਕ ਕੇ ਵੰਗਾਰਿਆ ਕਿ ਤੂੰ ਅਤਿ ਕਮੀਨਾ ਤੇ ਜ਼ਲੀਲ ਇਨਸਾਨ ਹੈਂ, ਤੇਰੀ ਲੜਕੀ ਦੀ ਸ਼ਰੇਆਮ ਇਜ਼ਤ ਨੀਲਾਮ ਹੋ ਰਹੀ ਸੀ ਤੇ ਗਰੀਬ ਲੜਕੀ ਆਪਣੀ ਇਜ਼ਤ ਬਚਾਉਣ ਲਈ ਬਾਰ ਬਾਰ ਪੁਕਾਰ ਕਰ ਰਹੀ ਸੀ, ਵਿਰਲਾਪ ਕਰ ਰਹੀ ਸੀ, ਤੇ ਇਨਸਾਨੀਅਤ ਮਰ ਰਹੀ ਸੀ। ਅਸੀਂ ਭਾਰਤ ਦੇ ਜੰਮ-ਪਲ ਹੋਣ ਕਰਕੇ ਆਪਣੀ ਭਾਰਤੀ ਭੈਣ ਦਾ ਅਪਮਾਨ ਹੁੰਦਾ ਸਹਿਨ ਨਹੀਂ ਕਰ ਸਕੇ, ਪਰ ਤੂੰ ਉਸਦਾ ਪਿਤਾ ਹੁੰਦਾ ਹੋਇਆ ਵੀ ਆਪਣੀ ਲੜਕੀ ਦੀ ਬੇਪਤੀ ਹੁੰਦੀ ਦੇਖ ਕੇ ਕਿਵੇਂ ਜੀਉਂਦਾ ਰਹਿ ਗਿਆ, ਤੂੰ ਮਰ ਕਿਉਂ ਨਹੀਂ ਗਿਆ ? ਤੂੰ ਸਾਡੇ ਭਾਰਤੀ ਸਮਾਜ

 [ਬਾਕੀ ਸਫਾ ੨੬ ਤੇ] 

www.AKJ.Org

# ਸੇਵਾ ਵਲੋਂ ਉਪਰਾਮ ਸੇਵਾਦਾਰ ਨੂੰ

[ਸ: ਸੰਤਾ ਸਿੰਘ ਆਜਿਜ਼, ਲੁਧਿਆਣਾ]

ਗੁਰੂ ਪੰਥ ਦੀ ਸੇਵਾ ਵਲੋਂ ਮਨ ਤੇਰਾ ਕਿਉਂ ਝੂਰ ਰਿਹਾ ਹੈ ?
ਕੀ ਹੋਇਆ ਕੋਈ ਮਨ-ਮਤੀਆ ਗਹਿਰੀ ਅੱਖੀਂ ਘੂਰ ਰਿਹਾ ਹੈ।

ਗਹਿਰੀਆਂ ਅੱਖਾਂ ਵਲ ਨਾ ਵੇਖੀਂ, ਨਜ਼ਰਾਂ ਨੀਵੀਆਂ ਪਾਈ ਰਖੀਂ।
ਤਾਅਨੇ ਮੇਹਨੇ, ਝਿੜਕਾਂ ਸਹਿ ਕੇ, ਚਿਤ ਸੇਵਾ ਵਲ ਲਾਈ ਰਖੀਂ।

ਬੇਸ਼ਕ ਕਠਨ ਕਮਾਉਣੀ ਸੇਵਾ, ਮਨਮੁਖ ਸੇਵਾ ਕਰਨ ਨਾ ਦੇਵਣ।
ਸ਼ਹੁ-ਸਾਗਰ ਵਿਚ ਡੁਬਦੇ ਸੁਅਦੇ, ਗੁਰਸਿਖਾਂ ਨੂੰ ਤਰਨ ਨਾ ਦੇਵਣ।
ਹਥੀਂ ਕਰਨ ਨਾ ਦੂਹਰਾ ਡਕਾ, ਕਰ ਕਰ ਗੱਲਾਂ ਪਰਬਤ ਢਾਂਹਦੇ।
ਗੱਲਾਂ ਦੇ ਨਾਲ ਮਾਰਨ ਮੱਲਾਂ, ਗੱਲਾਂ ਦਾ ਹੀ ਖਟਿਆ ਖਾਂਦੇ।

ਸੇਵਾ ਲਈ ਨਹੀਂ ਮੋਹਲਤ ਪਲ ਦੀ, ਗੱਲਾਂ ਖ਼ਾਤਰ ਵਕਤ ਘਨੇਰਾ।
ਗੱਲਾਂ ਨਾਲ ਉਸਾਰਨ ਕੋਠੇ, ਕੜੀਆਂ, ਬਾਲੇ, ਛੱਤ, ਬਨੇਰਾ।
ਵਾਰ ਕਰਨ ਨਿੰਦਕ ਹਤਿਆਰੇ, ਹਥੀਂ ਪਕੜ ਕੁੰਦ ਸ਼ਮਸ਼ੀਰਾਂ।
ਤਨ ਜ਼ਖਮੀ ਮਨ ਵਿਆਕੁਲ ਹੋਵੇ, ਰਹਿ ਰਹਿ ਕੇ ਤੜਪਾਵਨ ਪੀੜਾਂ।

ਕਾਤਲ ਅਜ ਦਿਸਦੇ ਬਹੁਤੇਰੇ, ਵਿਰਲਾ ਕੋਈ ਮਸੀਹਾ ਦਿਸਦਾ।
ਮਰਹਮ ਲਾਵੇ ਜੋ ਜ਼ਖ਼ਮਾਂ ਤੇ, ਵਿਰਲਾ ਕੋਈ ਕਨਈਆ ਦਿਸਦਾ।
ਉਹ ਕੀ ਜਾਨਣ ਦਰਦ ਦਿਲਾਂ ਦਾ, ਦਿਲ ਜਿਹਨਾਂ ਨੇ ਪਥਰ ਕੀਤੇ।
ਉਹ ਕੀ ਜਾਨਣ ਪੀਰ ਪਰਾਈ, ਵਹਿੰਦੇ ਜ਼ਖ਼ਮ ਜਿਨ੍ਹਾਂ ਨਹੀਂ ਸੀਤੇ।

ਸੇਵਾ ਕਰੀਂ ਤੇ ਰਹੀਂ ਨਿਮਾਣਾ, ਤਾਂ ਜਗ ਤੇਰਾ ਮਾਣ ਕਰੇਗਾ।
ਜੋ ਸੇਵਾ ਨਿਸ਼ਕਾਮ ਕਰੇਗਾ, ਪ੍ਰਭੂ ਉਸ ਦਾ ਕਲਿਆਨ ਕਰੇਗਾ।

ਸੇਵਾ ਸੱਚੇ ਮਨੋਂ ਨਿਭਾਉਣੀ, ਵਿਚ ਰਜ਼ਾ ਦੇ ਰਾਜ਼ੀ ਰਹਿਣਾ।
ਸਭ ਦਾ ਮੀਤ ਸਦਾ ਸਮਦਰਸੀ, ਮੇਰੀ ਤੇਰੀ ਵਿਚ ਨਾ ਪੈਣਾ।

ਤਕ ਉਹਨਾਂ ਮਰਜੀਵੜਿਆਂ ਨੂੰ, ਕੌਮ ਦੀ ਖ਼ਾਤਰ ਮਰਦੇ ਜੇਹੜੇ।
ਖੂਨ ਜਿਗਰ ਦਾ ਡੋਲ੍ਹ ਡੋਲ੍ਹ ਕੇ ਕੌਮ ਦੇ ਦੁਖੜੇ ਹਰਦੇ ਜੇਹੜੇ।

ਮਨੀ ਸਿੰਘ ਨੇ ਸੇਵਾ ਬਦਲੇ, ਬੰਦ ਬੰਦ ਆਪਣੇ ਕਟਵਾਏ।
ਭਾਰੂ ਸਿੰਘ ਵਡ ਪਰਉਪਕਾਰੀ, ਗੁਰ ਸੇਵਾ ਲਈ ਪਰਾਣ ਲੜਾਏ।
ਨਿਕੇ ਨਿਕੇ ਬਾਲਾਂ ਹੱਠ ਕੀਤੇ, ਸਿਰ ਵਾਰੇ ਪਰ ਸਿਦਕ ਨਿਭਾਏ।
ਮਾਵਾਂ ਪੁਤਰ ਕਤਲ ਕਰਾ ਕੇ, ਹਾਰ ਸਿਰਾਂ ਦੇ ਗਲੇ ਪਵਾਏ।

ਦਸ ਵੀਹ ਨਹੀਂ ਪੜ੍ਹ ਲਵੋ ਹਜ਼ਾਰਾਂ, ਕਿਸ ਕਿਸ ਦੀ ਮੈਂ ਲਿਖਾਂ ਕਹਾਨੀ।
ਤਨ ਮਨ ਧਨ ਜਿਨ੍ਹਾਂ ਕੌਮ ਤੋਂ ਵਾਰੇ, ਪੰਥ ਲਈ ਕਰ ਗਏ ਕੁਰਬਾਨੀ।


www.AKJ.Org

ਜਦ ਸੇਵਾ ਤੇ ਲਗਿਆ ਲਹਿਣਾ, ਤਦ ਗੁਰੂ ਅੰਗਦ ਦੇਵ ਕਹਾਇਆ।
ਅਮਰੂ ਨਿਥਾਵਾਂ ਸੇਵਾ ਕਰਕੇ, ਥਾਂਵ ਨਿਥਾਵਿਆਂ ਦਾ ਕਹਿਲਾਇਆ।

ਫੁਲ ਮਹਿਕਣ ਵੰਡਣ ਖ਼ੁਸ਼ਬੋਆਂ, ਹਵਸੀ ਤੋੜਨ ਸੁੰਘ ਮਰੋੜਨ।
ਸੇਜ ਹੰਢਾਵਣ ਮਸਲ ਮੁਕਾਵਣ, ਫੁਲ ਸੁਗੰਧੀ ਮੂਲ ਨਾ ਛੋੜਨ।

ਫੁਲਾਂ ਵਾਂਗ ਤੂੰ ਵੰਡ ਮੁਸਕਾਨਾਂ, ਵੈਰੀ ਮੀਤ ਦਾ ਫ਼ਰਕ ਮਿਟਾਵੀਂ।
ਸੇਵਾ ਦੇ ਨਾਲ ਸਵਰਗ ਸਜਾਵੀਂ, ਜਗ ਤੋਂ ਨਿੰਦਿਆ ਨਰਕ ਮਿਟਾਵੀਂ।

ਸੇਵਾ ਸਿਮਰਨ ਸਿਖ ਦਾ ਜੀਵਨ, ਕਰ ਸੇਵਾ, ਸੇਵਾ ਕਰ ਭਾਈ।
ਗੁਰਬਾਣੀ ਮਾਰਗ ਸਮਝਾਂਦੀ, 'ਸੇਵਕ ਕਉ ਸੇਵਾ ਬਨਿ ਆਈ'।

---

[ਸਫ਼ਾ ੨੪ ਦੀ ਬਾਕੀ]

ਵਾਸਤੇ ਇਕ ਕਲੰਕ ਹੈਂ। ਅਗਰ ਤੂੰ ਆਪਣੀ ਲੜਕੀ ਦੀ ਪਤਿ ਇਹਨਾਂ ਦੁਸ਼ਟਾਂ ਤੋਂ ਨਹੀਂ ਬਚਾਅ ਸਕਦਾ ਤਾਂ ਅਸੀਂ ਇਸ ਭੈਣ ਨੂੰ ਆਪਣੇ ਨਾਲ ਲੈ ਜਾਂਦੇ ਹਾਂ। ਕਿਸੇ ਐਸੇ ਬਹਾਦਰ ਨੌਜਵਾਨ ਸਿੰਘ ਨਾਲ ਇਸਦਾ ਆਨੰਦ ਕਾਰਜ ਕਰ ਦਿਆਂਗੇ ਜਿਹੜਾ ਇਸਦੇ ਨੈਣ ਪਰਾਣ ਤੇ ਪਾਣ ਪਤਿ ਦੀ ਛਾਤੀ ਤਾਣ ਕੇ ਰਖਿਆ ਕਰ ਸਕੇ।

ਹੁਣ ਉਸ ਅਣਖਹੀਣ ਬਜ਼ੁਰਗ ਦੀ ਅਣਖ ਜਾਗੀ ਤੇ ਆਪਣੇ ਖ਼ਾਨਦਾਨ ਦੇ ਅਪਮਾਨ ਦਾ ਅਹਿਸਾਸ ਹੋਇਆ। ਹੱਥ ਜੋੜ ਕੇ ਕਹਿਣ ਲਗਾ, ਸਿੰਘ ਸਰਦਾਰੋ, ਤੁਹਾਡੇ ਬੇਗਰਜ਼ ਪਰਉਪਕਾਰਾਂ ਬਾਰੇ ਮੈਂ ਕਦੀ ਪੜ੍ਹਿਆ ਜ਼ਰੂਰ ਸੀ, ਪਰ ਮੈਨੂੰ ਉਸ ਤੇ ਯਕੀਨ ਹੀ ਨਹੀਂ ਆਉਂਦਾ ਸੀ, ਐਵੇਂ ਵਾਧੂ ਜਿਹੀਆਂ ਕਲਪਿਤ ਕਹਾਣੀਆਂ ਦਾ ਹੀ ਭੁਲੇਖਾ ਲਗਦਾ ਸੀ, ਪਰ ਅਜ ਮੈਂ ਆਪਣੀਆਂ ਅੱਖਾਂ ਨਾਲ ਪਰਤੱਖ ਇਹ ਮਹਾਨ ਪਰਉਪਕਾਰ ਦਾ ਸਾਕਾ ਦੇਖ ਲਿਆ ਹੈ। ਧੰਨ ਗੁਰੂ ਤੇ ਧੰਨ ਗੁਰੂ ਕੇ ਸਿੰਘ, ਮੈਂ ਦੋਨਾਂ ਨੂੰ ਅਸੰਖ ਅਸੰਖ ਨਮਸਕਾਰ ਕਰਦਾ ਹਾਂ। ਮੈਂ ਸਾਰੀ ਉਮਰ ਤੇ ਮੇਰੀ ਆਉਣ ਵਾਲੀ ਨਸਲ ਪੀੜ੍ਹੀ ਦਰ ਪੀੜ੍ਹੀ ਸਿੰਘਾਂ ਦੇ ਇਸ ਉਪਕਾਰ ਨੂੰ ਕਦੀ ਨਹੀਂ ਭੁਲਾਵੇਗੀ ਤੇ ਹਮੇਸ਼ਾ ਕੀਰਤੀ ਦੇ ਗੁਣ ਗਾਵੇਗੀ।

ਸਦ ਅਫ਼ਸੋਸ! ਭਾਰਤੀ ਧੀਆਂ ਭੈਣਾਂ ਦੀ ਪਤਿ ਆਪਣੇ ਆਤਮ-ਬਲ ਤੇ ਜਾਨ ਹੂਲ ਕੇ ਬਚਾਉਣ ਵਾਲੇ ਸਿੰਘਾਂ ਦੀਆਂ ਆਪਣੀਆਂ ਧੀਆਂ ਭੈਣਾਂ ਦੀ ਨਾਸ਼ੁਕਰੇ ਭਾਰਤੀਆਂ ਨੇ ਪੁਲੀਸ ਦੇ ਬਲ ਤੇ ਸਰੇ ਬਾਜ਼ਾਰ ਲਾਹ ਕੇ ਆਪਣੇ ਅਕ੍ਰਿਤਘਣੇ ਤੇ ਕਮੀਨਪੁਣੇ ਦਾ ਸਬੂਤ ਦਿਤਾ ਤੇ ਭਾਰਤੀ ਸਭਿਅਤਾ ਨੂੰ ਕਲੰਕਤ ਕੀਤਾ ਹੈ।

[ਨਵੀਂ ਛਪ ਰਹੀ ਪੁਸਤਕ "ਆਖਾਂ ਬਿਰਥਾ ਜੀਅ ਕੀ" ਵਿਚੋਂ

---


# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਮਤਿ ਬਿਬੇਕ ੭-੫੦ ਜੇਲ੍ਹ ਚਿਠੀਆਂ | ੧੫-੦੦ | ਰੰਗਲੇ ਸਜਣ ੭-੦੦ ਅਣਡਿਠੀ ਦੁਨੀਆ | ੧੦-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਸਚਖੰਡ ਦਰਸ਼ਨ ੧-੭੫ ਅੰਮ੍ਰਿਤ ਕੀ ਹੈ? | ੧-੦੦ |
| ਅਨਹਦ ਸ਼ਬਦ ਦਸਮ ਦੁਆਰ | ੬-੦੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੪-੦੦ |
| ਕੀ ਗੁਰ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ? | ੩-੭੫ | ਵਾਹਿਗੁਰੂ ਸਿਮਰਨ | ੦-੫੦ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਨਾਮ ਸੰਬੰਧੀ ਵਿਚਾਰ | ੦-੯੦ | ਉਮਰ ਕੈਦੀ ਦਾ ਸੁਪਨਾ | ੦-੭੫ |
| ਆਸਤਕ ਤੇ ਨਾਸਤਕ | ੦-੩੫ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੬੦ |
| ਤਿਮਰ ਗਿਆਨ ਤੋਂ ਉਜਿਆਰਾ | ੦-੩੦ | ਸਿੱਖੀ ਸਿਦਕ ਤੇ ਧਰਮ ਰੱਖਿਆ | ੦-੬੦ |
| ਸਿੰਘਾਂ ਦਾ ਪੰਥ ਨਿਰਾਲਾ | ੧-੦੦ | ਬਾਬਾ ਵੈਦ ਰੋਗੀਆਂ ਦਾ | ੦-੬੦ |
| ਅੰਮ੍ਰਿਤ ਕਲਾ | ੧-੦੦ | ਸੱਚੀਆਂ ਦਾੜ੍ਹੀਆਂ ੦-੪੦ ਸਿਖ ਕੌਣ ਹੈ? | ੦-੪੦ |
| ਕੋ ਵਿਰਲਾ ਗੁਰਮਤਿ ਚਲੈ ਜੀਉ | ੦-੫੦ | ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੮੦ |

**ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, ੨੩-ਜੀ, ਸਰਾਭਾ ਨਗਰ, ਲੁਧਿਆਣਾ**


www.AKJ.Org

# ਮੱਸੇ ਰੰਘੜ ਨੂੰ ਕਰਨੀ ਦਾ ਫਲ

[ਕੈਪਟਨ ਸਵਰਨ ਸਿੰਘ ਜੀ]

ਮੱਸੇ ਰੰਘੜ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਬੇ-ਹੁਰਮਤੀ ਦਾ ਜੋ ਕੁਕਰਮ ਕੀਤਾ ਸੀ, ਇਹ ਭਾਵੇਂ ਉਸ ਦੇ ਤੁਅਸਬੀ ਜਨੂੰਨ ਦੀ ਹੀ ਇਕ ਘਿਨਾਉਣੀ ਤਸਵੀਰ ਸੀ, ਪਰ ਸੀ ਇਹ ਦਿਲੀ ਦੀ ਮੁਗਲ ਹਕੂਮਤ ਦੀ ਵਿਉਂਤ, ਜਿਸ ਦੀ ਪੂਰਤੀ ਦਾ ਹੁਕਮ ਦਿਲੀ ਵਲੋਂ ਖ਼ਾਨ ਬਹਾਦਰ ਨੂੰ ਆਇਆ ਸੀ।

ਅਬਦੁ-ਸਮੱਦ ਖ਼ਾਨ ਨੇ ਸਿਖਾਂ ਦੀ ਮੁਕੰਮਲ ਤਬਾਹੀ ਲਈ ਪੂਰਾ ਤਾਣ ਲਾਇਆ। ਫਿਰ ਜ਼ਕਰੀਆ ਖ਼ਾਨ ਪੰਜਾਬ ਦਾ ਨਾਜ਼ਿਮ ਬਣਿਆ ਤਾਂ ਇਸ ਨੇ ਢਿਲ ਨਾ ਗੁਜ਼ਾਰੀ। ਸਿਖਾਂ ਉਤੇ ਸਖ਼ਤੀ ਕਰਨ ਵਿਚ ਇਹ ਆਪਣੇ ਪਿਉ ਨੂੰ ਵੀ ਪਿਛੇ ਛਡ ਗਿਆ। ਪਰ ਸਿਖ ਜਦ ਫਿਰ ਵੀ ਨਾ ਮੁਕੇ ਤਾਂ ਮੁਹੰਮਦ ਸ਼ਾਹ ਰੰਗੀਲੇ ਦਿਲੀ ਦੇ ਬਾਦਸ਼ਾਹ ਤੋਂ ਸਿਖਾਂ ਨੂੰ ਨਵਾਬੀ ਤੇ ਜਾਗੀਰ ਦਿਵਾਈ। ਇਸ ਦਾ ਅੰਦਰ-ਖਾਤੇ ਮਤਲਬ ਇਹ ਸੀ ਕਿ ਇਸ ਨਾਲ ਸਿਖਾਂ ਵਿਚ ਫੁਟ ਪਵੇਗੀ, ਕਮਜ਼ੋਰ ਹੋਣਗੇ ਤੇ ਫਿਰ ਬਰਬਾਦ ਕਰਨੇ ਮੁਸ਼ਕਲ ਨਹੀਂ ਹੋਣਗੇ। ਜਦ ਇਹ ਤਦਬੀਰ ਵੀਕਾਰਗਰ ਨਾ ਹੋਈ ਤਾਂ ਜ਼ਕਰੀਆ ਖ਼ਾਨ ਨੇ ਦਿਲੀ ਨਾਲ ਮਸ਼ਵਰਾ ਕਰ ਕੇ ਦਿੱਤੀ ਹੋਈ ਜਾਗੀਰ ਦਾ ਅਹਿਦ ਤੋੜ ਕੇ, ਸਿਖਾਂ ਉਤੇ ਫਿਰ ਸਖ਼ਤੀ ਅਰੰਭ ਦਿਤੀ। ਇਸੇ ਸਮੇਂ ਭਾਈ ਮਨੀ ਸਿੰਘ ਨੂੰ ਲਾਹੌਰ ਸੱਦ ਕੇ ਸ਼ਹੀਦ ਕੀਤਾ ਗਿਆ। ਸਿਖਾਂ ਦੀ ਕਤਲਾਮ ਜਾਰੀ ਸੀ ਕਿ ਨਾਦਰ ਸ਼ਾਹ ੧੭੩੯ ਸ਼ੁਰੂ ਵਿਚ ਚੜ੍ਹ ਕੇ ਆ ਗਿਆ। ਜ਼ਕਰੀਆ ਖ਼ਾਨ ਨਾਦਰ ਸ਼ਾਹ ਤੋਂ ਬੁਰੀ ਤਰ੍ਹਾਂ ਹਾਰਿਆ। ਸੁਲਹ ਲਈ ਬੇਨਤੀ ਕੀਤੀ, ਜੋ ਉਸ ਨੇ ਤਕੜੀ ਤਾਵਾਨ ਦੀ ਰਕਮ ਲੈ ਕੇ ਮਨਜ਼ੂਰ ਕਰ ਲਈ। ਜ਼ਕਰੀਆ ਖ਼ਾਨ ਨੂੰ ਲਾਹੌਰ ਦਾ ਗਵਰਨਰ ਬਣਿਆ ਰਹਿਣ ਦਿਤਾ ਛੱਡ ਕੇ, ਨਾਦਰ ਦਿਲੀ ਵਲ ਵਧਿਆ। ਨਾਦਰ ਸ਼ਾਹ ਦੇ ਚੜ੍ਹ ਆਉਣ ਕਰਕੇ ਜੋ ਰਾਮ-ਰੌਲਾ ਪੰਜਾਬ ਵਿਚ ਪਿਆ, ਇਸ ਨਾਲ ਫ਼ੌਜਾਂ ਦਾ ਧਿਆਨ ਦੂਜ ਪਾਸੇ ਹੋ ਜਾਣ ਕਰਕੇ ਸਿੰਘਾਂ ਨੂੰ ਕੁਝ ਸੁਖ ਦਾ ਸਾਹ ਆਇਆ। ਉਨ੍ਹਾਂ ਵੀ ਜੰਗਲਾਂ ਬੇਲਿਆਂ ਤੇ ਛੰਬਾਂ ਖਡਾਂ ਵਿਚੋਂ ਨਿਕਲ ਕੇ ਪੰਜਾਬ ਵਿਚ ਦਰਸ਼ਨ ਦੇਣੇ ਆਰੰਭ ਦਿਤੇ। ਇਸ ਸਮੇਂ ਤੋਂ ਉਨ੍ਹਾਂ ਚੰਗਾ ਲਾਭ ਉਠਾਇਆ। ਹਥਿਆਰਾਂ ਤੇ ਘੋੜਿਆਂ ਦੀ ਘਾਟ ਕਾਫ਼ੀ ਹੱਦ ਤਕ ਦੂਰ ਕਰ ਲਈ।

ਨਾਦਰ ਸ਼ਾਹ ਦਿਲੀ ਨੂੰ ਲੁਟ ਪੁਟ ਕੇ ਤੇ ਹਜ਼ਾਰਾਂ ਬੰਦੀ ਨਾਲ ਲੈ ਕੇ ਵਾਪਸ ਮੁੜਿਆ ਤੇ ਸਿੰਘ ਵੀ ਕਰਨਾਲ ਲੰਘਦੇ ਦੇ ਮਗਰ ਲੱਗ ਤੁਰੇ। ਐਸੇ ਝਪਟੇ ਮਾਰੇ ਕਿ ਉਸਦੇ ਸਿਆਲਕੋਟ ਅੱਪੜਨ ਤੱਕ ਉਸਦਾ ਕਾਫ਼ੀ ਭਾਰ ਹੌਲਾ ਕਰ ਦਿਤਾ ਤੇ ਹਜ਼ਾਰਾਂ ਬੰਦੀ—ਮੁੰਡੇ ਕੁੜੀਆਂ ਛੁਡਾ ਲਏ। ਮਾਨੋ ਬਘਿਆੜ ਦੀਆਂ ਜਾੜ੍ਹਾਂ ਚੋਂ ਮਾਸ ਖਿਚ ਲਿਆ। ਨਾਦਰ ਸ਼ਾਹ ਨੇ ਦਿਲੀ ਵਿਚ ਕਤਲਾਮ ਕੀਤਾ ਤੇ ਡੇਢ ਲੱਖ ਬੰਦਾ ਮਾਰਿਆ ਗਿਆ। ਉਹ ਪਤ ਦਿਨ ਦਿਲੀ ਵਿਚ ਰਿਹਾ ਤੇ ਇਥੋਂ ਦੀ ਸਾਰੀ ਦੌਲਤ ਸਮੇਟ ਲਈ। ਉਸਦੇ ਡਰ ਨਾਲ ਸਹਿਮੀ ਹੋਈ ਦਿਲੀ, ਉਸਦੇ ਤੁਰ ਜਾਣ ਪਿਛੋਂ ਵੀ ਕੰਬਦੀ ਲਰਜ਼ਦੀ ਰਹੀ। ਉਸ ਨੇ ਦਿਲੀ ਦਾ ਚਾਰ-ਚੁਫੇਰਾ ਵੀ ਤਬਾਹ ਕਰ ਦਿਤਾ। ਕਿਸੇ ਵੀ ਮਾਈ ਦੇ ਲਾਲ ਨੇ ਸਿਰ ਨਹੀਂ ਸੀ ਚੁਕਿਆ। ਜਿਸ ਦੇ ਨਾਮ ਤੋਂ ਸਾਰੇ ਏਸ਼ੀਆ ਨੂੰ ਕਾਂਬਾ ਛਿੜਦਾ ਸੀ, ਉਹ ਕਰਨਾਲੋਂ ਲੇ ਕੇ ਸਿਆਲ ਕੋਟ ਅੱਪੜਨ ਤਕ ਇਸ ਤਰ੍ਹਾਂ ਉਨ੍ਹਾਂ ਲੋਕਾਂ ਹੱਥੋਂ, ਜਿਨ੍ਹਾਂ ਪਾਸ ਨਾ ਪੂਰੇ ਹਥਿਆਰ ਤੇ ਨਾ ਘੋੜੇ, ਇੰਜ ਲੁਟਿਆ ਪੁਟਿਆ ਜਾਵੇ, ਇਕ ਬੜਾ ਵੱਡਾ ਇਤਿਹਾਸਕ ਅਚੰਭਾ ਹੈ। ਏਡੇ ਵੱਡੇ ਜਰਨੈਲ ਨਾਲ ਏਡੀ ਦੀਦਾ-ਦਲੇਰੀ ਵਾਲੀ ਗੁਸਤਾਖੀ! ਕ੍ਰੋਧ ਨਾਲ ਲੋਹੇ ਲਾਖਾ ਹੋ ਕੇ ਜ਼ਕਰੀਆ ਖ਼ਾਨ ਤੋਂ ਇਨ੍ਹਾਂ ਧਾੜਵੀਆਂ ਬਾਰੇ ਪੁਛਿਆ ਕਿ ਇਹ ਕੌਣ ਲੋਗ ਹਨ ਤੇ ਇਨ੍ਹਾਂ ਦੇ ਟਿਕਾਣੇ ਦਸੋ, ਤਾਕਿ ਮੈਂ ਜਾਣ ਤੋਂ ਪਹਿਲਾਂ ਇਨ੍ਹਾਂ ਨੂੰ ਫਨਾਹ-ਫਿਲਾ ਕਰ ਜਾਵਾਂ। ਜ਼ਕਰੀਆ ਖ਼ਾਨ ਨੇ ਜਦ ਸਿਖਾਂ ਦੀ ਸਾਰੀ ਹਕੀਕਤ ਦਸੀ ਕਿ ਇਨ੍ਹਾਂ ਦੇ ਟਿਕਾਣੇ ਇਨ੍ਹਾਂ ਦੇ ਘੋੜਿਆਂ ਦੀ ਕਾਠੀਆਂ ਜਾਂ ਭਖਦੀ ਰਣ-ਭੂਮੀ ਹੈ ਤਾਂ ਉਸਦਾ ਮੱਥਾ ਠਣਕਿਆ। ਉਸ ਨੇ ਜ਼ਕਰੀਆ ਖ਼ਾਨ ਨੂੰ ਸਖ਼ਤ ਤਾਕੀਦ ਤੇ ਨਸੀਅਤ ਕੀਤੀ ਕਿ ਜਿਵੇਂ ਵੀ ਹੋ ਸਕਦੈ, ਇਨ੍ਹਾਂ ਨੂੰ ਨੇਸਤੋ ਨਾਬੂਦ ਕਰ ਦੇਵੋ। ਮੈਂ ਹਰ ਤਰ੍ਹਾਂ ਨਾਲ ਸਹਾਇਤਾ ਕਰਾਂਗਾ। ਇਸ ਨੇਕ ਕੰਮ ਲਈ ਲਗਣ ਵਾਲਾ ਖ਼ਰਚਾ



www.AKJ.Org

ਸਾਲਾਨਾ ਬਾਜ਼ਗੁਜ਼ਾਰੀ ਵਿਚੋਂ ਮੁਜਰਾਇ ਕਰ ਦਿਤਾ ਜਾਵੇਗਾ। ਮੁਹੰਮਦ ਸ਼ਾਹ ਨੂੰ ਦਿਲੀ ਕਹਿਲਾ ਭੇਜਿਆ ਕਿ ਹੋਰ ਕੰਮ ਛਡ ਛਡਾ ਕੇ ਸਭ ਤੋਂ ਪਹਿਲਾਂ ਸਿਖਾਂ ਦੀ ਇਕ ਵਢਿਓਂ ਅਲਖ ਮੁਕਾਈ ਜਾਵੇ। ਜ਼ਕਰੀਆ ਖ਼ਾਨ ਦੀ ਪੈਸੇ, ਹਥਿਆਰਾਂ ਤੇ ਫ਼ੌਜ ਨਾਲ ਪੂਰੀ ਪੂਰੀ ਸਹਾਇਤਾ ਕੀਤੀ ਜਾਵੇ। ਇਹ ਸਖ਼ਤ ਤਾੜਨਾ ਕਰ ਕੇ ਨਾਦਰ ਸ਼ਾਹ ਅੱਗੇ ਨੂੰ ਤੁਰ ਪਿਆ ਤੇ ਸਿੰਘ ਜਿਹਲਮ ਪਾਰ ਤਕ ਉਸਦੇ ਮਗਰ ਲੱਗੇ ਰਹੇ ਤੇ ਉਸ ਦੀ ਲੁਟ ਦਾ ਭਾਰ ਤੇ ਬੰਦੀਆਂ ਦੀ ਗਿਣਤੀ ਹੌਲੀ ਕਰੀ ਗਏ। ਹਿੰਦੁਸਤਾਨ ਦਾ ਅੱਧਾ ਕੁ ਧਨ ਪਦਾਰਥ ਪੰਜਾਬ ਦੀ ਧਰਤੀ ਉਤੇ ਹੀ ਰਹਿ ਗਿਆ।

ਇਸ ਇਤਿਹਾਸਕ ਪਿਛੋਕੜ ਵਲ ਵੇਖਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਮੱਸੇ ਰੰਘੜ ਦਾ ਦਰਬਾਰ ਸਾਹਿਬ ਦੀ ਬੇਹੁਰਮਤੀ ਕਰਨਾ, ਕੋਈ ਉਸਦੀ ਆਪਣੀ ਨਿਜੀ ਦੀਦਾ-ਦਲੇਰੀ ਜਾਂ ਹੈਂਕੜ-ਬਾਜ਼ੀ ਨਹੀਂ ਸੀ, ਸਗੋਂ ਉਸ ਵੇਲੇ ਦੀ ਦਿੱਲੀ ਦੀ ਮੁਗ਼ਲ ਹਕੂਮਤ ਤੇ ਨਾਦਰ ਸ਼ਾਹ ਦੀ ਉਚ ਪਧਰੀ ਨੀਤੀ ਸੀ। ਇਸ ਵਿਉਂਤ ਨੂੰ ਸਿਰੇ ਚੜ੍ਹਾਉਣ ਲਈ ਜ਼ਕਰੀਆ ਖ਼ਾਨ ਤੇ ਮੱਸਾ ਰੰਘੜ ਹੱਥ-ਠੋਕਾ ਸਨ ਕਿ ਸਿਖਾਂ ਦਾ ਮਰਕਜ਼ (ਕੇਂਦਰ) ਖ਼ਤਮ ਕਰ ਦਿਤਾ ਜਾਵੇ ਤੇ ਇੰਜ ਸ੍ਰੀ ਗੁਰੂ ਨਾਨਕ ਦੇਵ ਦੇ ਸਿਖ ਧਰਮ ਨੂੰ ਸੰਸਾਰ ਵਿਚੋਂ ਹਮੇਸ਼ਾ ਲਈ ਮਿਟਾ ਦਿਤਾ ਜਾਵੇ।

ਦਿਲੀ ਤੇ ਲਾਹੌਰ ਦੀਆਂ ਮੁਗਲ ਹਕੂਮਤਾਂ ਨੇ ਸਿਖ ਧਰਮ ਨੂੰ ਸੰਸਾਰ ਵਿਚੋਂ ਖ਼ਤਮ ਕਰਨ ਦੇ ਮਨਸੂਬੇ ਨੂੰ ਪੂਰਾ ਕਰਨ ਲਈ ਆਪਣੇ ਵਲੋਂ ਹਰ ਹਰਬਾ ਵਰਤਿਆ, ਸਿੰਘਾਂ ਉਤੇ ਅਕਹਿ ਤੇ ਅਸਹਿ ਜ਼ੁਲਮ ਕੀਤੇ, ਜਿਨ੍ਹਾਂ ਦੀ ਦੁਨੀਆ ਦੇ ਇਤਿਹਾਸ ਵਿਚ ਕਿਧਰੇ ਮਿਸਾਲ ਨਹੀਂ ਮਿਲਦੀ। ਸਿਖ ਹਰ ਤਰ੍ਹਾਂ ਦੇ ਜ਼ੁਲਮ ਤੇ ਜਬਰ 'ਤੇਰਾ ਕੀਆ ਮੀਠਾ ਲਾਗੈ'' ਕਰ ਕੇ ਝਲਦੇ ਰਹੇ, ਹੱਸ ਹੱਸ ਆਪਣੀਆਂ ਜਾਨਾਂ ਦੇਂਦੇ ਰਹੇ, ਪਰ ਧਰਮ ਨਹੀਂ ਹਥੋਂ ਜਾਣ ਦਿਤਾ। ਹਰ ਹਾਲਤ ਵਿਚ ਆਪਣੇ ਆਪ ਨੂੰ ਚੜ੍ਹਦੀ ਕਲਾ ਵਿਚ ਰਖਿਆ ਅਤੇ ਸਿੱਖੀ ਦੀ ਹੋਂਦ ਨੂੰ ਮਿਟਾਉਣ ਵਾਲੇ ਵੈਰੀਆਂ ਨਾਲ ਡਟ ਕੇ ਲੋਹਾ ਲਈ ਗਏ। ਅਕਾਲ ਪੁਰਖ ਉਤੇ ਅਟੱਲ ਭਰੋਸਾ ਰਖਿਆ। ਸਿਖ ਧਰਮ ਨੂੰ ਮਿਟਾਉਣ ਵਾਲੇ ਖ਼ੁਦ ਮਿਟ ਗਏ। ਸਿੰਘਾਂ ਦਾ ਨਾਮ ਸਾਰੀ ਦੁਨੀਆ ਵਿਚ ਗੂੰਜਦਾ ਹੈ ਤੇ ਸਦਾ ਗੂੰਜਦਾ ਰਹੇਗਾ। ਜੋ ਕੌਮ ਆਪਣੇ ਇਸ਼ਟ ਵਿਚ ਸੱਚਾ ਭਰੋਸਾ ਰਖਦੀ ਹੈ, ਆਪਣੇ ਬਾਹੂ-ਬਲ ਤੇ ਮਾਣ ਰਖਦੀ ਹੈ, ਹਰ ਮੁਸੀਬਤ ਤੇ ਮੁਸ਼ਕਲ ਵਿਚ ਦਿਲ ਨਹੀਂ ਹਾਰਦੀ ਸਗੋਂ ਚੜ੍ਹਦੀ ਕਲਾ ਵਿਚ ਰਹਿੰਦੀ ਹੈ, ਮੁਸੀਬਤਾਂ ਦੇ ਤੂਫ਼ਾਨ ਉਸ ਦੇ ਸਿਰਾਂ ਉਤੋਂ ਦੀ ਲੰਘ ਕੇ ਖ਼ਤਮ ਹੋ ਜਾਂਦੇ ਹਨ ਤੇ ਕੌਮ ਚਟਾਨ ਵਾਂਗ ਅਹਿਲ ਤੇ ਅਡੋਲ ਖੜੀ ਰਹਿੰਦੀ ਹੈ, ਜਿਉਂ ਦੀ ਤਿਉਂ, ਕਿਸੇ ਅਗਲੇ ਤੂਫ਼ਾਨ ਦੀ ਉਡੀਕ ਵਿਚ, ਪਹਿਲੇ ਤੋਂ ਵੀ ਸਖ਼ਤ ਤੇ ਜ਼ੋਰਦਾਰ ਬਣ ਕੇ। ਮੁਕਾਬਲੇ ਵਿਚ ਹੀ ਸਵਾਦ ਹੈ। ਮੁਸ਼ਕਲਾਂ ਤੇ ਮੁਸੀਬਤਾਂ ਕੌਮਾਂ ਨੂੰ ਨਿਖਾਰਦੀਆਂ ਹਨ, ਮਜ਼ਬੂਤ ਤੋਂ ਮਜ਼ਬੂਤ-ਤਰ ਬਣਾਉਂਦੀਆਂ ਹਨ।

ਕੌਮਾਂ ਬਾਹਰਮੁਖੀ ਹਾਦਸਿਆਂ ਹਥੋਂ ਨਹੀਂ ਮਰਦੀਆਂ। ਇਨ੍ਹਾਂ ਨੂੰ ਇਨ੍ਹਾਂ ਦੇ ਅੰਦਰਲੇ ਭਭੀਖਣ ਲੈ ਡੁਬਦੇ ਹਨ। ਚਟਾਨਾਂ ਨੂੰ ਤੂਫ਼ਾਨ ਹਿਲਾ ਡੇਗ ਨਹੀਂ ਸਕਦੇ ਇਨ੍ਹਾਂ ਦੀਆਂ ਤਹਿਆਂ ਵਿਚ ਹੋਣ ਵਾਲੀ ਉਥੱਲ-ਪੁਥੱਲ ਇਨ੍ਹਾਂ ਨੂੰ ਭੋਰਾ ਭੋਰਾ ਕਰ ਦੇਂਦੀ ਹੈ।

ਫਿਰ ਗੱਲ ਤੁਰਦੀ ਹੈ ਜੁਝਾਰੂ ਕੌਮਾਂ ਦੇ ਇਤਿਹਾਸ ਦੀ। ਜੀਉਂਦੀਆਂ ਕੌਮਾਂ ਨੂੰ ਆਪਣੇ ਮਾਰਗ ਤੇ ਚਲਦਿਆਂ ਕਈ ਪ੍ਰਕਾਰ ਦੀਆਂ ਔਕੜਾਂ ਤੇ ਘਟਨਾਵਾਂ ਨਾਲ ਦੋ ਚਾਰ ਹੋਣਾ ਪੈਂਦਾ ਹੈ। ਕੁਝ ਹੋਈਆਂ ਵਾਪਰੀਆਂ ਘਟਨਾਵਾਂ ਨੂੰ ਇਨ ਬਿਨ ਵਰਨਣ ਕਰ ਦੇਣ ਦਾ ਨਾਂ ਇਤਿਹਾਸ ਨਹੀਂ ਹੈ। ਇਤਿਹਾਸ ਦੀ ਦ੍ਰਿਸ਼ਟੀ ਤੋਂ ਵੇਖਿਆਂ ਪਤਾ ਲਗਦਾ ਹੈ ਕਿ ਕਿਸੇ ਘਟਨਾ ਦਾ ਕਿਸੇ ਕੌਮ ਜਾਂ ਦੇਸ਼ ਨਾਲ ਕੀ ਸੰਬੰਧ ਹੈ, ਇਸ ਦਾ ਕਾਰਨ ਕੀ ਸੀ, ਇਸ ਦੇ ਵਾਪਰਨ ਨਾਲ ਉਸ ਕੌਮ ਜਾਂ ਦੇਸ਼ ਉਤੇ ਕੀ ਪ੍ਰਭਾਵ ਪਿਆ ਤੇ ਉਸ ਪ੍ਰਭਾਵ ਨੇ ਉਸ ਦੇਸ਼ ਕੌਮ ਨੂੰ ਕੀ ਸੇਧ ਦਿਤੀ। ਇਸ ਸੇਧ ਦੇ ਸਿੱਟੇ ਸਮੁੱਚੀ ਮਾਨਵਤਾ ਲਈ ਲਾਹੇਵੰਦੇ ਸਨ ਜਾਂ ਹਾਨੀਕਾਰਕ। ਇਤਿਹਾਸ ਬਾਦਸ਼ਾਹਾਂ ਦੇ ਆਪਸੀ ਭੇੜ, ਖ਼ੂਨ ਖ਼ਰਾਬੇ, ਆਪਸੀ ਬਰਬਾਦੀ, ਰਾਜਾਂ ਦੇ ਉਸਰਨ ਤੇ ਡਿਗਣ ਦੇ ਲਿਖਤੀ ਰਿਕਾਰਡ ਦਾ ਨਾਂ ਨਹੀਂ, ਸਗੋਂ ਇਹ ਜੀਉਂਦੀਆਂ ਕੌਮਾਂ ਦੀ ਚਾਲ ਦੀ ਝਲਕ ਦਰਸਾਉਂਦਾ ਹੈ, ਉਨ੍ਹਾਂ ਦੀ ਸਭਿਅਤਾ ਤੇ ਸੰਸਕ੍ਰਿਤੀ ਦਾ ਅਕਸ


www.AKJ.Org

ਹੁੰਦਾ ਹੈ, ਜਿਹੜਾ ਕਿ ਕੁਝ ਕਾਰ-ਗੁਜ਼ਰੀ ਤੇ ਮਾਨਵਤਾ ਨੂੰ ਉਨ੍ਹਾਂ ਦੇ ਕੀਤੇ ਦੀ ਦੇਣ ਬਾਰੇ ਦਸਦਾ ਹੈ।

ਮੱਸੇ ਰੰਘੜ ਵਾਲਾ ਘਟਨਾ ਕੋਈ ਇਕੱਲ-ਮੁਕੱਲੀ ਜਾਂ ਨਿਖੜਵੀਂ ਘਟਨਾ ਨਹੀਂ, ਜੋ ਅਚਨਚੇਤ ਹੀ ਵਾਪਰ ਗਈ। ਇਹ ਹਿੰਦੁਸਤਾਨ ਦੀ ਮੁਗ਼ਲੀਆ ਸਰਕਾਰ ਦੀ ਗਿਣੀ ਮਿਥੀ ਨੀਤੀ ਦਾ ਸਿੱਟਾ ਸੀ। ਸਿਖ ਧਰਮ ਦੇ ਖ਼ਾਤਮੇ ਦੇ ਮਨਸੂਬੇ ਦੀ ਪ੍ਰਤੀਕ, ਮੁਗ਼ਲ ਸਾਮਰਾਜ ਦਾ ਸਮੁੱਚੀ ਸਿਖ ਕੌਮ ਉਤੇ ਭਰਪੂਰ ਮਾਰੂ ਹਮਲਾ। ਇਸ ਦੇ ਆਦਿ ਅੰਤ ਨੂੰ ਸਮਝਣ ਲਈ ਇਸ ਦੇ ਪਿਛੋਕੜ ਦਾ ਅਧਿਐਨ ਅਤੀ ਜ਼ਰੂਰੀ ਹੈ।

## ਕੁਝ ਥੋੜਾ ਜਿਹਾ ਪਿਛੋਕੜ ਬਾਰੇ—

ਗੁਰਦਾਸ ਨੰਗਲ ਦੇ ਬੜੇ ਲੰਮੇ ਸਮੇਂ ਦੇ ਘੇਰੇ ਦਾ ਅੰਤ ਬੰਦਾ ਸਿੰਘ ਤੇ ਉਸ ਦੇ ਸਾਥੀਆਂ ਦੀ ਗ੍ਰਿਫਤਾਰੀ ਨਾਲ ਹੋਇਆ। ਇਨ੍ਹਾਂ ਨੂੰ ਦਿਲੀ ਲਿਜਾ ਕੇ ਮਾਰਚ ਜੂਨ ੧੭੧੬ ਤਕ ਕਤਲ ਕਰ ਦਿਤਾ। ਇਸ ਨਾਲ ਸਿਖਾਂ ਦੀ ਜਥੇਬੰਦਕ ਸ਼ਕਤੀ ਕੁਝ ਸਮੇਂ ਲਈ ਖੇਰੂ ਖੇਰੂ ਹੋ ਗਈ। ਇਸ ਤੋਂ ਛੇਤੀ ਹੀ ਪਿਛੋਂ ਲਾਹੌਰ ਦੇ ਨਾਜ਼ਮ ਅਬਦੁ-ਸਮੱਦ ਖ਼ਾਨ ਦਲੇਰੇ-ਜੰਗ ਨੇ ਬਾਦਸ਼ਾਹੀ ਆਗਿਆ ਅਨੁਸਾਰ ਸਿੰਘਾਂ ਦੀ ਨਵੇਂ ਸਿਰਿਓਂ ਕਤਲਾਮ ਅਰੰਭ ਦਿਤੀ।

ਅਬਦੁ-ਸਮੱਦ ਖ਼ਾਨ ਨੇ ਸਿਖਾਂ ਉਤੇ ਕੀ ਕੀ ਜ਼ੁਲਮ ਢਾਹੇ, ਇਸ ਬਾਰੇ ਪ੍ਰਸਿਧ ਇਤਿਹਾਸਕਾਰ ਮੁਹੰਮਦ ਲਤੀਫ ਆਪਣੀ ਕਿਤਾਬ 'ਹਿਸਟਰੀ ਆਫ਼ ਦੀ ਪੰਜਾਬ' ਵਿਚ ਇੰਜ ਜ਼ਿਕਰ ਕਰਦਾ ਹੈ: "ਸਿਖਾਂ ਨੂੰ ਨੀਚਾ ਵਿਖਾ ਕੇ ਅਤੇ ਉਨ੍ਹਾਂ ਦੇ ਆਗੂ ਬੰਦਾ (ਸਿੰਘ) ਨੂੰ ਮਾਰ ਮੁਕਾ ਕੇ, ਉਨ੍ਹਾਂ ਦੀ ਤਾਕਤ ਨੂੰ ਤਹਿਸ ਨਹਿਸ ਕਰਨ ਅਤੇ ਉਨ੍ਹਾਂ ਦੀ ਕੌਮੀ ਦੀ ਜੜ ਮੇਖ ਪੁਟ ਦੇਣ ਲਈ ਅਬਦੁ-ਸਮੱਦ ਖ਼ਾਨ ਨੇ ਬਹੁਤ ਸਖ਼ਤੀ ਕੀਤੀ। ਇਕ ਬਾਦਸ਼ਾਹੀ ਫ਼ਰਮਾਨ ਜਾਰੀ ਕੀਤਾ ਗਿਆ ਕਿ [ਗੁਰੂ] ਨਾਨਕ ਦੇ ਧਰਮ ਨੂੰ ਮੰਨਣ ਵਾਲਿਆਂ ਨੂੰ ਤਲਵਾਰ ਦੇ ਘਾਟ ਉਤਾਰ ਦਿਤਾ ਜਾਵੇ। ਅਤੇ ਹਰ ਇਕ ਸਿਖ ਦੇ ਸਿਰ ਲਈ ਇਨਾਮ ਰਖ ਦਿਤਾ ਗਿਆ। ਭੂਤਰੇ ਹੋਏ ਮੁਸਲਮਾਨਾਂ ਨੇ ਉਨ੍ਹਾਂ ਨੂੰ ਕਿਧਰੇ ਚੈਨ ਨਾ ਲੈਣ ਦਿਤਾ। ਅਤੇ ਜਿਥੇ ਕਿਧਰੇ ਵੀ ਕੋਈ ਸਿਖ ਮਿਲਿਆ, ਉਸ ਨੂੰ ਬੜੀ ਬੇਕਿਰਕੀ ਨਾਲ ਥਾਂ ਤੇ ਹੀ ਕੋਹ ਸੁਟਿਆ ਗਿਆ। ਇਸ ਫ਼ਰਮਾਨ ਦੀ ਇਨ ਇਨ ਪੂਰੀ ਪੂਰੀ ਪੈਰਵੀ ਲਈ ਸਭ ਹਿੰਦੂ ਤੇ ਮੁਸਲਮਾਨਾਂ ਨੂੰ ਸਖ਼ਤੀ ਨਾਲ ਹੁਕਮ ਦਿਤਾ ਗਿਆ ਕਿ ਉਹ ਆਪਣੇ ਸਿਰ ਮੂੰਹ ਦੇ ਵਾਲ ਕਟਵਾ ਕੇ ਛੋਟੇ ਕਰਾ ਲੈਣ। ਹਿੰਦੂਆਂ ਨੂੰ ਤਾਂ ਖਾਸ ਕਰ ਹੁਕਮ ਹੋਇਆ ਕਿ ਉਹ ਆਪਣੇ ਸਿਰਾਂ ਦੀ ਰਗੜਾ ਕੇ ਹਜਾਮਤ ਕਰਾ ਲੈਣ। ਜੇ ਕਿਤੇ ਕੋਈ ਲੰਮੀ ਦਾੜ੍ਹੀ ਜਾਂ ਕੇਸਾਂ ਵਾਲਾ ਹਿੰਦੂ ਮਿਲ ਜਾਂਦਾ ਤਾਂ ਥਾਂ ਤੇ ਕਤਲ ਕਰ ਦਿਤਾ ਜਾਂਦਾ......।"*

## ਸਿਖਾਂ ਦੀ ਇਕ-ਵੱਢਿਓਂ ਕਤਲਾਮ ਦਾ ਪਹਿਲਾ ਹੁਕਮ :—

ਸਿਖਾਂ ਦੀ ਇਕ ਵੱਢਿਓਂ ਕਤਲਾਮ ਦਾ ਸਭ ਤੋਂ ਪਹਿਲਾ ਹੁਕਮ ਬਹਾਦਰ ਸ਼ਾਹ ਬਾਦਸ਼ਾਹ ਨੇ ਬੰਦਾ ਸਿੰਘ ਬਹਾਦਰ ਦੇ ਵਿਰੁਧ ਲੋਹਗੜ੍ਹ ਦੀ ਲੜਾਈ ਦੀ ਫ਼ਤਹ ਤੋਂ ਕੁਝ ਦਿਨ ਬਾਅਦ ੧੦ ਦਸੰਬਰ ੧੭੧੦ ਈਸਵੀ ਨੂੰ ਜਾਰੀ ਕੀਤਾ ਸੀ। ਇਹ ਇੰਜ ਹੋਇਆ ਕਿ ਬਹਾਦਰ ਸ਼ਾਹ ਦੀ ਫ਼ੌਜ ਨੇ ਬੰਦਾ ਸਿੰਘ ਤੇ ਉਸ ਦੇ ਸਿੰਘਾਂ ਹਥੋਂ ਸਢੌਰੇ ਤੇ ਲੋਹਗੜ੍ਹ ਦੀਆਂ ਲੜਾਈਆਂ ਵਿਚ ਬੁਰੀ ਤਰ੍ਹਾਂ ਮਾਰ ਖਾਧੀ ਸੀ। ਸ਼ਾਹੀ ਸੈਨਾ ਦਾ ਮਾਲੀ ਤੇ ਜਾਨੀ ਨੁਕਸਾਨ ਕਾਫ਼ੀ ਹੋਇਆ। ਬਾਦਸ਼ਾਹ ਬੰਦਾ ਸਿੰਘ ਤੇ ਉਸ ਦੇ ਸਾਥੀਆਂ ਨੂੰ ਜ਼ਿੰਦਾ ਫੜਨਾ ਚਾਹੁੰਦਾ ਸੀ। ਬੜੇ ਵੱਡੇ ਲਾਮ-ਲਸ਼ਕਰ, ਉਘੇ ਜਰਨੈਲਾਂ ਤੇ ਆਪਣੇ ਸ਼ਹਿਜ਼ਾਦਿਆਂ ਨਾਲ ਬਾਦਸ਼ਾਹ ਆਪ ਮੈਦਾਨ ਵਿਚ ਸੀ। ਏਨੇ ਵੱਡੇ ਘੇਰੇ ਚੋਂ ਬੰਦਾ ਸਿੰਘ ਤੇ ਉਸ ਦੇ ਸਾਥੀ ਸਿੰਘਾਂ ਦਾ ਬਚ ਕੇ ਨਿਕਲ ਜਾਣਾ ਬਾਦਸ਼ਾਹ ਦੀ ਬੜੀ ਵੱਡੀ ਹਾਰ ਸੀ। ਉਹ ਬੁਖ਼ਲਾ ਉਠਿਆ। ਕਰੋਧ-ਵੱਸ ਹੋ ਕੇ ਉਸ ਨੇ ਆਪਣਾ ਗੱਚ ਸਿਖਾਂ ਦੀ ਸਮੁਚੀ ਕਤਲਾਮ ਦਾ ਸ਼ਾਹੀ ਫ਼ਰਮਾਨ ਜਾਰੀ ਕਰ ਕੇ ਕਢਿਆ। ਬਾਦਸ਼ਾਹ ਨੇ ਬਖਸ਼ੀ-ਉਲ-ਮੁਲਕ ਮਹਾਬਤ ਖ਼ਾਨ ਬਹਾਦਰ ਨੂੰ ਹੁਕਮ ਦਿਤਾ ਕਿ ਸ਼ਾਹਜਹਾਨਾਬਾਦ ਦੇ ਆਲੇ ਦੁਆਲੇ ਦੇ ਫ਼ੌਜਦਾਰਾਂ ਨੂੰ ਲਿਖ ਦੇਵੇ ਕਿ ਨਾਨਕ-ਪੂਜ (ਸਿਖ) ਜਿਥੇ

*ਮੁਹੰਮ ਲਤੀਫ਼, ਹਿਸਟਰੀ ਆਫ਼ ਦੀ ਪੰਜਾਬ, ਸਫ਼ਾ ੧੮੮



www.AKJ.Org

ਕਿਧਰੇ ਵੀ ਮਿਲਣ, ਫ਼ੌਰਨ ਥਾਂ ਤੇ ਹੀ ਮਾਰ ਦਿਤੇ ਜਾਣ। ਮਾਰੇ ਜਾਣ ਵਾਲੇ ਸਿਖ ਦਾ ਮਾਲ ਤੇ ਜਾਇਦਾਦ ਉਸ ਨੂੰ ਕਤਲ ਕਰਨ ਵਾਲੇ ਦਾ ਇਨਾਮ ਵਜੋਂ ਹੋਵੇਗਾ। ਹਿੰਦੂਆਂ ਨੇ ਆਪਣੀ ਖਲ ਬਚਾਉਣ ਲਈ ਮੁਸਲਮਾਨ ਹਾਕਮਾਂ ਦਾ ਵਾਹਵਾ ਹੱਥ ਵਟਾਇਆ, ਤੇ ਇੰਜ ਆਪਣੀ ਨੇਕਨਾਮੀ ਤੇ ਵਫ਼ਾਦਾਰੀ ਸਰਕਾਰੇ ਦਰਬਾਰੇ ਚੰਗੂ ਪੱਕੀ ਕਰਾਈ। ਮਾਝੇ ਰਿਆੜਕੀ ਦੁਆਬੇ ਅਤੇ ਸਰਹੰਦ ਵਿਚ ਤਾਂ ਸਿਖਾਂ ਦੇ ਘਾਣ ਲਥ ਗਏ।

**ਸਿਖਾਂ ਦੀ ਕਤਲਾਮ ਦਾ ਦੂਸਰਾ ਫ਼ਰਮਾਨ :—**

ਸਿੰਘਾਂ ਦੀ ਕਤਲਾਮ ਦਾ ਦੂਸਰਾ ਹੁਕਮ ਬਾਦਸ਼ਾਹ ਫ਼ਰਖ਼ਸੀਅਰ ਨੇ, ਬੰਦਾ ਸਿੰਘ ਤੇ ਉਸ ਦੇ ਸਾਥੀ ਸਿੰਘਾਂ ਦੇ ਦਿਲੀ ਵਿਚ ਕਤਲ ਕੀਤੇ ਜਾਣ ਤੋਂ ਥੋੜਾ ਚਿਰ ਬਾਅਦ ਜਾਰੀ ਕੀਤਾ, ਜਿਸ ਦਾ ਜ਼ਿਕਰ ਮੁਹੰਮਦ ਲਤੀਫ਼ ਨੇ ਉਪਰ ਦਸੇ ਅਨੁਸਾਰ ਆਪਣੀ ਪੁਸਤਕ ਵਿਚ ਕੀਤਾ ਹੈ। ਇਸ ਸੰਬਧ ਵਿਚ "ਮਿਫ਼ਤਾਹ-ਉ-ਤਵਾਰੀਖ਼" ਦਾ ਕਰਤਾ ਲਿਖਦਾ ਹੈ ਕਿ ਉਸ (ਬੰਦਾ ਸਿੰਘ) ਦੇ ਕਤਲ ਦੇ ਬਾਅਦ ਸ਼ਾਹੀ ਹੁਕਮ ਜਾਰੀ ਹੋ ਗਿਆ ਕਿ ਜਿਥੇ ਕਿਧਰੇ ਵੀ ਇਸ ਫ਼ਿਰਕੇ (ਨਾਨਕ-ਪ੍ਰਸਤ) ਦੇ ਲੋਕ ਮਿਲਣ, ਬਿਨਾਂ ਝਿਜਕ ਮਾਰ ਦਿਤੇ ਜਾਣ। ਚੁਨਾਂਚਿ ਇਹ ਵੇਲਾ ਟਪਾਉਣ ਲਈ ਮੁਸਲਮਾਨਾਂ (ਹਾਕਮਾਂ) ਦੀਆਂ ਨਜ਼ਰਾਂ ਤੋਂ ਉਹਲੇ ਰਹਿ ਕੇ ਚੋਖਾ ਚਿਰ ਜੰਗਲਾਂ ਬੇਲਿਆਂ ਤੇ ਪਹਾੜਾਂ ਵਿਚ ਲੁਕੇ ਰਹੇ।

ਸਿੰਘਾਂ ਉਤੇ ਬਿਪਤਾ ਦੇ ਪਹਾੜ ਟੁਟ ਪਏ। ਕਤਲਾਮ ਦਾ ਇਹ ਸ਼ਾਹੀ ਫ਼ਰਮਾਨ ਢੰਡੋਰਚੀਆਂ ਨੇ ਢੋਲ ਵਜਾ ਵਜਾ ਕੇ ਸਾਰੀ ਪਾਸੀਂ ਫੇਰ ਦਿਤਾ। ਇਕ ਵਢੋਂ ਹੀ ਸਰਕਾਰੀ ਕਾਰਿੰਦੇ (ਆਮਲ, ਮੁਹਾਸਿਲ, ਫ਼ੌਜਦਾਰ ਆਦਿ) ਸਿੰਘਾਂ ਦੀ ਜਾਨ ਦੇ ਵੈਰੀ ਹੋ ਗਏ। ਮਾਤਹਿਤਾਂ ਨੇ ਵੱਡਿਆ ਅਫਸਰਾਂ ਨੂੰ ਖੁਸ਼ ਕਰਨ ਲਈ ਪਿੰਡਾਂ ਵਿਚੋਂ ਸਿੰਘਾਂ ਦੀਆਂ ਢਾਣੀਆਂ ਦੀਆਂ ਢਾਣੀਆਂ ਫੜ ਕੇ ਲਾਹੌਰ ਪਹੁੰਚਾਉਣੀਆਂ ਸ਼ੁਰੂ ਕਰ ਦਿਤੀਆਂ। ਕਿਸ ਵਡੇ ਅਫਸਰ ਨੂੰ ਇਹ ਫ਼ੁਰਸਤ ਸੀ ਕਿ ਪੁਣ ਛਾਣ ਕਰੇ ਕਿ ਬਾਗੀ ਕੌਣ ਹਨ ਤੇ ਬੇਗੁਨਾਹ ਕੌਣ ? ਸਿਖ ਹੋਣਾ ਹੀ ਸਭ ਤੋਂ ਵੱਡਾ ਦੋਸ਼ ਸੀ। ਫੜੇ ਆਏ ਸਿੰਘਾਂ ਨੂੰ ਕੋਈ ਜੁਰਮ ਜਾਂ ਦੋਸ਼ ਦਸਿਆ-ਪੁਛਿਆ ਨਾ ਜਾਂਦਾ। ਸਿਰਫ਼ ਇਕ ਹੀ ਸਵਾਲ ਕੀਤਾ ਜਾਂਦਾ ਕਿ ਕੀ ਤੁਸੀਂ ਜਾਨ ਬਚਾਉਣ ਲਈ ਮੁਸਲਮਾਨ ਹੋਣ ਲਈ ਤਿਆਰ ਹੋ ? ਜੋ ਮੁਸਲਮਾਨ ਹੋ ਜਾਵੇਗਾ, ਉਸ ਨੂੰ ਸਿਰਫ਼ ਛੱਡ ਹੀ ਨਹੀਂ ਦਿਤਾ ਜਾਵੇਗਾ, ਸਗੋਂ ਸਰਕਾਰ ਵਲੋਂ ਪੂਰਾ ਆਦਰ ਮਾਣ ਤੇ ਹਰ ਪ੍ਰਕਾਰ ਦੀ ਸਹੂਲਤ ਮਿਲੇਗੀ। ਇਸ ਚਾਰ ਦਿਨ ਦੀ ਜ਼ਿੰਦਗੀ ਦੇ ਕੂੜੇ ਲਾਲਚ ਨੂੰ ਕਿਸੇ ਸਿਖ ਨੇ ਨਾ ਕਬੂਲਿਆ। ਹੱਸ ਹੱਸ ਤਸੀਹੇ ਝਲਦੇ ਸ਼ਹੀਦ ਹੋਈ ਗਏ। ਨਖਾਸ ਮੰਡੀ ਨੂੰ ਬੁਚੜਖਾਨੇ ਵਿਚ ਤਬਦੀਲ ਕਰ ਦਿਤਾ ਗਿਆ। ਸਿਰਾਂ ਦੇ ਮਿਨਾਰ ਉਸਰਦੇ ਰਹੇ। ਲਾਸ਼ਾਂ ਦੇ ਡੱਕਰੇ ਕਰ ਕੇ ਥਾਂ ਥਾਂ, ਖ਼ਾਸ ਕਰ ਚੁਰਾਹਿਆਂ ਵਿਚ ਟੰਗਿਆ ਜਾਂਦਾ, ਜਿਥੇ ਇਨ੍ਹਾਂ ਨੂੰ ਬਹੁਤ ਲੋਕ ਵੇਖ ਸਕਣ। ਇਨ੍ਹਾਂ ਇਨਸਾਨੀ ਅੰਗਾਂ ਨੂੰ ਕੁਝ ਦਿਨਾਂ ਪਿਛੋਂ ਕਾਂ ਕੁੱਤੇ ਨੋਚਦੇ ਖਾਂਦੇ ਨਜ਼ਰ ਆਉਂਦੇ। ਕਟਿਆਂ ਸਿਰਾਂ ਦੇ ਲੰਮੇ ਕੇਸ ਤੇ ਦਾੜ੍ਹੇ ਹਵਾ ਨਾਲ ਉਡਦੇ ਦਿਸਦੇ। ਕਾਂ ਅਖਾਂ ਕੱਢ ਖਾ ਰਹੇ ਹਨ। ਇਹ ਇਕ ਆਮ ਮਨਜ਼ਰ ਹੁੰਦਾ ਸੀ। ਕੁਝ ਦਿਨਾਂ ਪਿਛੋਂ ਸਿਰ ਸੜ ਉਠਦੇ ਤਾਂ ਹਲਾਲਖ਼ੋਰ (ਭੰਗੀ) ਤਿੰਨ ਤਿੰਨ ਚਾਰ ਚਾਰ ਇਕੱਠਿਆਂ ਨੂੰ ਕੇਸਾਂ ਤੋਂ ਫੜ ਕੇ ਸ਼ਹੀਦ ਗੰਜ ਵਾਲੇ ਖੂਹ ਵਿਚ ਸੁਟ ਦੇਂਦੇ ਤੇ ਉਪਰ ਲੂਣ ਤੇ ਚੂਨਾ ਪਾ ਦਿਤਾ ਜਾਂਦਾ।

ਲਾਹੌਰ ਦੇ ਸ਼ਹਿਰੀ ਇਹ ਭਿਆਨਕ ਖ਼ੂਨੀ ਨਜ਼ਾਰੇ ਲਗ ਪਗ ਹਰ ਰੋਜ਼ ਤਕਦੇ। ਕਿਸੇ ਨਾ ਕਿਸੇ ਪਾਸਿਓਂ ਰੋਜ਼ ਹੀ ਬੰਦੀ ਬਣਾਏ ਹੋਏ ਸਿਖ ਲਿਆਏ ਜਾਂਦੇ ਤੇ ਉਪਰ ਦਸੇ ਵਾਂਗ ਬੜੀ ਬੇਦਰਦੀ ਨਾਲ ਮਾਰ ਮੁਕਾਏ ਜਾਂਦੇ। ਰਾਠ ਸਿੰਘਾਂ ਨੇ ਕੋਈ ਹੋਰ ਚਾਰਾ ਨਾ ਚਲਦਾ ਵੇਖ ਕੇ ਘਰ ਘਾਟ ਛੱਡ ਕੇ ਜੰਗਲਾਂ ਬੇਲਿਆਂ ਤੇ ਪਹਾੜਾਂ ਵਿਚ ਜਾ ਟਿਕਾਣੇ ਮੱਲੇ। ਇਥੇ ਕੋਈ ਕਿਤਾ ਤਾਂ ਕਰਨ ਨੂੰ ਨਹੀਂ ਸੀ। ਕੀ ਕਰਨ ਤੇ ਕੀ ਖਾਣ ! ਜੇ ਕਿਧਰੇ ਕੋਈ ਸਰਕਾਰੀ ਕਾਫ਼ਲਾ ਕਾਬੂ ਆ ਗਿਆ ਤਾਂ ਰਸਦ ਪਾਣੀ ਦਾ ਪ੍ਰਬੰਧ ਹੋ ਜਾਂਦਾ, ਨਹੀਂ ਤਾਂ ਲੰਗਰ ਮਸਤ ਹੀ ਰਹਿੰਦੇ। ਇਸ ਹਾਲਤ ਵਿਚ ਫਲ ਫੁਲ ਜਾਂ ਮੂਲ ਕੰਦ ਛਕ ਛਕਾ ਕੇ ਢਿਡ ਨੂੰ ਝੁਲਕਾ ਦੇ ਲੈਂਦੇ।

ਆਖ਼ਰ ਕੁਝ ਸਮੇਂ ਬਾਅਦ ਮੁਲਕ ਵਿਚ ਅੰਦਰੂਨੀ ਗੜਬੜ ਕਾਰਨ ਅਬਦੁ-ਸਮੱਦ ਖ਼ਾਨ ਦੇ ਜ਼ੁਲਮਾਂ ਦੀ



www.AKJ.Org

ਚੱਕੀ ਕੁਝ ਮੱਠੀ ਪੈ ਗਈ। ਹੁਣ ਗਸ਼ਤੀ ਫ਼ੌਜਾਂ ਤੇ ਸਰਕਾਰੀ ਕਾਰਿੰਦੇ ਸਿਰਫ਼ ਰਾਠ ਸਿੰਘਾਂ ਦੇ ਮਗਰ ਹੀ ਪੈਂਦੇ। ਜੋ ਖੇਤੀ ਬਾੜੀ ਕਰਨ ਵਾਲੇ ਸਨ ਜਾਂ ਸਰਕਾਰ ਦੀ ਖੁਲ੍ਹ ਕੇ ਵਿਰੋਧਤਾ ਨਹੀਂ ਸਨ ਕਰਦੇ, ਉਨ੍ਹਾਂ ਨਾਲ ਕੁਝ ਨਰਮੀ ਵਾਲਾ ਹੀ ਸਲੂਕ ਹੋਣ ਲੱਗ ਪਿਆ। ਇਹ ਲੋਕ ਭਾਵੇਂ ਜ਼ਾਹਰਾ ਤੌਰ ਤੇ ਆਪਣੇ ਰਾਠ ਸਿੰਘ ਭਰਾਵਾਂ ਦੀ ਕੋਈ ਸਹਾਇਤਾ ਕਰਨੋਂ ਅਸਮ੍ਰਥ ਸਨ, ਪਰ ਦਿਲੀ ਹਮਦਰਦੀ ਉਨ੍ਹਾਂ ਦੇ ਨਾਲ ਹੀ ਸੀ। ਲੁਕ ਛਿਪ ਕੇ ਇਨ੍ਹਾਂ ਨੂੰ ਰਸਦ, ਲੀੜਾ ਕੱਪੜਾ ਤੇ ਜੋੜੇ ਰਾਤ ਬਰਾਤੇ ਪਹੁੰਚਾ ਦੇਂਦੇ। ਪਿੰਡਾਂ ਵਿਚ ਰਹਿੰਦੇ ਚੁਗਲ ਆਪਣੀ ਨਿਜੀ ਦੁਸ਼ਮਣੀ ਕਢਣ ਲਈ ਕਈ ਵਾਰ ਲੂਤੀਆਂ ਫੂਕ ਕੇ ਇਨ੍ਹਾਂ ਗੁਰਮੁਖ ਸਿੰਘਾਂ ਨੂੰ ਵੀ ਫਸਾ ਦੇਂਦੇ। ਉਹ ਵੀ ਇਸ ਜ਼ੁਲਮ ਤੇ ਜਬਰ ਦੇ ਝਖ਼ੜ ਨੂੰ ਹਸਦੇ ਹੋਏ ਸਿਰ ਮਥੇ ਸਹਿ ਲੈਂਦੇ। ਸੀ ਤਕ ਨਾ ਕਰਦੇ। ਸਮਝਦੇ ਕਿ ਅਜ਼ਮਾਇਸ਼ ਦੀਆਂ ਘੜੀਆਂ ਹਨ, ਫਿਰ ਕਿਸ ਗੱਲੋਂ ਪਿਠ ਲਵਾਈਏ ? ਜਿਵੇਂ ਆਈਆਂ ਤਿਵੇਂ ਬੀਤ ਜਾਣਗੀਆਂ। ਸਿੰਘਾਂ ਸਿਰ ਡਾਢਾ ਬਿਖੜਾ ਸਮਾਂ ਸੀ। ਵਾਹਿਗੁਰੂ ਦਾ ਆਸਰਾ ਲੈ ਕੇ ਉਸ ਦੇ ਭਾਣੇ ਨੂੰ ਮਿਠਾ ਕਰ ਕੇ ਮੰਨਦੇ ਰਹੇ ਤੇ ਸਮਾਂ ਬੀਤਦਾ ਗਿਆ।

**ਸਿੰਘਾਂ ਉਤੇ ਸਖ਼ਤੀ ਕੁਝ ਸਮੇਂ ਲਈ ਮਠੀ ਪੈ ਗਈ :–**

ਅਬਦੁ-ਸਮੱਦ ਖਾਨ ਵਲੋਂ ਸਿੰਘਾਂ ਉਤੇ ਕੀਤੇ ਜਾ ਰਹੇ ਜ਼ੁਲਮੋ-ਤਸ਼ੱਦਦ ਵਿਚ ਕਮੀ ਦੀ ਕੋਈ ਆਸ ਜਾਂ ਵਜਹ ਨਹੀਂ ਸੀ ਹੋ ਸਕਦੀ। ਇਹ ਨਰਮੀ ਉਸ ਦੀ ਆਪਣੀ ਬੇਬਸੀ ਸੀ। ਉਸ ਦੇ ਪ੍ਰਬੰਧ ਹੇਠ ਇਲਾਕਿਆਂ ਵਿਚ ਗੜਬੜ ਹੋ ਗਈ। ਇਸ ਸਮੇਂ ਈਸਾ ਖਾਨ ਮੰਝ ਤਿਹਾੜੇ ਵਾਲੇ, ਹੁਸੈਨ ਖਾਨ ਖੇਸ਼ਗਈ ਕਸੂਰ ਵਾਲੇ ਅਤੇ ਸ਼ਰਫ਼ੁਦੀਨ ਕਸ਼ਮੀਰੀ ਨੇ ਆਪਣੇ ਆਪਣੇ ਥਾਵਾਂ ਤੇ ਉਪੱਧਰ ਖੜ੍ਹਾ ਕਰ ਦਿੱਤਾ। ਅਬਦੁ-ਸਮੱਦ ਖਾਨ ਨੂੰ ਇਨ੍ਹਾਂ ਦੇ ਖਿਲਾਫ਼ ਮੁਹਿੰਮਾਂ ਭੇਜਣੀਆਂ ਪਈਆਂ। ਇਨ੍ਹਾਂ ਵਿਰੁਧ ਉਹ ਬੁਰੀ ਤਰ੍ਹਾਂ ਫਸਿਆ ਹੋਇਆ ਸੀ। ਉਸ ਨੇ ਨਾ ਸਿਰਫ਼ ਸਿੰਘਾਂ ਉਤੇ ਹੋ ਰਹੀ ਸਖ਼ਤੀ ਨੂੰ ਹੀ ਨਰਮ ਕੀਤਾ, ਸਗੋਂ ਆਪਣੀ ਸਹਾਇਤਾ ਲਈ ਉਨ੍ਹਾਂ ਵਿਚੋਂ ਕੁਝ ਕੁ ਨੂੰ ਸਰਕਾਰੀ ਅਹੁਦਿਆਂ ਪਰ ਨੀਯਤ ਵੀ ਕਰ ਲਿਆ। ਰਾਠ ਸਿੰਘਾਂ ਨੂੰ ਕੁਝ ਸੁਖ ਦੇ ਸਾਹ ਆਉਣ ਦੀ ਆਸ ਹੋਈ। ਹੁਣ ਝਲਾਂ ਤੇ ਜੰਗਲਾਂ ਬੇਲਿਆਂ ਛੰਭਾਂ ਖੱਡਾਂ ਵਿਚ ਸਿੰਘਾਂ ਨੂੰ ਖੁਰਾਕ ਪਹੁੰਚਾਉਣ ਉਤੇ ਨਿਗਰਾਨੀ ਢਿਲੀ ਪੈ ਗਈ। ਗਸ਼ਤੀ ਫੌਜਾਂ ਨੂੰ ਹੁਣ ਧਿਆਨ ਦੂਜੇ ਪਾਸੇ ਦੇਣਾ ਪੈ ਰਿਹਾ ਸੀ, ਇਸ ਲਈ ਸਿੰਘਾਂ ਮਗਰ ਪੈਣ ਵਾਲੀ ਗਸ਼ਤੀ ਫੌਜ ਦੀ ਗਿਣਤੀ ਵੀ ਕੁਝ ਘਟ ਗਈ। ਸਭ ਤੋਂ ਵੱਡੀ ਸਹਾਇਤਾ ਇਹ ਮਿਲੀ ਕਿ ਸਿੰਘਾਂ ਵਿਰੁਧ ਸਰਕਾਰੀ ਹੁਕਮ ਤੇ ਉਨ੍ਹਾਂ ਪਰ ਹੋਣ ਵਾਲੀ ਕਾਰਵਾਈ ਦਾ ਪਤਾ ਇਨ੍ਹਾਂ ਕਰਮਚਾਰੀਆਂ ਰਾਹੀਂ ਲੱਗ ਜਾਂਦਾ ਸੀ। ਇਸ ਤਰ੍ਹਾਂ ਹੋਣ ਵਾਲੀ ਕਾਰਵਾਈ ਦੀ ਸੂਹ ਅਗੇਤਰੀ ਮਿਲ ਜਾਣ ਕਰਕੇ ਉਨ੍ਹਾਂ ਦਾ ਚੌਕਸ ਹੋ ਜਾਣਾ ਕੁਝ ਸੌਖਾ ਹੋ ਗਿਆ ਸੀ। ਇਹਨਾਂ ਸਰਕਾਰੀ ਅਹੁਦਿਆਂ ਉਤੇ ਕੰਮ ਕਰਨ ਵਾਲਿਆਂ ਨੂੰ ਰਾਠ ਸਿੰਘ "ਚਕਰੈਲ ਸਿੰਘ' ਕਿਹਾ ਕਰਦੇ ਸਨ ਅਤੇ ਜੋ ਪਿੰਡਾਂ ਵਿਚ ਅਮਨ ਅਮਾਨ ਨਾਲ ਖੇਤੀ ਵਾਹੀ ਕਰਦੇ ਸਨ ਉਨ੍ਹਾਂ ਨੂੰ "ਗੁਰਮੁਖ ਸਿੰਘ" ਕਹਿ ਕੇ ਸੱਦਿਆ ਕਰਦੇ ਸਨ।

ਚਕਰੈਲ ਤੇ ਗੁਰਮੁਖ ਸਿੰਘਾਂ ਦੀ ਲੁਕਵੀਂ ਸਹਾਇਤਾ ਨਾਲ ਪਹਾੜਾਂ ਜੰਗਲਾਂ ਬੇਲਿਆਂ ਤੇ ਛੰਭਾਂ ਵਿਚ ਦਿਨ ਗੁਜ਼ਾਰ ਰਹੇ ਰਾਠ ਸਿੰਘਾਂ ਦਾ ਕੁਝ ਸਮਾਂ ਤਾਂ ਸੌਖਾ ਲੰਘ ਗਿਆ, ਪਰ ਮੌਤ ਦੀ ਤਲਵਾਰ ਉਂਜ ਹੀ ਉਨ੍ਹਾਂ ਦੇ ਸਿਰ ਉਤੇ ਲਟਕਦੀ ਰਹੀ। ਅਜ਼ਮਾਇਸ਼ ਦੇ ਦਿਨ ਅਜੇ ਬਾਕੀ ਸਨ। ਕੀ ਕਿਹਾ ਜਾ ਸਕਦੈ ਕਿ ਇਹ ਮੁਸੀਬਤਾਂ ਦਾ ਸਮਾਂ ਸਿੱਖਾਂ ਲਈ ਪਰਖ ਦੀ ਘੜੀ ਸੀ ਜਾਂ ਖਾਲਸੇ ਵਿਚੋਂ ਖੋਟ ਕੱਢਣ ਲਈ ਕੋਈ ਰੱਬੀ ਕਾਰ। ਇਹ ਕੁਠਾਲੀ ੧੭੧੦ ਤੋਂ ੧੭੫੬ ਈ: ਤਕ ਤਪਦੀ ਰਹੀ ਤੇ ਖਾਲਸਾ ਹਰ ਤਾਉ ਖਾ ਕੇ ਨਿਗਰ ਤੇ ਨਿਰੋਲ ਕੁੰਦਨ ਬਣਦਾ ਗਿਆ। ਕੁੰਦਨ ਨੂੰ ਸੌ ਅੱਗ ਦੇਵੋ, ਕੁੰਦਨ ਨਾ ਘਟਦਾ ਹੈ ਨਾ ਸੜਦਾ ਹੈ। ਹਰ ਪਰਖ ਮਗਰੋਂ ਰੰਗ ਰੂਪ ਜ਼ਿਆਦਾ ਨਿਖਰ ਕੇ ਚੜ੍ਹਦਾ ਹੈ। ਲਾਹੌਰ ਦੇ ਗਵਰਨਰਾਂ ਜ਼ਬਰਦਸਤ ਖਾਨ, ਅਬਦੁ-ਸਮੱਦ ਖਾਨ, ਜ਼ਕਰੀਆ ਖਾਨ, ਯਾਹੀਆ ਖਾਨ ਤੇ ਮੀਰ ਮੰਨੂ ਲਗਾਤਾਰ ੪੬ ਸਾਲ ਆਪਣੀ ਸਖ਼ਤੀ ਦੀ ਕੁਠਾਲੀ ਨੂੰ ਤਪਾਉਂਦੇ ਰਹੇ। ਕੋਈ ਢਿਲ ਨਹੀਂ ਛੱਡੀ, ਪੂਰੀ ਪੂਰੀ ਵਾਹ ਲਾਈ। ਆਪਣੀ ਜਾਚੇ ਸਿੱਖੀ ਨੂੰ ਖਤਮ ਕਰਦੇ ਰਹੇ। ਪਰ ਦੂਜੇ ਪਾਸੇ ਖਾਲਸਾ ਹਰ ਪਰਖ ਵਿਚ ਨਿਰੋਲ ਕੁੰਦਨ ਬਣਦਾ ਗਿਆ।



www.AKJ.Org

ਅਬਦੁ-ਸਮੱਦ ਖਾਨ ਪੰਜਾਬ ਦੇ ਉੱਤਰ ਵਿਚ ਕਸ਼ਮੀਰ ਅੰਦਰ ਅਮਨ ਅਮਾਨ ਕਾਇਮ ਕਰਕੇ ਮਸਾਂ ਵੇਹਲਾ ਹੀ ਹੋਇਆ ਸੀ ਕਿ ਪੰਜਾਬ ਦੇ ਲਹਿੰਦੇ ਵਿਚ ਰਾਮ ਰੌਲਾ ਪੈ ਗਿਆ। ਇਸ ਪਾਸੇ ਦੇ ਧਾੜਵੀ ਕਬੀਲਿਆਂ ਦੇ ਕਈ ਆਪਹੁਦਰੇ ਤੇ ਬੇਲਗਾਮ ਲੋਕਾਂ ਸਰਕਾਰ ਦਾ ਡਰ ਭੁਲਾ ਕੇ ਦਿਨ-ਦੀਵੀਂ ਪਿੰਡਾਂ ਵਿਚ ਧਾੜੇ ਮਾਰਨੇ ਸ਼ੁਰੂ ਕਰ ਦਿਤੇ। ਮਾਝਾ ਤਾਂ ਪਹਿਲਾਂ ਹੀਂ ਇਨ੍ਹਾਂ ਕੰਮਾਂ ਦਾ ਮੋਹਰੀ ਰਿਹਾ ਸੀ। ਹੁਣ ਮਾਲਵੇ, ਸਰਸੇ, ਹਾਂਸੀ, ਭਵਾਨੀ, ਨੀਲੀ ਤੇ ਗੰਜੀ ਬਾਰਾਂ ਵਿਚ ਭਟੀ, ਡੋਗਰੇ, ਸਿਆਲ, ਖਰਲ ਅਤੇ ਬਲੋਚਾਂ ਨੇ ਪਿੰਡਾਂ ਦੇ ਪਿੰਡ ਲੁਟ ਖਾਧੇ। ਸਭ ਤੋਂ ਅਜੀਬ ਗੱਲ ਇਹ ਹੋਈ ਕਿ ਇਹ ਸਾਰੀਆਂ ਲੁਟਾਂ, ਡਾਕੇ ਅਤੇ ਧਾੜੇ ਸਿਖਾਂ ਦੇ ਸਿਰ ਮੜ੍ਹੇ ਗਏ।

**ਜ਼ਕਰੀਆ ਖਾਨ ਪੰਜਾਬ ਦਾ ਗਵਰਨਰ ਬਣਿਆ (੧੭੨੬ ਈ:)**

ਜਦ ਇਸ ਰਾਮਰੌਲੇ ਦੀ ਹਾਹਾਕਾਰ ਬਾਦਸ਼ਾਹ ਨੂੰ ਦਿਲੀ ਅੱਪੜੀ ਤਾਂ ਉਸ ਨੇ ਅਬਦੁ-ਸਮੱਦ ਖਾਨ ਨੂੰ ਲਾਹੋਰੋਂ ਬਦਲ ਕੇ ਮੁਲਤਾਨ ਦਾ ਗਵਰਨਰ ਬਣਾ ਦਿਤਾ ਤੇ ਉਸ ਦੇ ਪੁੱਤਰ ਜ਼ਕਰੀਆ ਖਾਨ ਨੂੰ ਕਸ਼ਮੀਰ ਤੋਂ ਬਦਲ ਕੇ ਲਾਹੋਰ ਦਾ ਗਵਰਨਰ ਬਣਾ ਦਿਤਾ। ਇਹ ਗੱਲ ੧੭੨੬ ਈ: ਦੀ ਹੈ। ਜ਼ਕਰੀਆ ਖਾਨ ਭਰ ਜਵਾਨੀ ਤੇ ਕਈਆਂ ਮੁਹਿੰਮਾਂ ਵਿਚ ਦੀ ਲੰਘਿਆ ਹੋਇਆ ਇਕ ਤਜਰਬੇਕਾਰ ਹਾਕਿਮ ਸੀ। ਉਹ ਬੰਦਾ ਸਿੰਘ ਦੇ ਵਿਰੁਧ ਵੀ ਆਖ਼ਰੀ ਮੁਹਿੰਮ ਵਿਚ ਹਿੱਸਾ ਲੈ ਚੁਕਿਆ ਸੀ। ਬੰਦਾ ਸਿੰਘ ਤੇ ਉਸ ਦੇ ਸਾਥੀ ਸਿੰਘਾਂ ਨੂੰ ਕੈਦੀ ਹਾਲਤ ਵਿਚ ਦਿਲੀ ਵੱਲ ਨੂੰ ਇਸ ਦੀ ਸਰਦਾਰੀ ਥੱਲੇ ਹੀ ਲਿਜਾਇਆ ਗਿਆ ਸੀ। ਇਸ ਨੂੰ ਆਪਣੀ ਯੋਗਤਾ ਉਤੇ ਕਾਫ਼ੀ ਭਰੋਸਾ ਤੇ ਮਾਣ ਸੀ, ਜੋ ਇਕ ਖਾਸ ਹੱਦ ਤਕ ਜਾਇਜ਼ ਤੇ ਵਾਜਬ ਵੀ ਸੀ।

ਲਾਹੌਰ ਦੀ ਸੂਬੇਦਾਰੀ ਦੇ ਚਾਉ ਵਿਚ ਸਿੱਖਾਂ ਦੀ ਉਭਰ ਰਹੀ ਤਾਕਤ ਨੂੰ ਦਬਾਉਣ ਲਈ ਤੇ ਆਪਣੀ ਸਿਆਣਪ ਤੇ ਲਿਆਕਤ ਦਾ ਸਿੱਕਾ ਜਮਾਉਣ ਵਾਸਤੇ ਜ਼ਕਰੀਆ ਖਾਨ ਨੇ ਆਪਣੇ ਬਾਪ ਦੀ ਨੀਤੀ ਬਦਲ ਦਿਤੀ ਤੇ ਸਿੱਖਾਂ ਵਿਰੁਧ ਨਵੇਂ ਸਿਰੇ ਸਖ਼ਤੀ ਦਾ ਦੌਰ ਸ਼ੁਰੂ ਕਰ ਦਿਤਾ। ਕਨ੍ਹਈਆ ਲਾਲ ਆਪਣੀ ਪੁਸਤਕ "ਤਵਾਰੀਖ਼ ਪੰਜਾਬ" ਵਿਚ ਇਸ ਗੱਲ ਦੀ ਸਾਫ਼ ਗਵਾਹੀ ਦੇਂਦਾ ਹੈ ਕਿ ਜ਼ਕਰੀਆ ਖਾਨ ਨੂੰ ਲਾਹੌਰ ਦੀ ਸੂਬੇਦਾਰੀ ਮਿਲੀ ਹੀ ਇਹ ਤੜ੍ਹ ਮਾਰਨ ਤੇ ਸੀ ਕਿ "ਜੇ ਹਜ਼ੂਰ ਸ਼ਹਿਨਸ਼ਾਹ ਮੈਨੂੰ ਪੰਜਾਬ ਦੀ ਨਜ਼ਾਮਤ ਦਾ ਅਹੁਦਾ ਬਖਸ਼ ਦੇਣ ਤਾਂ ਮੈਂ ਮਾਝੇ, ਦੁਆਬੇ ਅਤੇ ਮਾਲਵੇ ਵਿਚ ਸਿੱਖਾਂ ਦਾ ਕਿਧਰੇ ਨਾਮ ਨਿਸ਼ਾਨ ਬਾਕੀ ਨਾ ਛੱਡਾਂ, ਬਲਕਿ ਧਰਤੀ ਤੋਂ ਇਨ੍ਹਾਂ ਦਾ ਖੁਰਾ ਖੋਜ ਹੀ ਮਿਟਾ ਦਿਆਂ।......" ਚੁਨਾਂਚਿ ਇਸ ਨੇ ਸੂਬੇਦਾਰ ਬਣਦੇ ਸਾਰ ਸਿਖਾਂ ਵਿਰੁਧ ਇਕ ਤਕੜੀ ਘੋੜ-ਚੜ੍ਹੀ ਤੇ ਪਿਆਦਾ ਗਸ਼ਤੀ ਫ਼ੌਜ ਤਿਆਰ ਕੀਤੀ ਅਤੇ ਹੁਕਮ ਦੇ ਦਿਤਾ ਕਿ ਪ੍ਰਾਂਤ ਦੇ ਬੜੇ ਬੜੇ ਕਸਬਿਆਂ, ਬਸਤੀਆਂ, ਰਾਹਾਂ, ਪੱਤਣਾਂ ਤੇ ਘਾਟਾਂ ਦੀ ਰਾਖੀ ਕਰੇ। ਗਸ਼ਤ ਜਾਰੀ ਰਹੇ। ਲੋੜ ਪੈਣ ਤੇ ਦੂਜੀ ਥਾਂ ਤੇ ਜਾਣ ਲਈ ਸਦਾ ਤਿਆਰ ਰਹੇ। ਜਸੂਸਾਂ ਤੇ ਸੂਹਿਆਂ ਦਾ ਬੜਾ ਤਕੜਾ ਜਾਲ ਵਿਛਾ ਦਿਤਾ, ਜੋ ਸਿਖਾਂ ਬਾਰੇ ਖਬਰਾਂ ਦੇਣ। ਇਹ ਫ਼ੌਜ ਸੂਹ ਲੱਗਣ ਤੇ ਉਸ ਥਾਂ ਪੁਜ ਕੇ ਸਿੱਖਾਂ ਨੂੰ ਪਕੜ ਕੇ ਲਾਹੌਰ ਪਹੁੰਚਾ ਦੇਵੇ। ਸਿੱਖਾਂ ਦੇ ਸਿਰਾਂ ਦੇ ਇਨਾਮ ਰੱਖ ਦਿਤੇ ਗਏ। ਬੱਸ ਫਿਰ ਢਿਲ ਕਾਹਦੀ ਸੀ, ਬੇਸ਼ੁਮਾਰ ਬੇਗੁਨਾਹ ਸਿੱਖ ਬੱਚੇ ਬਿਰਧ ਤੇ ਜਵਾਨ ਜ਼ੰਜੀਰਾਂ ਵਿਚ ਜਕੜ ਕੇ ਲਾਹੌਰ ਪਹੁੰਚਾ ਦਿਤੇ ਜਾਂਦੇ, ਜਿਥੇ ਉਨ੍ਹਾਂ ਨੂੰ ਬਜ਼ਾਰਾਂ ਤੇ ਘੋੜਾ ਮੰਡੀ [ਨਖ਼ਾਸ] ਵਿਚ ਬੜੇ ਭਾਰੀ ਤਸੀਹੇ ਦੇ ਦੇ ਕੇ ਖ਼ਲਕਤ ਦੇ ਸਾਹਮਣੇ ਕਤਲ ਕਰਾ ਦਿੱਤਾ ਜਾਂਦਾ।* ਇਸ ਤਰ੍ਹਾਂ ਹਜ਼ਾਰਾਂ ਹੀ ਸਿੱਖ ਕਤਲ ਕਰ ਦਿਤੇ ਗਏ।

**ਸਿੰਘ ਫਿਰ ਘਰ ਘਾਟ ਛੱਡ ਕੇ ਜੰਗਲਾਂ ਪਹਾੜਾਂ ਤੇ ਥਲਾਂ ਵਿਚ :-**

ਅਬਦੁ-ਸਮੱਦ ਖਾਨ ਦੀ ਨਿਜ਼ਾਮਤ ਦੇ ਅਖੀਰਲੇ ਸਾਲਾਂ ਵਿਚ ਜੋ ਸਿੱਖ ਘਰੀਂ ਆਣ ਵੱਸੇ ਸਨ, ਮੁੜ ਦੁਬਾਰਾ ਘਰ ਘਾਟ ਛੱਡ ਕੇ ਰਾਵੀ ਦੀਆਂ ਝਲਾਂ, ਕਾਹਨੂੰਵਾਨ ਦਿਆਂ ਛੰਭਾਂ, ਸ਼ਿਵਾਲਕ ਪਹਾੜ ਦੀਆਂ ਪੜੋਲਾਂ, ਕਠੂਆ, ਢੋਲਬਾਹਾ, ਅਨੰਦਪੁਰ ਆਦਿ ਦੇ ਪਾਰ ਦੀਆਂ ਖੱਡਾਂ ਵਿਚ ਜਾ ਵੜੇ। ਕਈ ਮਾਲਵੇ ਲਖੀ ਜੰਗਲ ਵਲ ਨੂੰ ਨਿਕਲ ਗਏ ਤੇ ਉਥੋਂ ਅੱਗੇ ਬੀਕਾਨੇਰ ਦੇ ਰੇਤਲੇ ਥਲਾਂ ਵਿਚ ਚਲੇ ਗਏ। ਇਨ੍ਹਾਂ ਦੇ ਜੰਗੀ ਜੌਹਰਾਂ ਨੂੰ ਵੇਖ ਕੇ ਬੀਕਾਨੇਰ ਤੇ ਜੈਪੁਰ ਦਿਆਂ ਰਾਜਿਆਂ ਨੇ ਰਿਆਸਤਾਂ ਵਿਚ ਸਰਕਾਰੀ ਅਹੁਦੇ ਦੇ ਦਿਤੇ।

*ਮੁਹੰਮਦ ਲਤੀਫ, ਹਿਸਟਰੀ ਆਫ਼ ਦੀ ਪੰਜਾਬ, ਸਫਾ ੧੯੩.



www.AKJ.Org

ਬੀਕਾਨੇਰੀਏ ਰਾਜੇ ਨੂੰ ਕਮਜ਼ੋਰ ਜਾਣ ਕੇ ਬਹਾਵਲਪੁਰ ਦੇ ਮੁਸਲਮਾਨਾਂ ਨੇ ਬੜਾ ਤੰਗ ਕੀਤਾ ਹੋਇਆ ਸੀ। ਜਦੋਂ ਜੀਅ ਕਰਦਾ, ਧਾੜਾਂ ਦੀਆਂ ਧਾੜਾਂ ਰਿਆਸਤ ਵਿਚ ਆਣ ਵੜਦੀਆਂ ਤੇ ਪਿੰਡਾਂ ਨੂੰ ਲੁਟ ਪੁਟ ਲੈਂਦੇ ਅਤੇ ਊਠ, ਗਊਆਂ ਤੇ ਭੇਡਾਂ ਬਕਰੀਆਂ ਹਿਕ ਕੇ ਬਹਾਵਲਪੁਰ ਦੀ ਹੱਦ ਵਿਚ ਜਾ ਵੜਦੇ। ਬਹਾਵਲਪੁਰੀਆ ਨਵਾਬ ਵੀ ਹਿੱਕ ਦੇ ਜ਼ੋਰ ਨਾਲ ਕਾਫੀ ਇਲਾਕਾ ਬੀਕਾਨੇਰ ਦਾ ਮੱਲੀ ਬੈਠਾ ਸੀ। ਨਵੇਂ ਸੂਰਜ ਨਵੀਂ ਛੇੜਖਾਨੀ ਹੁੰਦੀ ਰਹਿੰਦੀ ਸੀ। ਬੀਕਾਨੇਰ ਦੇ ਰਾਜੇ ਨੇ ਕੁਝ ਕੁ ਸਿੰਘ ਤਾਂ ਭਰਤੀ ਕੀਤੇ ਹੋਏ ਸਨ। ਇਨ੍ਹਾਂ ਦੇ ਵਸੀਲੇ ਨਾਲ ਬੀਕਾਨੇਰ ਵਿਚ ਵਿਚਰਨ ਵਾਲਿਆਂ ਸਿੰਘਾਂ ਨੂੰ ਸਹਾਇਤਾ ਲਈ ਕਿਹਾ। ਬਹਾਵਲਪੁਰੀਏ ਧਾੜਵੀ, ਜੋ ਹਊਆ ਬਣੇ ਹੋਏ ਸਨ, ਸਿੰਘ ਨੇ ਐਸੇ ਸਿਧੇ ਕੀਤੇ ਕਿ ਮੁੜ ਬੀਕਾਨੇਰ ਦੀ ਹੱਦ ਟਪਣ ਦਾ ਹੀਆ ਨਾ ਕੀਤਾ। ਬਹਾਵਲਪੁਰੀਏ ਨੇ ਜੋ ਇਲਾਕਾ ਨਪਿਆ ਹੋਇਆ ਸੀ, ਸਿੰਘਾਂ ਦੀ ਤਾਕਤ ਵੇਖ ਕੇ ਆਪਣੇ ਆਪ ਹੀ ਵਾਪਸ ਕਰ ਦਿਤਾ। ਬਹਾਵਲ-ਪੁਰੀਏ ਇੰਜ ਸਿਧੇ ਹੋਏ ਕਿ ਮੁੜ ਕੰਨ ਵਿਚ ਪਾਏ ਨਾ ਦੁਖੇ।

ਬੀਕਾਨੇਰੀਏ ਰਾਜੇ ਨੇ ਸਿੰਘਾਂ ਨੂੰ ਸਤਿਕਾਰ ਵਜੋਂ ਜਗ੍ਹਾ ਦਿਤੀ :—

ਰਾਜੇ ਨੂੰ ਚੰਗੇ ਸਹਾਇਕ ਤੇ ਸਰਹਦ ਦੇ ਡਾਢੇ ਤਕੜੇ ਰਖਵਾਲੇ ਮਿਲ ਗਏ ਸਨ। ਇਨ੍ਹਾਂ ਨੂੰ ਇਥੇ ਟਿਕਿਆਂ ਰਖਣ ਲਈ ਉਹ ਜੰਗਲ ਦਾ ਇਲਾਕਾ, ਜਿਸ ਨੂੰ ਪਹਿਲਾਂ ਬੁਢੀ ਜੋਹੜੀ* ਕਿਹਾ ਜਾਂਦਾ ਸੀ, ਤੇ ਇਸ ਦੇ ਨੀਵੇਂ ਹਿਸੇ ਵਿਚ ਬਰਸਾਤਾਂ ਦਾ ਕਾਫ਼ੀ ਪਾਣੀ ਜਮ੍ਹਾ ਹੋ ਜਾਂਦਾ ਸੀ, ਤੇ ਆਸ ਪਾਸ ਘਾਹ ਪਠਾ ਵੀ ਕਾਫ਼ੀ ਹੋ ਜਾਂਦਾ ਸੀ, ਸਿੰਘਾਂ ਨੂੰ ਬੜੇ ਸਤਿਕਾਰ ਨਾਲ ਭੇਟ ਕਰ ਦਿਤਾ। ਸਿੰਘਾਂ ਨੇ ਰਾਜੇ ਦੀ ਪੱਕੇ ਤੌਰ ਤੇ ਨੌਕਰੀ ਤਾਂ ਨਾ ਕਬੂਲੀ, ਪਰ ਉਸ ਨੂੰ ਵਿਸ਼ਵਾਸ ਦਿਵਾ ਦਿਤਾ ਕਿ ਸਾਡੇ ਹੁੰਦਿਆਂ ਇਸ ਪਾਸੇ ਵਲ ਕੋਈ ਅੱਖ ਚੁੱਕ ਕੇ ਵੀ ਨਹੀਂ ਵੇਖੇਗਾ। ਜਦ ਵੀ ਹੋਰ ਕਿਤੇ ਸਹਾਇਤਾ ਦੀ ਲੋੜ ਪਈ, ਖਾਲਸਾ ਮੈਦਾਨ ਵਿਚ ਆਣ ਗੱਜੂਗਾ। ਬੁਢਾ ਜੋਹੜ ਬਹਾਵਲਪੁਰ ਦੀ ਹੱਦ ਲਾਗੇ ਹੈ। ਸਿੰਘਾਂ ਨੇ ਜਦ ਇਥੇ ਟਿਕਾਣਾ ਕਰ ਲਿਆ, ਫਿਰ ਬਹਾਵਲਪੁਰੀਆਂ ਕਦੀ ਇਸ ਪਾਸੇ ਨਾ ਝਾਕਿਆ।

—ਚਲਦਾ]

*ਸਿੰਘਾਂ ਨੇ ਇਸ ਦਾ ਨਾਂ ਬਦਲ ਕੇ ਬੁਢਾ ਜੋਹੜ ਰਖ ਦਿਤਾ। ਅੱਜ ਵੀ ਇਸ ਨੂੰ ਬੁਢਾ ਜੋਹੜ ਹੀ ਕਿਹਾ ਜਾਂਦਾ ਹੈ ਤੇ ਇਸ ਜਗ੍ਹਾ ਬਹੁਤ ਹੀ ਆਲੀਸ਼ਾਨ ਗੁਰਦਵਾਰਾ ਸਾਹਿਬ ਬਣਿਆ ਹੋਇਆ ਹੈ।

## ਅਨਿਆਇ ਕਟਣ ਲਈ ਖਾਲਸਾ ਸ਼ਸਤ੍ਰਧਾਰੀ ਬਣਦਾ ਹੈ

ਜਦ ਉਧਰੇ ਹੋਏ ਲੋਕ ਦੂਸਰਿਆਂ ਨੂੰ ਉਧਾਰਦੇ ਹਨ, ਤਦ ਲੋਕ ਈਰਖਾ ਕਰਦੇ ਹਨ। ਉਹ ਬੇਪ੍ਰਵਾਹ ਆਪਣੇ ਰੰਗ ਟੁਰਦੇ ਹਨ। ਨਿਰਵੈਰ ਹੁੰਦੇ ਹਨ, ਪਰ ਲੋਕੀਂ ਉਨ੍ਹਾਂ ਨੂੰ ਤੰਗ ਕਰਦੇ ਹਨ, ਉਹ ਸਹਾਰਦੇ ਹਨ। ਇਨ੍ਹਾਂ ਲੋਕਾਂ ਦੇ ਸੱਚੇ ਸੁੱਚੇ ਤੇ ਪਵਿਤਰ ਜੀਵਨ "ਸੱਚੀ ਜ਼ਿੰਦਗੀ" ਦਿਖਾ ਦੇਂਦੇ ਹਨ। ਫੇਰ ਪੁਰਾਣੇ ਮਰ ਚੁਕੇ ਧਰਮ ਦੇ ਆਗੂ, ਮੁਰਦਾ ਪੁਜਾਰੀ ਤੇ ਪੂਜਾ ਦੇ ਧਨ 'ਤੇ ਪਲ ਰਹੇ ਲੋਕੀ, ਜਿਨ੍ਹਾਂ ਵਿਚ ਧਰਮ ਦੀ ਆਂਚ ਮਰ ਚੁਕੀ ਹੁੰਦੀ ਹੈ, ਘਬਰਾਂਦੇ ਹਨ ਕਿਉਂਕਿ ਲੋਕਾਂ ਦੀ ਸ਼ਰਧਾ ਇਨ੍ਹਾਂ ਦੀ ਮੁਰਦਾ-ਪ੍ਰਸਤੀ ਤੋਂ ਹੱਟ ਕੇ ਜੀਊਂਦੀ ਜ਼ਿੰਦਗੀ ਵਲ ਪਲਟਾ ਖਾਂਦੀ ਹੈ, ਇਹ ਫੇਰ ਉਨ੍ਹਾਂ ਨਾਲ ਈਰਖਾ ਕਰਦੇ ਹਨ। ਇਨ੍ਹਾ ਦੀ ਈਰਖਾ ਦੀ ਪੇਸ਼ ਨਹੀਂ ਜਾਂਦੀ, ਫੇਰ ਇਹ ਵਕਤ ਦੇ ਹਾਕਮਾ ਨੂੰ ਕੋਈ ਨਾ ਕੋਈ ਬੁੱਤਾ ਧੋਖਾ, ਲਾਲਚ ਦੇ ਕੇ ਨਾਲ ਰਲਾਂਦੇ ਹਨ। ਰਾਜਾ ਨਾਲ ਨਾ ਰਲੇ ਤਾਂ ਰਾਜਾ ਨੂੰ ਰਾਜ-ਭੈ ਦਸਦੇ ਹਨ ਕਿ ਇਹ ਲੋਕ ਬਹੁਤ ਹੋ ਗਏ ਹਨ, ਆਪੋ ਵਿਚ ਏਕੇ ਵਾਲੇ ਹਨ, ਐਸਾ ਨਾ ਹੋਵੇ ਕੋਈ ਰਾਜ-ਉਪੱਦ੍ਰਵ ਕਰ ਦੇਣ। ਇਸ ਤਰ੍ਹਾਂ ਫੇਰ ਰਾਜਾ ਉਨ੍ਹਾਂ ਜੀਊਂਦਿਆਂ ਲੋਕਾਂ ਪਰ ਸਖਤੀ ਕਰਦਾ ਹੈ। ਉਹ ਉਤਰ ਨਹੀਂ ਦੇਂਦੇ, ਝਲਦੇ ਝਲਦੇ ਮਰ ਮਿਟਦੇ ਹਨ। ਐਉਂ ਜੋਤਿ ਜਗ ਜਗ ਕੇ ਬੁਝਦੀ ਹੈ, ਫੇਰ ਜਗਦੀ ਹੈ, ਫੇਰ ਬੁਝਦੀ ਹੈ। ਖਾਲਸੇ ਦੇ ਖ਼ਿਆਲ ਵਿਚ ਖਾਲਸੇ ਦੇ ਆਦਰਸ਼ ਵਿਚ ਇਹ ਗੱਲ ਹੁਣ ਹੋਰਵੇਂ ਹੈ। ਉਹ ਇਉਂ ਹੈ ਕਿ ਜਦ ਜੋਤਿ ਅੰਦਰ ਜਗ ਪਈ, ਤਦ ਹੋਰਨਾਂ ਅੰਦਰ ਜੋਤਿ ਜਗਾ ਕੇ ਉਨ੍ਹਾਂ ਨੂੰ ਖਾਲਸੇ ਬਣਾਨਾ ਹੈ ਤੇ ਇਸ ਕੰਮ ਵਿਚ ਉਤਸ਼ਾਹ ਤੇ ਉਮਾਹ ਅੰਦਰਲਾ ਰੱਬੀ ਪਿਆਰ ਵਾਲਾ ਹੋਣਾ ਹੈ। ਜਦੋਂ ਰੋਕਾਂ ਪੈਣ, ਜ਼ੁਲਮ ਹੋਵੇ, ਤਦ ਨਿਰਵੈਰ ਰਹਿਣਾ ਹੈ; ਪਰ ਨਿਰਵੈਰ ਰਹਿਣ ਲਈ ਜੰਗਲਾਂ ਵਿਚ ਲੁਕਣਾ ਨਹੀਂ, ਭੱਜ ਨਹੀਂ ਜਾਣਾ, ਸਗੋਂ ਨਾਲ 'ਨਿਰਭਉ' ਰਹਿਣਾ ਹੈ। ਭੈ ਨਹੀਂ ਮੰਨਣਾ। ਭੈ ਦਾ ਸਮਾਂ ਆਵੇ ਤਾਂ ਸੁਰਤਿ ਉੱਚੀ ਹੋ ਕੇ ਦੁਖ ਝਲੇ। ਜੇ ਭਰਾਵਾਂ (ਜਾਗ ਪਿਆਂ) ਤੇ ਕਸ਼ਟ ਪਏ ਤਾਂ ਇਹ ਸਰੀਰ ਮਿਥਿਆ ਹੈ, ਉਨ੍ਹਾਂ ਦੀ ਰਾਖੀ ਤੇ ਇਹ ਲਾ ਦੇਵੇ। ਇਉਂ ਲੋੜ ਪਏ ਤੇ ਸਰੀਰ ਲਾ ਕੇ ਵੀ 'ਰਖਿਆ ਕਰਨ, ਭਲੇ ਕਰਨ ਦਾ ਉਮਾਹ' ਪਿਆਰ ਤੇ ਜ਼ਿੰਦਗੀ ਦੇ ਹੁਲਾਰੇ ਵਿਚ ਝੂਲੇਗਾ। ਇਹ ਹੁਲਾਰਾ ਹੁਣ ਖਾਲਸੇ ਨੇ ਵਰਤਾਣਾ ਹੈ ਤੇ ਜ਼ੁਲਮ, ਮੂਰਖਤਾ ਤੇ ਅਗਿਆਨ ਦੇ ਅਗੇ ਧਰਮ ਤੇ ਧਰਮੀਆਂ ਨੂੰ ਤਬਾਹ ਨਹੀਂ ਹੋਣ ਦੇਣਾ। ਸੋ, ਇਹ ਆਦਰਸ਼ ਖਾਲਸੇ ਨੂੰ ਅਨਿਆਇ ਦੇ ਧੱਕੇ ਦੇ ਕਟਣ ਵਾਸਤੇ ਸ਼ਮਸ਼ੇਰ-ਧਾਰੀ ਬਣਾਂਦਾ ਹੈ। —ਪ੍ਰੋ: ਪੂਰਨ ਸਿੰਘ ਲਿਖਤ 'ਖੁਲ੍ਹੇ ਘੁੰਡ' ਚੋਂ

www.AKJ.Org

# ਅਪਰੇਸ਼ਨ ਬਲਿਊ ਸਟਾਰ ਜ਼ਰੂਰੀ ਨਹੀਂ ਸੀ

ਡਾਕਟਰ ਮਹੀਪ ਸਿੰਘ ਜੀ

ਪੰਜਾਬ ਵਿਚ 'ਅਪਰੇਸ਼ਨ ਬਲਿਊ ਸਟਾਰ' ਹੋਇਆਂ ਇਕ ਸਾਲ ਹੋ ਗਿਆ ਹੈ। ਅਜਿਹੀ ਕਿਸੇ ਵੀ ਕਾਰਵਾਈ ਦੀ ਸਫਲਤਾ ਅਸਫਲਤਾ ਦੇ ਪੱਖ ਦੇ ਕੁਝ ਅਧਾਰ ਬਣਾਏ ਜਾ ਸਕਦੇ ਹਨ—ਪਹਿਲਾਂ ਤਾਂ ਇਹ ਕਿ ਕੀ ਇਸ ਕਾਰਵਾਈ ਦਾ ਬਦਲ ਨਹੀਂ ਹੈ ? ਦੂਜਾ ਇਹ ਕਿ ਜੇਕਰ ਅਜਿਹੀ ਕਾਰਵਾਈ ਕੀਤੀ ਜਾਏ ਤਾਂ ਤੁਰੰਤ ਇਸ ਦਾ ਕਿੰਨਾ ਮੁਲ ਚੁਕਾਉਣਾ ਪਵੇਗਾ ? ਤੀਜਾ ਇਹ ਕਿ ਅਜਿਹੀ ਕਾਰਵਾਈ ਦੇ ਦੂਰ-ਰਸੀ ਸਿਟੇ ਕੀ ਹੋਣਗੇ ? ਚੌਥਾ ਇਹ ਕਿ ਅਜਿਹੀ ਕਿਸੇ ਕਾਰਵਾਈ ਨਾਲ ਅਸੀਂ ਕੀ ਗੁਆਵਾਂਗੇ ਅਤੇ ਕੀ ਖੱਟਾਂਗੇ ?

ਮੇਰਾ ਵਿਚਾਰ ਹੈ ਕਿ ਪੰਜਾਬ ਸਬੰਧੀ ਵਿਸ਼ੇਸ਼ ਕਰਕੇ ਸਮੱਸਿਆ ਸਬੰਧੀ, ਆਜ਼ਾਦੀ ਦੇ ਬਾਅਦ ਤੋਂ ਹੀ ਇਸ ਦੇਸ਼ ਦੀ ਕੇਂਦਰੀ ਲੀਡਰਸ਼ਿਪ ਦੀ ਦ੍ਰਿਸ਼ਟੀ ਬਹੁਤ ਧੁੰਦਲੀ ਅਤੇ ਦਿਸ਼ਾਹੀਣ ਰਹੀ ਹੈ। ਇਸ ਸਮੱਸਿਆ ਦੀ ਬਣੀ ਤਿਕੋਣ ਦੇ ਸਭ ਤੋਂ ਮਹੱਤਵਪੂਰਨ ਕੋਨ ਤੇ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਸੀ, ਜਿਸ ਦੇ ਹਿਤਾਂ ਦੀ ਨੁਮਾਇੰਦਗੀ ਪੰਜਾਬ ਦੀ ਪ੍ਰਾਂਤਕ ਕਾਂਗਰਸੀ ਲੀਡਰਸ਼ਿਪ ਕਰਦੀ ਸੀ। ਹੇਠਾਂ ਦੇ ਦੋਹਾਂ ਕੋਨਾਂ ਤੇ ਇਕ ਤੇ ਅਕਾਲੀ ਲੀਡਰਸ਼ਿਪ ਅਤੇ ਦੂਜੇ ਕੋਨ ਤੇ ਹਿੰਦੂ ਲੀਡਰਸ਼ਿਪ ਮੌਜੂਦ ਸੀ। ਆਜ਼ਾਦੀ ਤੋਂ ਬਾਅਦ ਵੰਡੇ ਹੋਏ **ਪੰਜਾਬ ਦੀ ਮੁਖ ਸਮੱਸਿਆ ਸਿਖ ਪਹਿਚਾਣ ਦੀ ਸਮੱਸਿਆ ਸੀ।**

ਪੰਜਾਬੀ ਸੂਬੇ ਦੀ ਮੰਗ ਤੋਂ ਲੈ ਕੇ ਅਨੰਦਪੁਰ ਸਾਹਿਬ ਪ੍ਰਸਤਾਵ ਦੀ ਮੰਗ ਤਕ ਇਸ ਪਛਾਣ ਦੀ ਤਲਾਸ਼ ਅਤੇ ਇਸ ਦੀ ਰਖਿਆ ਦੇ ਉਪਾਵਾਂ ਦੇ ਸੰਦਰਭ ਵਿਚ ਹੀ ਦੇਖਿਆ ਜਾਣਾ ਚਾਹੀਦਾ ਹੈ। ਇਸ ਦੇ ਵਿਰੋਧ 'ਚ ਪੰਜਾਬ ਦੀ ਹਿੰਦੂ ਲੀਡਰਸ਼ਿਪ, ਵਿਸ਼ੇਸ਼ ਕਰਕੇ, ਆਰੀਆ ਸਮਾਜ ਦੀ ਲੀਡਰਸ਼ਿਪ, ਨਿਰੰਤਰ ਅਕਾਲੀ ਮੰਗਾਂ ਨੂੰ ਰਾਸ਼ਟਰ-ਵਿਰੋਧੀ ਅਤੇ ਦੇਸ਼ ਦੀ ਏਕਤਾ ਨੂੰ ਖੰਡਿਤ ਕਰਨ ਵਾਲੀਆਂ ਘੋਸ਼ਿਤ ਕਰਦੀ ਰਹੀ ਅਤੇ ਪੰਜਾਬੀ ਦੇ ਵਿਰੋਧ ਵਿਚ ਹਿੰਦੀ, ਤੇ ਪੰਜਾਬੀ ਸੂਬੇ ਦੇ ਵਿਰੋਧ 'ਚ ਮਹਾਂ ਪੰਜਾਬ ਦੀ ਆਵਾਜ਼ ਬੁਲੰਦ ਕਰਕੇ ਸਦਾ ਇਹ ਯਤਨ ਕਰਦੀ ਰਹੀ ਕਿ ਇਸ ਦੇਸ਼ ਵਿਚ ਕਦੇ ਵੀ ਕੋਈ ਅਜਿਹਾ ਰਾਜ ਨਾ ਬਣ ਸਕੇ, ਜਿਸ ਵਿਚ ਸਿੱਖਾਂ ਦਾ ਬਹੁਮਤ ਹੋ ਜਾਏ। ਪੰਜਾਬ ਦਾ ਪਿਛਲੇ ੩੮ ਸਾਲਾਂ ਦਾ ਸੰਕਟ ਸ਼ੱਕ ਅਤੇ ਅਵਿਸ਼ਵਾਸ ਦਾ ਸੰਕਟ ਹੈ। ਸਿੱਖ ਸਦਾ ਇਸ ਸੰਕਟ ਵਿਚ ਗ੍ਰਸਤ ਰਹੇ ਹਨ ਕਿ ਇਸ ਦੇਸ਼ ਦਾ ਵਿਸ਼ਾਲ ਹਿੰਦੂ ਬਹੁਮਤ ਉਨ੍ਹਾਂ ਨੂੰ ਨਿਗਲ ਜਾਏਗਾ ਅਤੇ ਉਨ੍ਹਾਂ (ਹਿੰਦੂਆਂ) ਦੀ ਕਿਰਪਾ ਦ੍ਰਿਸ਼ਟੀ ਤੇ ਜੀਉਣ ਲਈ ਮਜਬੂਰ ਕਰ ਦੇਵੇਗਾ। ਪੰਜਾਬ ਦੀ ਹਿੰਦੂ ਲੀਡਰਸ਼ਿਪ ਸਦਾ ਇਹ ਪ੍ਰਚਾਰ ਕਰਦੀ ਰਹੀ ਹੈ (ਇਸ ਵਿਚ ਜਲੰਧਰ ਅਤੇ ਦਿੱਲੀ ਦੇ ਅਨੇਕ ਅਖ਼ਬਾਰਾਂ ਦੀ ਅਹਿਮ ਭੂਮਿਕਾ ਰਹੀ ਹੈ) ਕਿ ਅਕਾਲੀ ਦਲ ਦੀ ਚਾਹੇ ਕੋਈ ਵੀ ਮੰਗ ਕਿਉਂ ਨਾ ਹੋਵੇ, ਉਸ ਦਾ ਇਕ ਮਾਤਰ ਉਦੇਸ਼ ਸੁਤੰਤਰ ਸਿੱਖ ਰਾਜ ਦੀ ਸਥਾਪਨਾ ਕਰਨਾ ਹੈ।

੧੯੭੦ ਵਿਚ ਪੰਜਾਬ ਦੇ ਰੰਗ ਮੰਚ ਤੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦਾ ਪ੍ਰਗਟ ਹੋਣਾ ਇਨ੍ਹਾਂ ਸ਼ੰਕਿਆਂ, ਅਵਿਸ਼ਵਾਸਾਂ ਅਤੇ ਦੋਸ਼ਾਂ ਵਿਰੋਧੀ-ਦੋਸ਼ਾਂ ਵਿਚ ਉਪਜੀ ਮਾਨਸਿਕਤਾ ਦਾ ਪ੍ਰਮਾਣ ਹੀ ਸੀ। ਪੰਜਾਬ ਵਿਚ ਹਿੰਦੂਆਂ ਅਤੇ ਸਿੱਖਾਂ ਵਿਚਕਾਰਲਾ ਸੰਕਟ ਉਸ ਪ੍ਰੀਵਾਰ ਦੇ ਦੋ ਭਰਾਵਾਂ ਵਿਚਕ ਰਲੇ ਸੰਕਟ ਵਰਗਾ ਸੀ ਜੋ ਜੁਦੇ ਹੁੰਦੇ ਹੋਏ ਘਰ ਦੀ ਵਧ ਤੋ ਵਧ ਜਾਇਦਾਦ ਆਪਣੇ ਹਿੱਸੇ ਵਜੋਂ ਬਟੋਰਨਾ ਚਾਹੁੰਦੇ ਸਨ। ਕੇਂਦਰ ਦੀ ਕਾਂਗਰਸੀ ਲੀਡਰਸ਼ਿਪ ਦੀ ਭੂਮਿਕਾ ਇਸ ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਨ ਹੋ ਸਕਦੀ ਸੀ। ਕਾਂਗਰਸ ਸੰਸਥਾ ਦੇ ਰੂਪ 'ਚ ਦੇਸ਼ ਵਿਆਪੀ ਸੰਸਥਾ ਸੀ। ਪੰਜਾਬ ਦੇ ੧੨ ਜ਼ਿਲਿਆਂ ਦੇ ਮੁਕਾਬਲੇ ਸੰਪੂਰਨ ਦੇਸ਼ ਦਾ ਨਕਸ਼ਾ ਉਸ ਦੇ ਸਾਹਮਣੇ ਹੋਣਾ ਸੁਭਾਵਕ ਵੀ ਸੀ ਤੇ ਜ਼ਰੂਰੀ ਵੀ ਸੀ। ਆਪਣੇ ਰਾਸ਼ਟਰੀ ਚਰਿਤਰ ਦੇ ਕਾਰਨ ਉਹ ਹਿੰਦੂ ਤੇ ਸਿੱਖ ਹਿਤਾਂ ਤੋਂ ਉਪਰ ਉਠ ਸਕਦੀ ਸੀ। ਸਭ ਤੋਂ ਵੱਡੀ ਗੱਲ ਇਹ ਕਿ ਉਸ ਦੀ ਲੀਡਰਸ਼ਿਪ ਨੂੰ ਸਿੱਖਾਂ ਵਰਗੀ ਇਕ ਛੋਟੇ ਜਿਹੇ ਘਟ-ਗਿਣਤੀ ਫਿਰਕੇ ਦੀਆਂ ਮਨੋਵਿਗਿਆਨਕ ਗੁੰਝਲਾਂ ਦਾ ਅਹਿਸਾਸ ਵੀ ਸੀ। ਸ਼ਾਇਦ ਇਸੇ ਲਈ ਹੀ ਪੰਡਤ ਜਵਾਹਰ ਲਾਲ



www.AKJ.Org

ਨਹਿਰੂ ਨੇ ੬ ਜੂਨ ੧੯੪੬ ਦੀ ਕਲਕੱਤੇ 'ਚ ਇਕ ਪ੍ਰੈਸ ਕਾਨਫਰੰਸ ਵਿਚ ਕਿਹਾ ਸੀ, 'ਪੰਜਾਬ ਦੇ ਬਹਾਦਰ ਸਿੱਖ ਵਿਸ਼ੇਸ਼ ਧਿਆਨ ਦੇ ਅਧਿਕਾਰੀ ਹਨ। ਮੈਨੂੰ ਇਸ ਵਿਚ ਕੁਝ ਵੀ ਗਲਤ ਦਿਖਾਈ ਨਹੀਂ ਦਿੰਦਾ ਕਿ ਉਤਰੀ ਭਾਰਤ ਵਿਚ ਇਕ ਅਜਿਹਾ ਖੇਤਰ ਬਣ ਜਾਏ, ਜਿਸ ਵਿਚ ਸਿੱਖ ਵੀ ਸੁਤੰਤਰਤਾ ਅਨੁਭਵ ਕਰ ਸਕਣ। ਪ੍ਰੰਤੂ ਕਾਂਗਰਸ ਨੇ ਅਜਿਹੀ ਕੋਈ ਭੂਮਿਕਾ ਨਹੀਂ ਨਿਭਾਈ।

ਕੇਂਦਰ ਵਿਚ ਇੰਦਰਾ ਗਾਂਧੀ ਦੀ ਲੀਡਰਸ਼ਿਪ ਸਥਾਪਤ ਹੋਣ ਤੋਂ ਬਾਅਦ ਰਾਜਨੀਤੀ ਵਿਚ ਨੈਤਿਕ ਆਦਰਸ਼ਾਂ ਦੀ ਜਿਹੜੀ ਥੋੜੀ ਬਹੁਤੀ ਰਾਖ ਬਚੀ ਸੀ ਉਹ ਵੀ ਪੂਰੀ ਤਰ੍ਹਾਂ ਸਾਫ ਹੋ ਗਈ। ਸੱਤਾ 'ਚ ਰਹਿਣ ਅਤੇ ਇਸ ਲਈ ਕਿਸੇ ਵੀ ਤਰ੍ਹਾਂ ਦੇ ਢੰਗ ਤਰੀਕੇ ਅਪਨਾਉਣਾ ਇਸ ਦੇਸ਼ ਦੀ ਰਾਜਨੀਤੀ ਦਾ ਨਿਰਦੇਸ਼ਕ ਤੱਤ ਬਣ ਗਿਆ ਹੈ। ਜਿਹੜਾ ਕੰਮ ਕੇਂਦਰ ਵਿਚ ਸ੍ਰੀਮਤੀ ਇੰਦਰਾ ਗਾਂਧੀ ਕਰ ਰਹੇ ਸਨ, ਉਹ ਕੰਮ ਪੰਜਾਬ 'ਚ ਗਿਆਨੀ ਜ਼ੈਲ ਸਿੰਘ ਅਤੇ ਦਰਬਾਰਾ ਸਿੰਘ ਕਰ ਰਹੇ ਸਨ। ਅਕਾਲੀ ਰਾਜਨੀਤੀ ਇਸ ਕਿਸਮ ਦੀ ਸੱਤਾ-ਦੌੜ 'ਚ ਸਦਾ ਪਛੜ ਜਾਂਦੀ ਸੀ।

ਸ਼ਾਇਦ ਕਦੇ ਉਹ ਗੱਲਾਂ ਰੋਸ਼ਨੀ ਵਿਚ ਆਉਣਗੀਆਂ, ਜਿਨ੍ਹਾਂ ਤੋਂ ਪਿਛਲੇ ੫ ਸਾਲਾਂ ਤੋਂ ਪੰਜਾਬ ਦੀ ਰਾਜਨੀਤਕ ਅਤੇ ਸੰਪਰਦਾਇਕ ਉਥਲ ਪੁਥਲ ਦਾ ਸਹੀ ਤੋਰ ਤੇ ਪਤਾ ਲੱਗ ਸਕੇਗਾ। ਪੰਜਾਬ ਵਿਚ ਅਜਿਹੇ ਸੁਲਝੇ ਹੋਏ ਅਤੇ ਦਲ-ਗਤ ਰਾਜਨੀਤੀ ਤੋਂ ਨਿਰਲੇਪ ਵਿਅਕਤੀਆਂ ਦੀ ਕਮੀ ਨਹੀਂ ਹੈ ਜੋ ਅਪਰੇਸ਼ਨ ਬਲਿਊ ਸਟਾਰ ਤੋਂ ਪਹਿਲਾਂ ਹੋਏ ਹਤਿਆ ਕਾਂਡਾਂ ਲਈ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਅੱਤਵਾਦੀ ਸਾਥੀਆਂ ਦੀ ਥਾਂ ਕਾਂਗਰਸ ਦੇ ਅੰਦਰੂਨੀ ਗੁਟਾਂ ਨੂੰ ਵਧੇਰੇ ਜ਼ਿੰਮੇਵਾਰ ਸਮਝਦੇ ਹਨ। ਪੰਜਾਬ 'ਚ ਕਾਂਗਰਸ ਲਈ ਅਕਾਲੀ ਦਲ ਹੀ ਸਭ ਤੋਂ ਵੱਡੀ ਚਣੌਤੀ ਰਿਹਾ ਹੈ। ਅਕਾਲੀ ਰਾਜਨੀਤੀ ਨਾਲ ਮਤਭੇਤ ਰੱਖਣ ਵਾਲੇ ਲੋਕ ਵੀ ਇਹ ਤਾਂ ਮੰਨਦੇ ਹੀ ਹਨ ਕਿ ਅਕਾਲੀ ਲੀਡਰਸ਼ਿਪ 'ਤੇ ਸੰਪਰਦਾਇਕਤਾ, ਸੰਕੀਰਣਤਾ ਆਦਿ ਦੇ ਦੋਸ਼ ਤਾਂ ਲਾਏ ਜਾ ਸਕਦੇ ਹਨ, ਪਰ ਰਾਜਨੀਤਕ ਦਾਅ-ਪੇਚ ਅਤੇ ਕੁਟਿਲਤਾ ਵਰਗੀਆਂ ਗੱਲਾਂ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਹੈ। ਜੱਟ ਚਰਿਤਰ ਅੜਬ, ਦੰਭੀ, ਝੜਬੋਲਾ ਅਤੇ ਮਰਨ ਮਾਰਨ ਵਾਲਾ ਹੋ ਸਕਦਾ ਹੈ, ਪ੍ਰੰਤੂ ਆਪਣੇ ਜਨਮ ਜਾਤ ਸੁਭਾਅ ਤੋਂ ਉਹ ਸਿੱਧਾ ਤੇ ਸਰਲ ਹੁੰਦਾ ਹੈ। ਪਰ ਸ੍ਰੀਮਤੀ ਇੰਦਰਾ ਗਾਂਧੀ ਦੀ ਅਗੰਵਾਈ 'ਚ ਉਭਰਿਆ ਕਾਂਗਰਸ ਦਾ ਸੱਤਾ-ਚਰਿਤਰ ਆਪਣੇ ਆਪ 'ਚ ਸੰਪੂਰਨ ਰੂਪ 'ਚ 'ਆਧੁਨਿਕ' ਸੀ।

ਇਸ ਲਈ ਜੂਨ ੧੯੮੪ ਵਿਚ ਕੀਤਾ ਗਿਆ 'ਅਪਰੇਸ਼ਨ ਬਲਿਊ ਸਟਾਰ' ਪ੍ਰਸਥਿਤੀਆਂ ਤੋਂ ਉਤਪੰਨ ਜ਼ਰੂਰੀ ਕਾਰਵਾਈ ਨਹੀਂ ਸੀ, ਸਗੋਂ ਸੱਤਾ ਦੇ ਕੂਟਨੀਤਕ ਖੇਲ ਦੀ ਪੂਰੀ ਤਰ੍ਹਾਂ ਯੋਜਨਾਬੱਧ ਅਤੇ ਸੰਚਾਲਤ ਕਾਰਵਾਈ ਸੀ। ਪੰਜਾਬ ਵਿਚ ਅਕਾਲੀ ਪ੍ਰਭਾਵ ਨੂੰ ਸਦਾ ਲਈ ਨਸ਼ਟ ਕਰਨ ਦਾ ਪੱਕਾ ਇਰਾਦਾ ਸ੍ਰੀਮਤੀ ਇੰਦਰਾ ਗਾਂਧੀ ਦੇ ਮਨ 'ਚ ਐਮਰਜੈਂਸੀ ਦੇ ਦੌਰਾਨ ਅਵੱਸ਼ ਆ ਗਿਆ ਹੋਵੇਗਾ। ਪੂਰੇ ਦੇਸ਼ ਵਿਚ ਐਮਰਜੈਂਸੀ ਦੌਰਾਨ ਹਜ਼ਾਰਾਂ ਲੋਕ ਬੰਦੀ ਬਣਾਏ ਗਏ। ਰਾਸ਼ਟਰੀ ਸੁਇਮ ਸੇਵਕ ਸੰਘ ਵਰਗੀਆਂ ਕੁਝ ਇਕ ਗੈਰ-ਕਾਨੂੰਨੀ ਕਰਾਰ ਦਿਤੀਆਂ ਸੰਸਥਾਵਾਂ ਦੇ ਵਰਕਰ ਗੁਪਤਵਾਸ ਚਲੇ ਗਏ ਅਤੇ ਪਰਚੇ ਵੰਡਣ ਵਰਗਾ ਕੁਝ ਕੰਮ ਕਰਦੇ ਰਹੇ। ਪ੍ਰੰਤੂ ਅਕਾਲੀਆਂ ਨੇ ਆਪਣੀ ਸਹਿਜ ਧੁਨ ਨਾਲ ਐਮਰਜੈਂਸੀ ਦੇ ਖਿਲਾਫ਼ ਮੋਰਚਾ ਲਾ ਦਿਤਾ ਅਤੇ ੧੯ ਮਹੀਨੇ ਤਕ ਲਗਾਤਾਰ ਆਪਣੇ ਸਤਿਆ-ਗ੍ਰਹੀ ਜੇਲ੍ਹਾਂ ਵਿਚ ਭੇਜਦੇ ਰਹੇ। ਇਸ ਮੋਰਚੇ 'ਚ ਉਨ੍ਹਾਂ ਨੇ ੪੦-੪੫ ਹਜ਼ਾਰ ਤੋਂ ਵਧ ਲੋਕਾਂ ਨੂੰ ਜੇਲ੍ਹ ਭੇਜ ਦਿਤਾ। ਜਦੋਂ ਪੂਰਾ ਦੇਸ਼ ਸਿਰ ਝੁਕਾਈ ਐਮਰਜੈਂਸੀ ਝੱਲ ਰਿਹਾ ਸੀ ਅਤੇ ਦੇਵ ਕਾਂਤ ਬਰੂਆ ਦੀ ਕੋੜੀ ਦੁਆਈ 'ਇੰਦਰਾ ਇਜ਼ ਇੰਡੀਆ' ਸਾਰਿਆਂ ਦੇ ਗਲੇ ਵਿਚ ਬੜੇ ਸਹਿਜ ਢੰਗ ਨਾਲ ਉਤਾਰੀ ਜਾ ਰਹੀ ਸੀ, ਉਸ ਸਮੇਂ ਭਾਰਤ ਦੇ ਇਕ ਛੋਟੇ ਜਿਹੇ ਘਟ-ਗਿਣਤੀ ਵਰਗ ਦੀ ਅਗਵਾਈ ਕਰਨ ਵਾਲਾ ਛੋਟਾ ਜਿਹਾ ਖੇਤਰੀ ਦਲ ਮੋਰਚਾ ਲਾ ਕੇ ਵਿਸ਼ਾਲ ਕੇਂਦਰੀ ਸੱਤਾ ਨੂੰ ਚਣੌਤੀ ਦੇਵੇ, ਇਸ ਨੂੰ ਕਿਹੜੀ ਤਾਨਾਸ਼ਾਹੀ ਮਨ ਵਾਲੀ ਹਕੂਮਤ ਸਵੀਕਾਰ ਕਰ ਸਕਦੀ ਸੀ ? ਲਗਦਾ ਹੈ ਉਸੇ ਸਮੇਂ "ਇਨ੍ਹਾਂ ਨੂੰ ਸਬਕ ਸਿਖਾਉਣਾ ਚਾਹੀਦਾ" ਵਾਲੀ ਗੱਲ ਸ੍ਰੀਮਤੀ ਇੰਦਰਾ ਦੇ ਮਨ 'ਚ ਆ ਗਈ ਹੋਵੇਗੀ।

ਜੂਨ ੧੯੮੦ ਵਿਚ ਪੰਜਾਬ ਵਿਚ ਦਰਬਾਰਾ ਸਿੰਘ ਦੀ ਅਗਵਾਈ ਵਿਚ ਕਾਂਗਰਸ ਸ਼ਾਸਨ ਸਥਾਪਤ ਹੋਣ


www.AKJ.Org

ਤੋਂ ਲੈ ਕੇ ਜੂਨ ੧੯੮੪ ਦੇ ਅਪਰੇਸ਼ਨ ਬਲਿਊ ਸਟਾਰ ਤਕ ਦੀਆਂ ਘਟਨਾਵਾਂ ਦਾ ਜੇਕਰ ਸਿਲਸਿਲੇਵਾਰ ਅਧਿਐਨ ਕੀਤਾ ਜਾਏ ਤਾਂ ਲਗਦਾ ਹੈ, ਸਾਰੀਆਂ ਚੀਜ਼ਾਂ ਬੜੇ ਨਿਯਮਤ ਢੰਗ ਨਾਲ ਹੌਲੀ ਹੌਲੀ ਅਗੇ ਵਧ ਰਹੀਆਂ ਸਨ। ਪੰਜਾਬ ਦੀ ਰਾਜਨੀਤੀ ਤੋਂ ਜਿਹੜੇ ਥੋੜੇ ਬਹੁਤੇ ਵੀ ਵਾਕਫ਼ ਹਨ, ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਅਕਾਲੀ ਦਲ ਜਾਂ ਤਾਂ ਸੱਤਾ ਸੰਭਾਲਦਾ ਹੈ ਜਾਂ ਮੋਰਚਾ ਲਾਉਂਦਾ ਹੈ। ਇਨ੍ਹਾਂ ਦੋਹਾਂ ਗੱਲਾਂ ਤੋਂ ਇਲਾਵਾ ਉਸ ਕੋਲ ਹੋਰ ਕੋਈ ਪ੍ਰੋਗਰਾਮ ਨਹੀਂ। ਵਿਰੋਧੀ ਪੱਖ 'ਚ ਬੈਠੇ ਅਨੇਕ ਰਾਜਨੀਤਕ ਦਲਾਂ ਕੋਲ ਅਜਿਹੇ ਰਚਨਾਤਮਕ ਕੰਮ ਹੁੰਦੇ ਹਨ, ਜਿਨ੍ਹਾਂ ਰਾਹੀਂ ਉਹ ਲੋਕਾਂ 'ਚ ਆਪਣੀ ਦਿਖ ਬਿਹਤਰ ਬਨਾਉਣ ਲਈ ਕੰਮ ਕਰਦੇ ਰਹਿੰਦੇ ਹਨ। ਅਕਾਲੀ ਦਲ ਕੋਲ ਸ਼ਾਇਦ ਹੀ ਕਦੇ ਕੋਈ ਅਜਿਹਾ ਕਾਰਜ ਰਿਹਾ ਹੋਵੇ। ਕਿਸੇ ਮੁਦੇ ਨੂੰ ਉਠਾ ਕੇ ਮੋਰਚਾ ਲਾਉਣ ਤੋਂ ਬਿਨਾਂ ਉਨ੍ਹਾਂ ਨੂੰ ਕੋਈ ਰਚਨਾਤਮਕ ਕੰਮ ਦਿਖਾਈ ਨਹੀਂ ਦਿੰਦਾ। ਸੁਭਾਵਕ ਸੀ ਕਿ ਅਕਾਲੀ ਦਲ ਸੱਤਾ ਤੋਂ ਬਾਹਰ ਹੋ ਜਾਣ ਤੋਂ ਬਾਅਦ ਆਪਣੀ ਪਰੰਪਰਾ ਅਨੁਸਾਰ ਕੋਈ ਨਾ ਕੋਈ ਮੋਰਚਾ ਲਾਉਂਦਾ।

ਜ਼ਹਿਰ ਨੂੰ ਜ਼ਹਿਰ ਨਾਲ ਮਾਰਨ ਦਾ ਉਪਾਅ ਕਿਸੇ ਦੀ ਵੀ ਸਮਝ ਵਿਚ ਆ ਸਕਦਾ ਸੀ। ਦਿੱਲੀ ਤੇ ਚੰਡੀਗੜ੍ਹ ਦੇ ਸੱਤਾ ਕੇਂਦਰਾਂ ਨੇ ਅਕਾਲੀਆਂ ਨੂੰ ਅਕਾਲੀਆਂ ਨਾਲ ਲੜਾਉਣ ਦੀ ਯੋਜਨਾ ਬਣਾਈ, ਜਿਹੜੀ ਅਕਾਲੀਆਂ ਨੂੰ ਬੇਹਿਸਾਬ ਮੁਸ਼ਕਲ 'ਚ ਪਾ ਸਕਦੀ ਸੀ।

੧੩ ਅਪ੍ਰੈਲ ੧੯੭੮ ਦੀ ਵਿਸਾਖੀ ਤੋਂ ਪੰਜਾਬ ਵਿਚ ਇਕ ਨਵਾਂ ਦੌਰ ਆਰੰਭ ਹੋਇਆ ਸੀ। ਸੰਤ ਭਿੰਡਰਾਂਵਾਲਿਆਂ ਦੇ ਸਮਰਥਕ ਸਿੱਖਾਂ ਅਤੇ ਨਿਰੰਕਾਰੀਆਂ ਦੇ ਦਰਮਿਆਨ ਹੋਏ ਸੰਘਰਸ਼ ਵਿਚ ੧੭ ਵਿਅਕਤੀ ਮਾਰੇ ਗਏ। ਲਗਪਗ ਦੋ ਸਾਲ ਬਾਅਦ (੨੪ ਅਪ੍ਰੈਲ ੧੯੮੦) ਨੂੰ ਨਿਰੰਕਾਰੀ ਬਾਬਾ ਗੁਰਬਚਨ ਸਿੰਘ ਦਾ ਦਿੱਲੀ 'ਚ ਕਤਲ ਹੋਇਆ ਅਤੇ ਬਦਲੇ ਦੀ ਹਿੰਸਾਤਮਕ ਰਾਜਨੀਤੀ ਪੰਜਾਬ ਦੀ ਸ਼ਾਂਤ ਰਾਜਨੀਤੀ 'ਚ ਪ੍ਰਵੇਸ਼ ਕਰ ਗਈ ਤੇ ਫਿਰ ਕਤਲਾਂ ਦਾ ਅਜਿਹਾ ਦੌਰ ਸ਼ੁਰੂ ਹੋਇਆ ਜਿਹੜਾ ਸਾਰਿਆਂ ਨੂੰ ਹੈਰਾਨ ਕਰਨ ਵਾਲਾ ਸੀ। ਕਤਲਾਂ ਦਾ ਇਹ ਸਿਲਸਿਲਾ ਕਿਸੇ ਵੀ ਸੂਝਵਾਨ ਸਰਕਾਰ ਲਈ ਭਾਵੀ ਸੰਕਟ ਦੀ ਸਪੱਸ਼ਟ ਸੂਚਨਾ ਸੀ। ਪ੍ਰੰਤੂ ਅਜਿਹਾ ਲਗਦਾ ਹੈ ਕਿ ਉਪਰ ਤੋਂ ਬਹੁਤ ਚਿੰਤੁਤ ਨਜ਼ਰ ਆਉਣ ਵਾਲੀ ਸਰਕਾਰ ਅਤੇ ਨਜ਼ਦੀਕੀ ਭਵਿਖ ਵਲ ਵੀ ਦੇਖ ਸਕਣ ਵਿਚ ਅਸਮਰਥ ਅਕਾਲੀ ਲੀਡਰਸ਼ਿਪ ਦੋਵੇਂ ਹੀ ਇਨ੍ਹਾਂ ਕਤਲਾਂ ਵਿਚੋਂ ਆਪਣੇ ਮੰਤਵਾਂ ਦੀ ਪੂਰਤੀ ਦੀ ਝਲਕ ਵੇਖਣ ਲਗ ਪਈਆਂ। ਦੋਹਾਂ ਦੀ ਆਪਣੀ ਆਪਣੀ ਰਣਨੀਤੀ ਸੀ। ਪ੍ਰੰਤੂ ਇਸ ਰਣਨੀਤੀ ਵਿਚ ਸਰਕਾਰੀ ਰਣਨੀਤੀ, ਅਕਾਲੀ ਰਣਨੀਤੀ ਦੇ ਮੁਕਾਬਲੇ ਬਹੁਤ ਗਹਿਰੀ ਤੇ ਕੁਟਲ ਸੀ।

ਅਪਰੇਸ਼ਨ ਬਲਿਊ ਸਟਾਰ ਤੋਂ ਪਹਿਲਾਂ ਸਾਰਾ ਦੇਸ਼ ਭੈਭੀਤ ਹੋ ਕੇ ਦੇਖ ਰਿਹਾ ਸੀ ਕਿ ਪੰਜਾਬ ਵਿਚ ਇਹ ਕਿਹੜਾ ਖੇਲ ਖੇਡਿਆ ਜਾ ਰਿਹਾ ਹੈ। ਇਸ ਗੱਲ ਦੀ ਅਨੇਕ ਸੂਤਰਾਂ ਤੋਂ ਪੁਸ਼ਟੀ ਹੋ ਚੁਕੀ ਹੈ ਕਿ ਘਟੋ ਘਟ ਤਿੰਨ ਵਾਰੀ ਸਰਕਾਰ ਅਤੇ ਅਕਾਲੀ ਦਲ ਦੇ ਪ੍ਰਤੀਨਿਧੀਆਂ ਵਿਚਕਾਰ ਸਮਝੌਤੇ ਦੀਆਂ ਸਾਰੀਆਂ ਗੱਲਾਂ ਤੇ ਪੂਰਨ ਸਹਿਮਤੀ ਹੋ ਚੁਕੀ ਸੀ, ਸਮਝੌਤੇ ਦੇ ਕਾਗਜ਼ਾਤ ਵੀ ਤਿਆਰ ਕਰਵਾ ਲਏ ਗਏ ਸਨ, ਪ੍ਰੰਤੂ ਬਿਲਕੁਲ ਅੰਤਮ ਪਲਾਂ 'ਚ ਪ੍ਰਧਾਨ ਮੰਤਰੀ ਨੇ ਆਪਣਾ ਇਰਾਦਾ ਬਦਲ ਲਿਆ ਅਤੇ ਸਮਝੌਤਾ ਨਹੀਂ ਹੋ ਸਕਿਆ। ਕਿਉਂ ? ਕੇਵਲ ਇਸ ਲਈ ਕਿ ਸ੍ਰੀਮਤੀ ਇੰਦਰਾ ਗਾਂਧੀ ਆਪਣੀ ਚੋਣ ਰਣਨੀਤੀ ਲਈ ਦੇਸ਼ ਦੇ ਸਾਹਮਣੇ ਕੋਈ ਕਰਿਸ਼ਮੇ ਭਰਿਆ ਵੱਡਾ ਧਮਾਕਾ ਕਰਨਾ ਚਾਹੁੰਦੇ ਸਨ। ਸਮਝੌਤਾ ਹੋ ਜਾਂਦਾ ਤਾਂ ਧਮਾਕਾ ਕਿਸ ਤਰ੍ਹਾਂ ਹੁੰਦਾ ?

ਸਰਕਾਰ ਦੁਆਰਾ ਪ੍ਰਕਾਸ਼ਤ ਸਫੈਦ ਪੱਤਰ ਅਨੁਸਾਰ ਹਰਿਮੰਦਰ ਸਾਹਿਬ ਵਿਚੋਂ ੪੧ ਲਾਈਟ ਮਸ਼ੀਨ ਗੰਨਾਂ, ੫੭ ਸਟੇਨ ਗੰਨਾਂ ਅਤੇ ਸਭ ਤਰ੍ਹਾਂ ਦੀਆਂ ਮਿਲਾ ਕੇ ੫੦੦ ਰਾਈਫਲਾਂ ਬਰਾਮਦ ਹੋਈਆਂ। ਕੀ ਇੰਨੇ ਹਥਿਆਰਾਂ ਅਤੇ ਅੱਧੇ ਮੀਲ ਦੀ ਸੀਮਾ 'ਚ ਘਿਰੇ 'ਅੱਤਵਾਦੀਆਂ' ਨੂੰ ਕਾਬੂ ਵਿਚ ਰਖਣ ਲਈ ਪੁਲਸ, ਸੀ.ਆਰ.ਪੀ, ਬੀ. ਐਸ. ਐਫ. ਆਦਿ ਸਾਡੇ ਅਰਧ ਸੈਨਿਕ ਦਸਤੇ ਨਾ-ਕਾਫੀ ਜਾਂ ਨਕਾਰਾ ਸਨ ? ਜਿਸ ਲਈ ਭਾਰਤੀ ਸੈਨਾ ਦਾ ਸਹਾਰਾ ਲੈਣਾ ਪਿਆ, ਜਿਸ ਦਾ ਮੁਖ ਕੰਮ ਵਿਦੇਸ਼ੀ ਹਮਲਿਆਂ ਤੋਂ ਦੇਸ਼ ਦੀ ਰਖਿਆ ਕਰਨਾ ਹੈ। ਜਿੰਨੇ ਹਥਿਆਰ ਹਰਿਮੰਦਰ ਸਾਹਿਬ ਖੇਤਰ ਵਿਚੋਂ ਮਿਲੇ, ਉਸ ਤੋਂ ਕਿਤੇ ਵੱਧ ਖ਼ਤਰਨਾਕ ਹਥਿਆਰ ਚੰਬਲ


www.AKJ.Org

ਘਾਟੀ ਦੇ ਡਾਕੂਆਂ ਕੋਲ ਹਨ। ਕੀ ਇਨ੍ਹਾਂ ਸਭ ਕੰਮਾਂ ਲਈ ਫੌਜ ਬਲਿਊ, ਗਰੀਨ ਜਾਂ ਰੈਡ ਅਪਰੇਸ਼ਨ ਕਰੇਗੀ ? ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਅਜਿਹਾ ਹੋਇਆ ਕਿ ਭਾਰਤੀ ਸੈਨਾ ਨੂੰ ਆਪਣੇ ਹੀ ਦੇਸ਼ ਦੇ ਇਕ ਵਰਗ ਦੇ ਖ਼ਿਲਾਫ਼ ਘਮਸਾਨ ਦੀ ਲੜਾਈ ਲੜਨੀ ਪਈ।

ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ (ਰਿਟਾਇਰਡ) ਨੇ ਆਪਣੇ ਇਕ ਲੇਖ ਵਿਚ ਲਿਖਿਆ ਹੈ ਕਿ ਅਪਰੇਸ਼ਨ ਬਲਿਊ ਸਟਾਰ ਦਾ ਸਭ ਤੋਂ ਵੱਡਾ ਦੁਖਾਂਤ ਇਹ ਸੀ ਕਿ ਇਸ ਨੂੰ ਬਹੁਤ ਗੁਪਤ ਰਖਿਆ ਗਿਆ। ਉਨ੍ਹਾਂ ਦਾ ਵਿਚਾਰ ਹੈ ਕਿ ਜਦੋਂ ਆਪਣੇ ਹੀ ਦੇਸ਼ ਦੇ ਇਕ ਵਰਗ ਵਿਰੁਧ ਕੋਈ ਅਜਿਹਾ ਕਦਮ ਚੁਕਣਾ ਹੋਵੇ ਤਾਂ ਪੂਰੇ ਰਾਸ਼ਟਰ ਨੂੰ ਆਪਣੇ ਵਿਸ਼ਵਾਸ ਵਿਚ ਲੈਣਾ ਹੀ ਸਮਝਦਾਰੀ ਹੈ। ਪ੍ਰੰਤੂ ਸਰਕਾਰ ਨੇ ਪੂਰੇ ਰਾਸ਼ਟਰ ਨੂੰ ਤਾਂ ਕੀ, ਸਗੋਂ ਸਿੱਖ ਫ਼ਿਰਕੇ ਵਿਚੋਂ ਕਿਸੇ ਨੂੰ ਵੀ ਵਿਸ਼ਵਾਸ ਵਿਚ ਲੈਣ ਦੀ ਜ਼ਰੂਰਤ ਨਹੀਂ ਸਮਝੀ। ਸਭ ਤੋਂ ਵਡੀ ਗੱਲ ਇਹ ਹੈ ਕਿ ਇਸ ਕਾਰਵਾਈ ਲਈ ਉਹ ਦਿਨ ਚੁਣਿਆ ਗਿਆ ਜਿਸ ਦਿਨ ਪੰਜਵੇਂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਨ ਸੀ, ਜਿਸ ਨੂੰ ਮਨਾਉਣ ਲਈ ਦੂਰ ਦੂਰ ਦੇ ਪਿੰਡਾਂ ਤੋਂ ਹਜ਼ਾਰਾਂ ਸ਼ਰਧਾਲੂ ਹਰਿਮੰਦਰ ਸਾਹਿਬ ਅਤੇ ਪੰਜਾਬ ਦੇ ਹੋਰ ਅਨੇਕਾਂ ਗੁਰਦਵਾਰਿਆਂ ਵਿਚ ਪਹੁੰਚੇ ਹੋਏ ਸਨ।

ਲੋਕਤੰਤਰ ਦਾ ਅਰਥ ਹੈ ਲੋਕਾਂ ਦੀ ਭਾਵਨਾ ਦਾ ਸਨਮਾਨ। ਵਿਦੇਸ਼ੀਆਂ ਨਾਲ ਯੁਧ ਕਰਨ ਸਮੇਂ ਵੀ ਉਥੋਂ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਖਿਆਲ ਰਖਿਆ ਜਾਂਦਾ ਹੈ। ਯੁਧ ਦੌਰਾਨ ਜੇਕਰ ਕਰਿਸਮਿਸ, ਈਦ ਜਾਂ ਦੀਵਾਲੀ ਆ ਜਾਏ ਤਾਂ ਯੁਧ ਵਿਚ ਜੂਝ ਰਹੀਆਂ ਫੌਜਾਂ ਦੁਸ਼ਮਣ ਪੱਖ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਧਿਆਨ ਰਖਦੀਆਂ ਹਨ। ਭਾਰਤ ਸਰਕਾਰ ਨੇ ਆਪਣੇ ਹੀ ਦੇਸ਼ ਵਾਸੀਆਂ ਦੀ ਇਸ ਭਾਵਨਾ ਦਾ ਖਿਆਲ ਨਹੀਂ ਰਖਿਆ। ਸਿੱਟਾ ਇਹ ਨਿਕਲਿਆ ਕਿ ਮੁਠੀ ਭਰ 'ਅੱਤਵਾਦੀਆਂ' ਨਾਲ ਸੈਂਕੜੇ ਬੇਗੁਨਾਹ ਤੀਰਥ ਯਾਤਰੀ, ਔਰਤਾਂ, ਬੁਢੇ, ਬੱਚੇ ਫੌਜ ਦੀਆਂ ਗੋਲੀਆਂ ਨਾਲ ਮਾਰੇ ਗਏ ਜਾਂ ਜੂਨ ਦੀ ਗਰਮੀ ਤੇ ਹੁੰਮ ਨਾਲ ਭਰੀਆਂ ਰਾਤਾਂ ਵਿਚ ਇਕ ਬੂੰਦ ਪਾਣੀ ਲਈ ਵਿਲਕਦੇ ਮਰ ਗਏ।

ਅੰਮ੍ਰਿਤਸਰ ਦਾ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਸਿਰਫ਼ ਧਾਰਮਕ ਸਥਾਨ ਹੀ ਨਹੀਂ ਹਨ, ਸਗੋਂ ਉਹਨਾਂ ਦੇ ਚੱਪੇ ਚੱਪੇ ਤੇ ਅਨੇਕ ਯੁਧਾਂ ਅਤੇ ਬਲੀਦਾਨਾਂ ਦਾ ਇਤਿਹਾਸ ਉਕਰਿਆ ਹੋਇਆ ਹੈ। ਇਸ ਸਥਾਨ ਨਾਲ ਸਿੱਖ ਭਾਈਚਾਰਾ ਜਜ਼ਬਾਤੀ ਤੌਰ ਤੇ ਜੁੜਿਆ ਹੋਇਆ ਹੈ। ਇਥੇ ਆਉਂਦਿਆਂ ਹੀ ਸਤਾਰਵੀਂ, ਅਠਾਰਵੀਂ ਤੇ ਉਨੀਵੀਂ ਸਦੀ ਦੀਆਂ ਰੁਮਾਂਚਿਕ ਯਾਦਾਂ ਸਾਨੂੰ ਪਿਛਲੀਆਂ ਸਦੀਆਂ ਵਲ ਲੈ ਜਾਂਦੀਆਂ ਹਨ। ਕੋਈ ਵੀ 'ਆਪਣੀ' ਸਰਕਾਰ ਇਥੇ ਫੌਜ ਭੇਜਣ ਤੋਂ ਪਹਿਲਾਂ ਇਸ ਗੱਲ ਦਾ ਅਵੱਸ਼ ਜਾਇਜ਼ਾ ਲੈਂਦੀ ਹੈ ਕਿ ਅਜਿਹੀ ਕਾਰਵਾਈ ਦੀ ਤਤਕਾਲਕ ਕੀਮਤ ਕੀ ਹੈ ? ਇਸ ਦੇ ਦੂਰ-ਰਸ ਨਤੀਜੇ ਕੀ ਹੋਣਗੇ ? ਕੋਈ ਜ਼ਖਮ ਕਿੰਨਾ ਵੀ ਵਡਾ ਕਿਉਂ ਨਾ ਹੋਵੇ, ਉਸ ਦੇ ਅਪਰੇਸ਼ਨ ਦਾ ਅਰਥ ਇਹ ਨਹੀਂ ਹੈ ਕਿ ਉਸ ਤੋਂ ਬਾਅਦ ਇਕ ਅਜਿਹਾ ਨਸੂਰ ਛਡ ਦਿਤਾ ਜਾਏ ਜੋ ਸਦੀਆਂ ਤਕ ਲੋਕਾਂ ਦੇ ਮਨਾਂ 'ਚ ਰਿਸਦਾ ਰਹੇ। ਅਪਰੇਸ਼ਨ ਬਲਿਊ ਸਟਾਰ ਨੇ ਸਿੱਖਾਂ ਦੇ ਮਨਾਂ ਵਿਚ ਅਜਿਹਾ ਹੀ ਨਸੂਰ ਛਡ ਦਿਤਾ ਹੈ।

ਪਿਛਲੇ ਇਕ ਸਾਲ ਵਿਚ ਇਸ ਦੇਸ਼ ਵਿਚ ਜੋ ਕੁਝ ਹੋਇਆ, ਉਹ ਇਹ ਦਸਦਾ ਹੈ ਕਿ ਅਪਰੇਸ਼ਨ ਬਲਿਊ ਸਟਾਰ ਨਾ ਕੇਵਲ ਗ਼ੈਰ ਜ਼ਰੂਰੀ ਸੀ ਸਗੋਂ ਅਜਿਹਾ ਗਲਤ ਅਤੇ ਬਦਕਿਸਮਤੀ ਵਾਲਾ ਕਦਮ ਸੀ ਜਿਸ ਨੇ ਦੇਸ਼ ਵਿਚ ਹਿੰਸਾ, ਅੱਤਵਾਦ ਅਤੇ ਵੱਖਵਾਦ ਦੀਆਂ ਜੜਾਂ ਨੂੰ ਬਹੁਤ ਡੂੰਘਾ ਕਰ ਦਿਤਾ। ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ, ਇਸ ਤੋਂ ਬਾਅਦ ਦੇਸ਼ ਦੇ ਅਨੇਕ ਹਿਸਿਆਂ ਵਿਚ ਯੋਜਨਾਬੱਧ ਸਿੱਖ ਵਿਰੋਧੀ ਦੰਗੇ ਅਤੇ ਹੁਣ ਵਿਆਪਕ ਬੰਬ ਧਮਾਕਿਆਂ ਦੀਆਂ ਘਟਨਾਵਾਂ ਇਹ ਸਭ ਕੀ ਸਿਧ ਕਰਦੀਆਂ ਹਨ ? ਆਖ਼ਰ ਅਸੀਂ ਦੇਸ਼ ਨੂੰ ਕਿਸ ਕੰਢੇ ਵਲ ਲੈ ਆਏ ਹਾਂ ? ਸਰਕਾਰ ਦੀਆਂ ਨੀਤੀਆਂ ਲੋਕਾਂ ਦਾ ਵਿਸ਼ਵਾਸ ਜਿਤ ਰਹੀਆਂ ਹਨ ਜਾਂ ਤੋੜ ਰਹੀਆਂ ਹਨ ? ਅਪਰੇਸ਼ਨ ਬਲਿਊ ਸਟਾਰ ਨੇ ਸਿੱਖ ਮਾਨਸਿਕਤਾ ਨੂੰ ਅਠਾਰਵੀਂ ਸਦੀ ਵੱਲ ਧਕ ਦਿਤਾ ਹੈ। ਅਪਰੇਸ਼ਨ ਬਲਿਊ ਸਟਾਰ ਜ਼ਰੂਰੀ ਨਹੀਂ ਸੀ, ਪ੍ਰੰਤੂ ਹੁਣ ਇਸ ਦੇ ਬੁਰੇ ਸਿਟਿਆਂ ਤੋਂ ਦੇਸ਼ ਨੂੰ ਬਚਾਉਣਾ ਸਚ ਮੁਚ ਬਹੁਤ ਜ਼ਰੂਰੀ ਹੈ।

(ਰਵੀਵਾਰ ਚੋਂ ਧੰਨਵਾਦ ਸਹਿਤ—ਅਜੀਤ ੯-੬-੮੫

www.AKJ.Org

# ਪੰਜਾਬ ਦਾ ਵਿਲੱਖਣ ਸ਼ਾਂਤੀ ਨਿਕੇਤਨ

## ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ [ਗੁਰਦਾਸਪੁਰ]

### ਇਸ ਕਾਲਜ ਦੀ ਵਿਲੱਖਣਤਾ

(੧) ਬੀਬੀਆਂ ਦਾ ਅਦੁੱਤੀ ਆਦਰਸ਼ਕ ਕਾਲਜ, ਜੋ ਉਚੇ ਜੀਵਨ ਪੈਦਾ ਕਰਨ ਲਈ ਬੇਮਿਸਾਲ ਸੰਸਥਾ ਹੈ।
(੨) ਕੋਈ ਫੀਸ ਨਹੀਂ; ਸਗੋਂ ਗ਼ਰੀਬ ਬੱਚਿਆਂ ਦੀ ਰਿਹਾਇਸ਼, ਕਪੜੇ ਤੇ ਕਿਤਾਬਾਂ ਤਕ ਮੁਫ਼ਤ ਹੁੰਦੀਆਂ ਹਨ।
(੩) ਕਾਲਜ ਦੀ ਸਫ਼ਾਈ ਤੋਂ ਲੈ ਕੇ ਪ੍ਰੋਫ਼ੈਸਰ ਤਕ ਦੀ ਜ਼ਿਮੇਵਾਰੀ ਵਿਦਿਆਰਥੀ ਆਪ ਨਿਭਾਂਦੇ ਹਨ।
(੪) ਵਿਦਿਆਰਥੀ ਹੀ ਕਾਲਜ ਦੀਆਂ ਕਿਆਰੀਆਂ ਗੋਡਦੇ, ਫੂਲ ਬੂਟੇ ਲਾਂਦੇ ਤੇ ਉਨ੍ਹਾਂ ਨੂੰ ਪਾਣੀ ਦੇਂਦੇ ਹਨ।
(੫) ਨਿਤਪ੍ਰਤਿ ਅਰੰਭ ਸਮੇਂ ਗੁਰਦੁਆਰੇ ਵਿਖੇ ਰਸ-ਭਿੰਨੇ ਕੀਰਤਨ, ਕਥਾ, ਵਿਆਖਿਆਨ ਤੇ ਅਰਦਾਸ ਵਿਚ ਹਰੇਕ ਵਿਦਿਆਰਥੀ ਸ਼ਾਮਲ ਹੋਣਾ ਧੰਨ ਭਾਗ ਸਮਝਦਾ ਹੈ।
(੬) ਹਰੇਕ ਬੱਚੀ ਸੁੱਤੇ ਸਿਧ ਹੀ ਕੀਰਤਨ ਕਰਨਾ ਸਿਖ ਜਾਂਦੀ ਹੈ।
(੭) ਲਿਬਾਸ ਦੇਵਤਿਆਂ ਵਾਂਗ ਸਾਦਾ, ਫ਼ੈਸ਼ਨ ਦਾ ਨਾਂ-ਥੇਹ ਨਹੀਂ ਅਤੇ ਨਾ ਹੀ ਕੋਈ ਨੰਗੇ ਸਿਰ ਹੈ।
(੮) ਅਜ ਦੇ ਭਿਆਨਕ ਜੁਗ ਦੇ ਭਿਆਨਕ ਅਸਰਾਂ ਤੋਂ ਬਚ ਕੇ ਸਵੱਛ ਜੀਵਨਾਂ ਦਾ ਨਮੂਨਾ ਹੈ।
(੯) ਯੂਨੀਵਰਸਿਟੀ ਦੇ ਨਿਗਰਾਨ ਤੇ ਫਲਾਇੰਗ ਸੁਕਾਇਡਜ਼ ਅਨੁਸਾਰ ਇਹ ਇਕ 'ਸਤਜੁਗੀ ਕਾਲਜ' ਹੈ, ਜਿਥੇ ਨਕਲ ਕਰਨ ਦਾ ਸੁਪਨਾ ਤਕ ਵੀ ਨਹੀਂ।
(੧੦) ਹਰ ਵਿਦਿਆਰਥੀ ਡਿਸਿਪਲਿਨ, ਜ਼ਬਤ ਅਥਵਾ ਨਿਯਮ-ਪਾਲਣਾ ਆਪਣਾ ਮੁਖ ਫ਼ਰਜ਼ ਸਮਝਦਾ ਹੈ।

ਬਾਬਾ ਆਇਆ ਸਿੰਘ ਰਿਆੜਕੀ ਕਾਲਜ, ਜਿਸ ਨੂੰ ਹਰ ਵੇਖਣ ਵਾਲਾ 'ਪੰਜਾਬ ਦਾ ਸ਼ਾਂਤੀ ਨਿਕੇਤਨ' ਸੁਭਾਵਿਕ ਹੀ ਕਹਿ ਉੱਠਦਾ ਹੈ, ਜ਼ਿਲਾ ਗੁਰਦਾਸਪੁਰ ਦੇ ਪਿੰਡ ਤੁਗਲਵਾਲਾ ਵਿਖੇ ਬਟਾਲਾ ਤੋਂ ੨੨ ਕਿਲੋਮੀਟਰ ਦੂਰ ਗੁਰਦਾਸਪੁਰ–ਸ੍ਰੀ ਹਰਗੋਬਿੰਦਪੁਰ ਸੜਕ ਅਤੇ ਅਪਰ-ਬਾਰੀ ਦੁਆਬ ਨਹਿਰ ਦੀ ਸਭਰਾਵਾਂ ਬਰਾਂਚ ਦੇ ਸੱਜੇ ਕਿਨਾਰੇ ਉਤੇ ਕੋਈ ਪੰਦਰ੍ਹਾਂ ਏਕੜ ਵਿੱਚ ਫੈਲੇ ਹਰੇ ਭਰੇ ਖੇਤਾਂ ਤੇ ਦਰੱਖਤਾਂ ਨਾਲ ਖ਼ੂਬਸੂਰਤ ਤੇ ਰਮਣੀਕ ਸ਼ਾਂਤ ਵਾਤਾਵਰਣ ਵਿੱਚ ਘਿਰਿਆ ਹੋਇਆ ਹੈ।

ਇੱਥੇ ਵਿਦਿਆਰਥਣਾਂ ਕੋਲੋਂ ਕੋਈ ਫ਼ੀਸ ਵਗੈਰਾ ਨਹੀਂ ਲਈ ਜਾਂਦੀ, ਸਗੋਂ ਗਰੀਬ ਬੱਚਿਆਂ ਦੀ ਰਿਹਾਇਸ਼, ਕੱਪੜੇ ਤੇ ਕਿਤਾਬਾਂ ਤੱਕ ਮੁਫਤ ਦਿੱਤੀਆਂ ਜਾਂਦੀਆਂ ਹਨ—ਕਾਲਜ ਦੇ ਵਿਦਿਆਰਥੀ ਕਾਲਜ ਦੀ ਸਫ਼ਾਈ ਤੋਂ ਲੈ ਕੇ ਪ੍ਰੋਫ਼ੈਸਰ ਤੱਕ ਦੀ ਜ਼ਿੰਮੇਵਾਰੀ ਆਪ ਨਿਭਾਉਂਦੇ ਹਨ। ਬੀ. ਏ. ਫਾਈਨਲ ਦੀਆਂ ਵਿਦਿਆਰਥਣਾਂ ਬੀ. ਏ. ਸੈਕਿੰਡ ਨੂੰ, ਬੀ. ਏ. II ਦੀਆਂ ਵਿਦਿਆਰਥਣਾਂ ਬੀ. ਏ. I ਨੂੰ ਤੇ ਬੀ. ਏ. I ਦੀਆਂ ਵਿਦਿਆਰਥਣਾਂ ਪ੍ਰੈਪ ਨੂੰ ਪੜ੍ਹਾਉਂਦੀਆਂ ਹਨ। ਇਸ ਤੋਂ ਇਲਾਵਾ ਬੱਚੇ ਕਾਲਜ ਦੀਆਂ ਕਿਆਰੀਆਂ ਵਿੱਚ ਆਪ ਹੀ ਫੁੱਲ ਬੂਟੇ ਲਾਉਂਦੇ, ਗੋਡੀ ਕਰਦੇ, ਪਾਣੀ ਦਿੰਦੇ ਅਤੇ ਕਾਲਜ ਦੀ ਸਫ਼ਾਈ ਆਦਿ ਸੱਭ ਕੁੱਝ ਆਪ ਹੀ ਕਰਦੇ ਹਨ।

ਗੁਰਬਾਣੀ, ਵਿਦਿਆ, ਸਿੱਖੀ ਅਤੇ ਗੁਰਮਤਿ ਦੀ ਰੰਗਤ ਵਿੱਚ ਰੰਗੇ ਇਸ ਕਾਲਜ ਦਾ ਪਹਿਲਾਂ ਪੀਰੀਅਡ ਕਾਲਜ ਗੁਰਦੁਆਰੇ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਤੇ ਗੁਰਬਾਣੀ ਦੇ ਕੀਰਤਨ ਨਾਲ ਆਰੰਭ ਹੁੰਦਾ ਹੈ। ਇਹ ਪੀਰੀਅਡ ਜਿਥੇ ਹਰੇਕ ਲਈ ਜ਼ਰੂਰੀ ਹੁੰਦਾ ਹੈ ਉਥੇ ਏਨਾਂ ਦਿਲ-ਖਿਚਵਾਂ ਹੁੰਦਾ ਹੈ ਕਿ ਕੋਈ ਵੀ ਇਸ ਵਿੱਚੋਂ ਗੈਰਹਾਜ਼ਰ ਹੋਣਾ ਨਹੀਂ ਚਾਹੁੰਦਾ। ਕੀਰਤਨ ਤੋਂ ਬਾਅਦ ਵਿਦਿਆਰਥੀ ਅਰਦਾਸ ਕਰਦੇ, ਵਾਕ ਲੈਂਦੇ ਤੇ ਕਥਾ ਕਰਦੇ ਹਨ। ਰੋਜ਼ਾਨਾ ਇੱਕ ਘੰਟੇ ਦੇ ਇਸ ਪੀਰੀਅਡ ਵਿੱਚ ਵਿਦਿਆਰਥਣਾਂ ਦੇ ਆਪਣੇ ਤਿਆਰ ਕੀਤੇ ਲੈਕਚਰ ਵੀ ਹੁੰਦੇ ਹਨ ਤੇ ਉਨ੍ਹਾਂ ਦੇ ਕੁਮੈਂਟ (ਵਿਚਾਰ-ਵਟਾਂਦਰਾ) ਵੀ।

ਵਿਦਿਆਰਥਣਾਂ ਦਾ ਚਿੱਟੇ ਰੰਗ ਦਾ ਸਾਦਾ ਲਿਬਾਸ ਦੇਵਤਿਆਂ ਵਰਗਾ ਪ੍ਰਭਾਵ ਦਿੰਦਾ ਹੈ। ਇਸ ਕਾਲਜ


www.AKJ.Org

ਵਿਚ ਫ਼ੈਸ਼ਨ-ਨਾਂ ਦੀ ਕੋਈ ਚੀਜ਼ ਨਹੀਂ ਜਾਂ ਪੱਛਮ ਦੀ ਰੀਸ ਨਾਲ ਆਈ ਮਾਡਰਨ ਸੱਭਿਅਤਾ ਕਿਧਰੇ ਨਜ਼ਰ ਨਹੀਂ ਆਉਂਦੀ। ਤੁਸੀਂ ਸਾਰੇ ਕਾਲਜ ਵਿੱਚ ਕਿਸੇ ਬੱਚੇ ਦਾ ਸਿਰ ਨੰਗਾ ਜਾਂ ਕੋਈ ਫ਼ੈਸ਼ਨ ਵਾਲੀ ਚੀਜ਼ ਨਹੀਂ ਦੇਖ ਸਕੋਗੇ।

ਇਥੋਂ ਦੀਆਂ ਵਿਦਿਆਰਥਣਾਂ ਅੱਜ ਦੇ ਜੁਗ ਦੀਆਂ ਭਿਆਨਕ ਬਿਮਾਰੀਆਂ, ਜਿਵੇਂ ਆਚਰਨ-ਹੀਣਤਾ, ਅਨੁਸ਼ਾਸਨ-ਹੀਣਤਾ, ਫ਼ੈਸ਼ਨ-ਪ੍ਰਸਤੀ, ਅਵਾਰਾਗਰਦੀ, ਗ਼ਲਤ ਕਾਮਕ ਲਿਟਰੇਚਰ ਅਤੇ ਇਮਤਿਹਾਨਾਂ ਵਿੱਚ ਨਕਲ ਆਦਿ ਵਰਗੀਆਂ ਖ਼ਤਰਨਾਕ ਹਵਾਵਾਂ ਤੋਂ ਬੱਚ ਕੇ, ਗੁਰਬਾਣੀ ਦਾ ਓਟ ਆਸਰਾ ਲੈ ਕੇ ਸਾਦਾ ਅਤੇ ਸਵੱਛ ਜੀਵਨ ਬਤੀਤ ਕਰਦੀਆਂ ਹਨ।

ਇਸ ਕਾਲਜ ਵਿੱਚ ਸਚਮੁੱਚ ਨਕਲ ਕਰਨ ਕਰਾਉਣ ਦਾ ਰਿਵਾਜ ਨਹੀਂ ਹੈ—ਵਿਦਿਆਰਥੀ ਕਿਸੇ ਪ੍ਰੀਖਿਆ ਵਿੱਚ ਨਕਲ ਮਾਰਨੀ ਤਾਂ ਇੱਕ ਪਾਸੇ ਰਹੀ—ਨੀਯਤ ਸਮੇਂ ਤੋਂ ਇੱਕ ਮਿੰਟ ਵੀ ਵਾਧੂ ਨਹੀਂ ਲੈਂਦੇ। ਇਮਤਿਹਾਨੀ ਹਾਲ ਦਾ ਦ੍ਰਿਸ਼ ਯੂਨੀਵਰਸਿਟੀ ਦੇ ਨਿਗਰਾਨ ਅਤੇ ਫ਼ਲਾਇੰਗ ਸੁਕਾਇਡਜ਼ ਅਨੁਸਾਰ 'ਸਤਜੁਗੀ' ਹੈ—ਜਿੱਥੇ ਖਚਾ ਖਚ ਭਰੇ ਹਾਲ ਵਿੱਚ 'ਪਿੰਨ ਡਰਾਪ ਸਾਇਲੈਂਸ' ਹੁੰਦੀ ਹੈ। ਇਹ ਗੱਲ ਵਰਨਣ ਯੋਗ ਹੈ ਕਿ ਇਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਕੇਵਲ ਇਕੋ ਇੱਕ ਸੈਂਟਰ-ਸੁਪਰੰਟੈਂਡੈਂਟ ਲਗਾਇਆ ਜਾਂਦਾ ਹੈ—ਸੁਪਰਵਾਇਜ਼ਰ ਜਾਂ ਇਨਵਿਜੀਲੇਟਰ ਨਹੀਂ।—ਸੁਪਰੰਟੈਂਡੈਂਟ ਦਾ ਕੰਮ ਵੀ ਕੇਵਲ ਪੇਪਰ ਖੋਲ੍ਹਣ ਤੱਕ ਹੀ ਸੀਮਤ ਹੁੰਦਾ ਹੈ, ਬਾਕੀ ਸਾਰਾ ਕੰਮ ਬੱਚੇ ਆਪ ਕਰਦੇ ਹਨ। ਤੁਸੀਂ ਜਿੰਨਾ ਚਿਰ ਮਰਜ਼ੀ ਪਹਿਲਾਂ ਪਰਚਾ ਦੇ ਦਿਉ, ਕੋਈ ਵੀ ਵਿਦਿਆਰਥੀ ਹਾਲ ਵਿੱਚ ਲੱਗੀ ਸਮੇਂ ਦੀ ਘੜੀ ਦੀ ਟਿੱਕ ਹੋਣ ਤੋਂ ਪਹਿਲਾਂ ਪਰਚਾ ਨਹੀਂ ਪੜ੍ਹੇਗਾ ਤੇ ਸਮਾਂ ਖ਼ਤਮ ਹੋਣ ਦੀ ਟਿੱਕ ਤੋਂ ਬਾਅਦ ਸੱਭ ਵਿਦਿਆਰਥੀ ਫ਼ੌਰਨ ਖੜ੍ਹੇ ਹੋ ਜਾਣਗੇ ਤੇ ਉਹ ਹੋਰ ਇੱਕ ਵੀ ਲਫ਼ਜ਼ ਨਹੀਂ ਲਿਖਣਗੇ।

ਇਸ ਤਰ੍ਹਾਂ ਦੇ ਡਸਿਪਲਿਨ ਤੇ ਨਕਲ ਨਾ ਮਾਰਨ ਦੇ ਬਾਵਜੂਦ ਕਾਲਜ ਦੇ ਨਤੀਜੇ ਹਰ ਸਾਲ ਸੌ ਪ੍ਰਤੀਸ਼ਤ ਅਤੇ ਵੱਧ ਤੋਂ ਵੱਧ ਮੈਰਿਟਸ ਅਤੇ ਫਸਟ ਡਵੀਜ਼ਨਜ਼ ਨਾਲ ਸੁਸ਼ੋਭਿਤ ਹੁੰਦੇ ਹਨ।

ਇਸ ਕਾਲਜ ਵਿੱਚ ਹਰੇਕ ਦਿਨ ਹੀ ਉਤਸਵ ਵਾਂਗ ਮਨਾਇਆ ਜਾਂਦਾ ਹੈ। ਪਰ ਖ਼ਾਸ ਤੌਰ ਤੇ ਗੁਰਪੁਰਬ, ਹਰ ਧਰਮ ਦੇ ਬਾਨੀ ਦਾ ਜਨਮ ਉਤਸਵ ਤੇ ਦਿਨ-ਦਿਹਾਰ, ਖਾਸ ਲਗਨ ਤੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਦਿਨ-ਦਿਹਾਰ ਤੇ ਗੈਜ਼ਟਿਡ ਛੁੱਟੀਆਂ ਬੜੇ ਆਦਰ ਅਤੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਐਤਵਾਰ ਤੋਂ ਬਿਨਾਂ ਕੋਈ ਛੁੱਟੀ ਨਹੀਂ ਕੀਤੀ ਜਾਂਦੀ।

ਪੜ੍ਹਾਈ ਦੇ ਨਾਲ ਨਾਲ ਇਥੋਂ ਦੀਆਂ ਬੱਚੀਆਂ ਨੂੰ ਆਉਣ ਵਾਲੇ ਜੀਵਨ ਵਿੱਚ ਸੁਚੱਜੀਆਂ ਗ੍ਰਹਿਣੀਆਂ ਬਣਾਉਣ ਲਈ ਰਸੋਈ ਸਿਖਿਆ, ਘਰ ਦੀ ਸਜਾਵਟ, ਕੱਪੜਿਆਂ ਦੀ ਕਟਾਈ-ਸਿਲਾਈ, ਕਢਾਈ ਤੇ ਧੁਆਈ, ਫ਼ਸਟ-ਏਡ, ਹੋਮ-ਨਰਸਿੰਗ, ਪੋਲਟਰੀ, ਡੇਅਰੀ, ਬਾਗਬਾਨੀ ਆਦਿ ਦੀ ਵੀ ਸਿਖਿਆ ਦਿੱਤੀ ਜਾਂਦੀ ਹੈ।

ਇਸ ਆਸ਼ਰਮ ਵਿੱਚ ਪਿਛਲੇ ਸਾਲ ੨੫੦ ਤੋਂ ਵੱਧ ਵਿਦਿਆਰਥੀ ਸਨ, ਜਿਨ੍ਹਾਂ ਵਿਚੋਂ ੧੦੦ ਤੋਂ ਵੱਧ ਵਿਦਿਆਰਥੀ ਹੋਸਟਲ ਵਿੱਚ ਹੀ ਰਹਿੰਦੇ ਸਨ। ਇਥੋਂ ਦੇ ਹੋਸਟਲ ਦਾ ਕਾਰ ਵਿਹਾਰ ਤੇ ਵਾਤਾਵਰਣ ਆਪਣੀ ਕਿਸਮ ਦਾ ਆਪ ਹੀ ਹੈ—ਬੱਚੇ ਗੁਰਬਾਣੀ ਦੇ ਸ਼ਬਦ ਪੜ੍ਹਦੇ ਲੰਗਰ ਬਣਾਉਂਦੇ ਹਨ। ਪੰਗਤ ਵਿਚ ਬੈਠ ਕੇ ਛਕਦੇ ਹਨ। ਸਵੇਰੇ ਆਸਾ ਦੀ ਵਾਰ ਤੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਕਰਦੇ ਕਿਸੇ ਸਵਰਗ ਦਾ ਭੁਲੇਖਾ ਪਾਉਂਦੇ ਹਨ। ਇਥੋਂ ਦੀ ਹਰ ਵਿਦਿਆਰਥਣ ਸੁਤੇ ਸਿੱਧ ਹੀ ਗੁਰਬਾਣੀ ਦਾ ਰਸ-ਭਿੰਨਾ ਕੀਰਤਨ ਸਿੱਖ ਜਾਂਦੀ ਹੈ—ਕੀਰਤਨ ਦੀਆਂ ਧੁੰਨਾਂ ਸਾਰਾ ਦਿਨ ਕਾਲਜ ਵਿੱਚ ਗੂੰਜਦੀਆਂ ਰਹਿੰਦੀਆਂ ਹਨ।

ਕਾਲਜ ਵਿੱਚ ਸਮੇਂ ਸਮੇਂ ਸਿਰ ਬਾਹਰੋਂ ਵਿਦਵਾਨ, ਬੱਚੀਆਂ ਨੂੰ ਉਪਦੇਸ਼ ਦੇਣ ਲਈ ਬੁਲਾਏ ਜਾਂਦੇ ਹਨ, ਜਿਹੜੇ ਬੱਚੀਆਂ ਨੂੰ ਦੇਸ਼ ਤੇ ਕੌਮ ਦ ਉਚੇ ਆਦਰਸ਼ਾਂ, ਭਾਰਤੀ ਸਭਿਆਚਾਰ, ਦੇਸ਼ ਭਗਤੀ, ਸੇਵਾ, ਤਿਆਗ ਤੇ ਸਦਾਚਾਰਕ ਅਸੂਲਾਂ ਤੇ ਰਵਾਇਤਾਂ ਤੋਂ ਜਾਣੂ ਕਰਵਾ ਕੇ ਬੱਚਿਆਂ ਨੂੰ ਹੱਥੀਂ ਕੰਮ ਕਰਨ, ਸਾਦਾ ਰਹਿਣ, ਸਾਦਾ ਪਹਿਨਣ, ਸਾਦਾ ਖਾਣ ਪੀਣ ਅਤੇ ਉਚੇ ਇਖ਼ਲਾਕ ਲਈ ਪ੍ਰੇਰਨਾ ਦਿੰਦੇ ਹਨ।

ਕਾਲਜ ਵਿੱਚ ਕੋਈ ਸਜ਼ਾ, ਜੁਰਮਾਨਾ, ਮੰਗ ਜਾਂ ਰਾਜਨੀਤੀ ਨਹੀਂ ਹੈ। ਕਾਲਜ ਹਰ ਵਿਅਕਤੀ ਕੋਲੋਂ ਆਪਣਾ ਫ਼ਰਜ਼ ਪੂਰਾ ਕਰਨ ਦੀ ਮੰਗ ਕਰਦਾ ਹੈ।

www.AKJ.Org

# ਸੁਖਮਨੀ

[ਸ: ਬਲਵਿੰਦਰ ਸਿੰਘ ਪਲੇਸਰ ਐਮ. ਏ. ਫ਼ੀਰੋਜ਼ਪੁਰ]

ਸੁਖ ਤੇ ਸੀਤਲਤਾ ਵਰਤਾਉਂਦੀ ਸੁਖਮਨੀ।
ਖੈ-ਕਾਰਨ ਸਭ ਦੂਰ ਨਸਾਉਂਦੀ ਸੁਖਮਨੀ।

ਸਹਿਜ-ਅਵਸਥਾ ਤਕ ਪਹੁੰਚਾਉਂਦੀ ਸੁਖਮਨੀ।
ਮੁਕਤੀ ਦਾ ਮਾਰਗ ਦਿਖਲਾਉਂਦੀ ਸੁਖਮਨੀ।

'ਸਿਮਰਉ ਸਿਮਰਿ ਸਿਮਰਿ ਸੁਖ ਪਾਵਉ' ਇਹ ਨਈਆ,
ਭਵ-ਸਾਗਰ ਚੋਂ ਪਾਰ ਲੰਘਾਉਂਦੀ ਸੁਖਮਨੀ।

ਰਾਜਾ, ਜੋਗੀ, ਤਪੀ, ਗ੍ਰਹਿਸਤੀ ਹੁੰਦਿਆਂ ਵੀ,
ਪਰਮ-ਆਤਮਾ ਨੂੰ ਮਿਲਵਾਉਂਦੀ ਸੁਖਮਨੀ।

ਸਾਰਾ ਬ੍ਰਹਿਮੰਡ ਆਉਂਦਾ ਇਸ ਦੇ ਘੇਰੇ ਵਿਚ,
ਉਚ-ਮੰਡਲਾਂ ਸੰਗ ਸਾਂਝ ਪਵਾਉਂਦੀ ਸੁਖਮਨੀ।

ਚਾਰ ਪਦਾਰਥ ਲੋਚਨ ਵਾਲੇ ਜੀਵਾਂ ਨੂੰ,
'ਸਾਧ ਜਨਾ ਕੀ ਸੇਵਾ' ਲਾਉਂਦੀ ਸੁਖਮਨੀ।

ਨਾਮ-ਖੁਮਾਰੀ ਜਗਿਆਸੂ ਨੂੰ ਬਖਸ਼ਿਸ਼ ਕਰ,
ਰੋਮ ਰੋਮ ਜਾਵੇ ਨਸ਼ਿਆਉਂਦੀ ਸੁਖਮਨੀ।

ਇਕ ਵਿਲੱਖਣ ਸ਼ਾਹਕਾਰ ਗੁਰੂ ਅਰਜਨ ਦਾ,
ਪ੍ਰਤਿਭਾ ਦੇ ਦਰਸ਼ਨ ਕਰਵਾਉਂਦੀ ਸੁਖਮਨੀ।

ਸਰਵ ਸਰੇਸ਼ਟ ਰਚਨਾ ਗਾਗਰ ਵਿਚ ਸਾਗਰ,
ਸੰਗੀਤਕ ਧੁਨੀਆਂ ਉਪਜਾਉਂਦੀ ਸੁਖਮਨੀ।

ਇਕ ਮਨ ਹੋ ਕੇ ਨਾਲ ਪ੍ਰੀਤਾਂ ਪੜ੍ਹ ਸੁਖਮਨੀ।
ਦੂਖ, ਰੋਗ, ਭੈ, ਭਰਮ ਮਿਟਾਉਂਦੀ ਸੁਖਮਨੀ।

# ਅਣਖਾਂ ਤੇ ਕੌਮਾਂ ਜੀਂਦੀਆਂ

[ਸ: ਤੇਗ ਬਹਾਦਰ ਸਿੰਘ ਤੇਗ]

ਐ ਮੇਰੇ ਹਮਸਫ਼ਰ ਦੋਸਤੋ !
ਐ ਮੇਰੇ ਹਮਸਫ਼ਰ ਸਾਥੀਓ !
ਤੁਸੀਂ ਤਾਂ ਅਣਖੀਲੇ ਸਿੰਘ ਹੋ—
ਕੋਈ ਗਿੱਦੜ ਨਹੀਂ।
ਤੁਸੀਂ ਤਾਂ ਗੁਰੂ ਦੇ ਲਾਲ ਹੋ–
ਕੋਈ ਘਸਿਆਰੇ ਨਹੀਂ।

ਜੇ ਸਿੰਘ ਹੋ, ਖਾਲਸੇ ਹੋ,
ਤਾਂ ਖਾਲਸਈ ਸ਼ਾਨ ਨੂੰ ਰਖੋ ਬਰਕਰਾਰ।
ਪੰਥ ਦੀ ਸ਼ਾਨ ਲਈ,
ਗੁਰੂ ਗ੍ਰੰਥ ਦੇ ਮਾਣ ਲਈ,
ਕੁਰਸੀ ਨੂੰ ਮਾਰੋ ਠੋਕਰਾਂ
ਤੇ ਨਿਤਰੋ ਮੈਦਾਨ ਵਿਚ।

ਅੱਜ ਤੁਹਾਡੀ ਸ਼ਾਨ ਨੂੰ
ਗਿੱਦੜ ਕਿਉਂ ਲਲਕਾਰਦੇ !
ਅੱਜ ਤੁਹਾਡੇ ਗੁਰੂ ਨੂੰ
ਕਿਉਂ ਇਹ ਤ੍ਰਿਸਕਾਰਦਾ !
ਕੀ ਅਣਖ ਤੁਹਾਡੀ ਮਰ ਗਈ ?

ਪਰ
ਅਣਖਾਂ ਤੋਂ ਕੌਮਾਂ ਜੀਂਦੀਆਂ।
ਨਿਪੁੰਸਕ ਹੋਂਦੀ ਕੌਮ ਨੂੰ
ਧਿਰਕਾਰ ਹੈ, ਧਿਰਕਾਰ ਹੈ !


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲ ਸੰਜੋਗੀ | ੦-੦੦, ੭-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ:ਸਾ:ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੫੦ | ਪ੍ਰਗਟੀ ਜੋਤਿ ਮਿਲੈ ਰਾਮ ਪਿਆਰੇ ,, | ੦-੬੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੪੫ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ੦-੬੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ | | ਵਲੋਂ ਭਾਈ ਰਾਮ ਸਿੰਘ ਜੀ | ੦-੭੫ |

ਸਿੱਖ ਇੱਕ ਵੱਖਰੀ ਕੌਮ (ਸੂਰਾ ਦਾ ਵਿਸ਼ੇਸ਼ ਤੇ ਅਮੋਲਕ ਅੰਕ, ਜਿਸ ਵਿਚ ੧੩ ਖੋਜ-ਭਰੇ ਲੇਖ ਸ਼ਾਮਲ ਹਨ) ੫-੦੦



www.AKJ.org

# ਜਗਤੁ ਜਲੰਦਾ ਰਖਿ ਲੈ

ਵਲੋਂ :—ਗਿ: ਗੋਪਾਲ ਸਿੰਘ ਜੀ 'ਮਿੱਤਰ'

ਜਦੋਂ ਸੰਸਾਰੀ ਲੋਕਾਂ ਦੇ ਜੀਵਨ ਵਿੱਚੋਂ ਸੱਚਾਈ, ਨੇਕੀ, ਮਾਨਵ ਪਿਆਰ ਆਦਿ ਦੈਵੀ ਸਦ ਗੁਣਾਂ ਦੀ ਸਮਾਪਤੀ ਹੋ ਜਾਂਦੀ ਹੈ ਤੇ ਆਸੁਰੀ ਭਾਵਾਂ ਦੀ ਅਗਨੀ, ਪ੍ਰਜ੍ਵਲਤ ਹੋ ਕੇ ਮਾਨਵ-ਮਾਰ ਰੁਚੀਆਂ ਦਾ ਰੂਪ ਧਾਰਨ ਕਰ ਲੈਂਦੀ ਹੈ ਤਦੋਂ ਧਰਮ-ਅਵਲੰਬੀਆਂ ਦੀਆਂ ਚੀਖ਼ਾਂ ਪੁਕਾਰਾਂ ਤਰਲੇ ਤੇ ਜੋਦੜੀਆਂ ਸੁਣ ਕੇ ਅਕਾਲ ਪੁਰਖ ਜਗਤ ਜਲੰਦੇ ਨੂੰ ਸੀਤਲਤਾ ਪ੍ਰਦਾਨ ਕਰਨ ਲਈ ਮਾਨਵ ਪਿਆਰ ਦੀ ਗੰਗ-ਧਾਰ ਵਗਾ ਕੇ ਮਹਾਂ ਪੁਰਖ ਦੇ ਰੂਪ ਵਿਚ ਸੰਸਾਰ ਤੇ ਆਉਂਦਾ ਹੈ।

ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸੰਸਾਰ ਵਿਚ ਪ੍ਰਗਟ ਹੋਣ ਸਮੇਂ "ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ"[1] ਵਾਲਾ ਵਰਤਾਰਾ ਵਰਤ ਰਿਹਾ ਸੀ। 'ਸਚੁ ਕਿਨਾਰੇ ਰਹਿ ਗਿਆ' ਸੀ ਤੇ "ਕੂੜੁ ਫਿਰੈ ਪਰਧਾਨੁ" ਵਾਲੀ ਸਥਿਤੀ ਵਿਚ "ਸਰਮੁ ਧਰਮੁ ਦੁਇ ਛਪਿ ਖਲੋਏ"[2] ਵਾਲਾ ਵਾਤਾਵਰਣ ਬਣ ਚੁਕਾ ਸੀ। ਗੁਰੂ ਜੀ ਨੇ ਭਾਰਤ ਤੇ ਹੋਰ ਬਾਹਰ ਦੇ ਮੁਲਕਾਂ ਵਿਚ ਫਿਰ ਕੇ 'ਆਤਸ਼ ਦੁਨੀਆ' ਨੂੰ "ਖੁਨਕ ਨਾਮ ਖੁਦਾਇਆ" ਦਾ ਉਪਦੇਸ਼ ਦਿੱਤਾ ਤੇ "ਈਰਖਾ, ਖ਼ੁਦੀ, ਬਖੀਲੀ, ਤਕੱਬਰੀ" ਵਿਚ ਨਿਸਦਿਨ ਜਲ ਰਹੇ ਹਿਰਦਿਆਂ ਵਿਚ ਭ੍ਰਾਤਰੀ ਭਾਵ, ਸਚਾਈ, ਸੁਹਿਰਦਤਾ, ਪਿਆਰ ਦਾ ਸੰਚਾਰ ਕਰ ਕੇ ਠੰਢਿਆਂ ਠਾਰ ਕੀਤਾ ਤੇ ਅੰਦਰੇ ਅੰਦਰ ਪਲ ਰਹੀਆਂ ਖੋਟੀਆਂ ਵਾਸ਼ਨਾਵਾਂ ਨੂੰ ਕਢਿਆ-"ਵਿਚਹੁ ਮਾਰਿ ਕਢੀਆ ਬੁਰਿਆਈਆਂ"[3] ॥

ਸਮੇਂ ਸਮੇਂ ਸਿਰ ਪ੍ਰਕਾਸ਼ਮਾਨ ਹੋਈਆਂ ਆਪ ਦੀਆਂ ਉਤਰਾਧਿਕਾਰੀ ਨੌਂ ਗੁਰੂ-ਜੋਤਾਂ ਨੇ ਵੀ ਅਮਨ-ਦੂਤ ਬਣ ਕੇ ਸ਼ਾਂਤੀ, ਮਿਲਵਰਤਣ, ਏਕਤਾ ਦਾ ਭਰਵਾਂ ਪਰਚਾਰ ਕੀਤਾ। ਜੋ ਵੀ ਉਨ੍ਹਾਂ ਪਵਿਤਰ ਆਤਮਾਵਾਂ ਦੇ ਸੰਪਰਕ ਵਿਚ ਆਇਆ, ਮਨੁੱਖ ਤੋਂ ਦੇਵਤਾ ਬਣ ਗਿਆ। ਸਾਰਾ ਸੰਸਾਰ ਉਸ ਨੂੰ ਸਾਈਂ ਦਾ ਟੱਬਰ ਪ੍ਰਤੀਤ ਹੋਇਆ। ਵਿੱਥਾਂ ਵਿਤਕਰੇ ਕੌਮਾਂ ਦੇ, ਝੇੜੇ ਝਗੜੇ ਮਜ਼ਹਬਾਂ ਦੇ, ਮਿਟ ਗਏ। ਤੰਗ-ਨਜ਼ਰੀ ਦੀਆਂ ਦਲਦਲਾਂ ਚੋਂ ਨਿਕਲ ਕੇ ਪਿਆਰ-ਗੰਗ ਵਿਚ ਟੁਭੀਆਂ ਲਾ ਕੇ ਆਤਮਾ ਨੇ ਰੂਹਾਨੀ ਮੰਡਲਾਂ ਵਿਚ ਪ੍ਰਵੇਸ਼ ਕੀਤਾ।

ਇਨ੍ਹਾਂ ਗੁਰੂ ਜੋਤਾਂ ਦੀ ਪਾਵਨ ਬਾਣੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰੂਪਮਾਨ ਹੈ, ਇਹ ਬਾਣੀ ਸੰਸਾਰੀ ਜੀਵਾਂ ਨੂੰ ਚਾਨਣ-ਰਾਹ ਦਿਖਾ ਕੇ ਉੱਚੀ ਆਤਮਿਕ-ਪੱਧਰ ਤੇ ਲਿਜਾਣ ਵਾਲੀ ਹੈ, ਜਿਸ ਨਾਲ ਜੁੜ ਕੇ ਬਦਲੇ ਦੀ ਅਭਿਲਾਖਾ, ਵੈਰ ਵਿਰੋਧ, ਕੀਨੇ ਸਾੜੇ, ਰੰਜਸ਼ਾਂ ਕਦੂਰਤਾਂ ਤੇ ਨਫ਼ਰਤਾਂ ਮਿਟ ਜਾਂਦੀਆਂ ਹਨ ਤੇ ਸੜਦੇ ਭੁਜਦੇ ਈਰਖਾ ਦੇ ਭਾਂਬੜਾਂ ਵਿਚ ਬਲਦੇ ਮਨਾਂ ਵਿਚ ਪ੍ਰੇਮ ਪਿਆਰ, ਮੁਹੱਬਤ ਦਾ ਵਾਸਾ ਹੋ ਜਾਂਦਾ ਹੈ।

ਅਫ਼ਸੋਸ! ਇਸ ਰੱਬੀ ਸੰਦੇਸ਼ ਨੂੰ ਭੁਲਾ ਕੇ ਇਨਸਾਨ ਅਜ ਫੇਰ ਈਰਖਾ ਦ੍ਵੈਤ ਤੇ ਵੈਰ ਵਿਰੋਧ ਦੇ ਬਲ ਰਹੇ ਭੱਠੇ ਦੇ ਨੇੜੇ ਆ ਖਲੋਤਾ ਹੈ। ਜਿਹੜੇ ਪਾਸੇ ਨਜ਼ਰ ਪੈਂਦੀ ਹੈ, ਮਾਰ ਧਾੜ ਸਾੜ ਫੂਕ, ਕਤਲੋ-ਗਾਰਤ ਦੇ ਮਨੁੱਖਤਾ-ਹੀਨ ਕਾਰਨਾਮੇ ਦਿਸਦੇ ਹਨ। ਫ਼ਰੀਦ ਜੀ ਦਾ ਅਮੋਲਕ ਵਾਕ "ਹਿਆਉ ਨ ਠਾਹੇ ਕਹੀਂ ਦਾ"[4] ਅੱਜ ਦੇ ਬੰਦੇ ਦੇ ਦਿਮਾਗ਼ ਤੋਂ ਉਤਰ ਗਿਆ ਹੈ। 'ਹੇ ਮਨ ਭਲਾ ਨ ਕਰ ਸਕੇਂ ਬੁਰੇ ਪੰਥ ਮਤ ਜਾਇ' ਕਿਸੇ ਨੂੰ ਯਾਦ ਹੀ ਨਹੀਂ। ਖਿਮਾ ਦੀ ਭਾਵਨਾ ਹਿਰਦਿਆਂ ਚੋਂ ਨਿਕਲ ਗਈ ਹੈ ਤੇ ਬਦਲੇ ਦੀ ਅਭਿਲਾਖਾ ਨੇ ਮਨਾਂ ਵਿਚ ਟਿਕਾਣਾ ਬਣਾ ਲਿਆ ਹੈ। ਸਿਆਣਿਆਂ ਦਾ ਅਖਾਣ ਹੈ 'ਖਿਮਾ ਤਰਸ ਦੀ ਮਾਂ ਹੈ ਤੇ ਬਦਲੇ ਦੀ ਭਾਵਨਾ ਜ਼ੁਲਮ ਨੂੰ ਜਨਮ ਦੇਂਦੀ ਹੈ।'

ਜਕਰ ਅਜੋਕੇ ਸਮੇਂ ਦਾ ਮਨੁੱਖ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼, ਸ੍ਰੀ ਗੁਰੂ ਗ੍ਰੰਥ ਦੇ ਰੂਹਾਨੀ ਪੈਗ਼ਾਮ ਨੂੰ ਹਿਰਦੇ ਵਿਚ ਥਾਂ ਦੇ ਦੇਵੇ ਤਾਂ ਉਹ ਨਿਤ ਅਰਦਾਸ ਵਿਚ ਬੋਲੇ ਜਾਂਦੇ 'ਤੇਰੇ ਭਾਣੇ ਸਰਬੱਤ ਦਾ ਭਲਾ' ਵਾਕ ਹਮੇਸ਼ਾ ਲਈ ਦਿਲ ਵਿਚ ਵਸਾ ਲਵੇਗਾ। ਇਹ ਨਿਤ ਵਧਦੇ ਕਲੇਸ਼, ਦੁੱਖ, ਗ਼ਮ ਤੇ ਝੋਰੇ ਸਦਾ ਲਈ ਸਮਾਪਤ ਹੋ ਜਾਣਗੇ। ਵਾਹਿਗੁਰੂ ਉਹ ਸਮਾਂ ਛੇਤੀ ਲਿਆਵੇ। ਆਉ! ਅਰਦਾਸ ਕਰੀਏ—

"ਜਗਤੁ ਜਲੰਦਾ ਰਖਿ ਲੈ, ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ" ॥੧॥੧੦॥ ਸਲੋਕ ਮ: ੩, ਪੰਨਾ ੮੫੩

---

੧. ਸਲੋਕ ਮ: ੧, ਪੰਨਾ ੧੨੪੧। ੨. ਤਿਲੰਗ ਮ: ੧, ਪੰਨਾ ੭੨੨।
੩. ਆਸਾ ਦੀ ਵਾਰ ਮ: ੧, ਪੰਨਾ ੪੭੩। ੪. ਸਲੋਕ ਫਰੀਦ ਜੀ, ਪੰਨਾ ੧੩੮੪।

www.AKJ.Org

# ਅੱਜ ਦੀ ਮਨੁੱਖੀ ਦਸ਼ਾ

ਵਲੋਂ :—ਗਿ: ਗੋਪਾਲ ਸਿੰਘ ਜੀ 'ਮਿੱਤਰ'

ਨਿਕਲ ਗਿਐ ਦੀਵਾਲਾ ਮਨੁੱਖਤਾ ਦਾ, ਕਿੱਥੇ ਗਿਆ ਚਰਿਤ੍ਰ ਇਨਸਾਨ ਦਾ ਅੱਜ।
ਟੁਟ ਗਿਆ ਏ ਡੰਡਾ ਸਮਾਜ ਦਾ ਅੱਜ, ਨਿਕਲ ਗਿਆ ਏ ਡਰ ਭਗਵਾਨ ਦਾ ਅੱਜ।
ਆਦਮਖੋਰ ਹੋ ਗਿਐ ਮਨੁੱਖ ਅੱਜ ਕਲ੍ਹ, ਜਿਹੜਾ ਦੇਵਤਾ ਕਦੇ ਸੁਣੀਂਵਦਾ ਸੀ।
ਅੱਜ ਜ਼ਖ਼ਮਾਂ ਦੇ ਟਾਂਕੇ ਉਧੇੜਦਾ ਏ, ਜਿਹੜਾ ਫੱਟ ਮਜ਼ਲੂਮਾਂ ਦੇ ਸੀਂਵਦਾ ਸੀ।
ਕਦੀ ਰਿਸ਼ੀਆਂ ਅਵਤਾਰਾਂ ਦਾ ਦੇਸ਼ ਸੀ ਇਹ, ਅੱਜ ਬਣੀ ਏ ਧਰਤ ਇਹ ਡਾਕੂਆਂ ਦੀ।
ਵਧ ਗਏ ਨੇ ਪਾਪ ਅਪਰਾਧ ਉਤਨੇ, ਜਿਤਨੀ ਵਧੀ ਏ ਗਿਣਤੀ ਪੜ੍ਹਾਕੂਆਂ ਦੀ।
ਰੋਜ਼ ਦਿਸਣ ਉਧਾਲੇ ਦੀਆਂ ਵਾਰਦਾਤਾਂ, ਨਿੱਤ ਇੱਜ਼ਤ ਅਬਲਾਵਾਂ ਦੀ ਲੁਟੀ ਜਾਂਦੀ।
ਭਲੇ-ਮਾਣਸਾਂ ਦੀ ਰੋਜ਼ ਪੱਗ ਉਤਰੇ, ਮਿੱਟੀ ਰੋਜ਼ ਸ਼ਰੀਫਾਂ ਦੀ ਪੁੱਟੀ ਜਾਂਦੀ।
ਨਹੀਂ ਰਿਹਾ ਏ ਕੁੰਡਾ ਬਿਰਾਦਰੀ ਦਾ, ਭਾਈਚਾਰੇ ਦੀ ਸ਼ਰਮ ਹਯਾ ਹੀ ਨਹੀਂ।
ਦੁਰਾਚਾਰੀ ਸ਼ੈਤਾਨਾਂ ਦੇ ਲਈ ਅਜ ਤੇ, ਕੰਟਰੋਲ ਨਾਂ ਦਾ ਕੋਈ ਲਾਅ ਹੀ ਨਹੀਂ।
ਪੁਟੀ ਜਾ ਰਹੀ ਜੜ੍ਹ ਇਨਸਾਨੀਅਤ ਦੀ, ਬੂਟਾ ਵੈਰ ਵਿਰੋਧ ਦਾ ਪਲ ਰਿਹਾ ਏ।
ਦ੍ਵੈਤ ਈਰਖਾ ਦੇ ਬਲਦੇ ਭੱਠ ਅੰਦਰ, ਸਾਰਾ ਭਾਰਤ ਹੀ ਦਿੱਸਦਾ ਜਲ ਰਿਹਾ ਏ।
ਪੱਥਰ ਪੈ ਰਹੇ ਵਿਚ ਅਣਗਿਣਤ ਇਸ ਦੇ, ਬੇੜੀ ਕੱਪਰਾਂ ਵਿਚ ਲੜਖੜਾ ਰਹੀ ਏ।
'ਖੇਵਰ ਬਣ ਕੇ ਆਉ, ਬਚਾਉ ਕੋਈ', ਰੁੜ੍ਹੇ ਜਾਂਦਿਆਂ ਦੀ ਵਾਜ ਆ ਰਹੀ ਏ।
'ਕੱਠੇ ਬੈਠ ਕੇ ਜਿਨ੍ਹਾਂ ਨੇ ਦਰਦ ਵੰਡਣੇ, ਕੌਣ ਉਨ੍ਹਾਂ ਅੰਦਰ ਪਾੜੇ ਪਾਉਂਦਾ ਏ?
ਕੌਣ ਫੁੱਲ ਨੂੰ ਡਾਲੀਉਂ ਤੋੜਦਾ ਏ, ਖਿੜੇ ਚਮਨ ਤੇ ਪੱਥਰ ਵਰਸਾਉਂਦਾ ਏ?
ਦੇਸ਼-ਧ੍ਰੋਹੀ ਹੈ ਉਹ ਜੋ ਦਿਲਾਂ ਅੰਦਰ, ਥਾਂ ਪਿਆਰ ਦੀ ਕਲ੍ਹਾ ਵਰਤਾ ਰਿਹਾ ਏ।
ਵੈਰ ਭਾਵਨਾ ਦੇ ਗੋਲੇ ਸੁੱਟ ਕੇ ਤੇ, ਜੜ੍ਹਾਂ ਏਕਤਾ ਦੀਆਂ ਹਿਲਾ ਰਿਹਾ ਏ।
ਕਦੀ ਰੱਬ ਪ੍ਰਸੰਨ ਹੋ ਆਖਿਆ ਸੀ, ਦੇ ਕੇ ਬੁੱਧੀ ਮੈਂ ਬੰਦਾ ਬਣਾ ਲਿਆ ਏ।
ਓਸ ਬੰਦੇ ਨੇ ਅੱਜ ਚਰਿਤ੍ਰ ਆਪਣਾ 'ਮਿੱਤਰ' ਕਿਤਨਾ ਹੀ ਗੰਦਾ ਬਣਾ ਲਿਆ ਏ।

---

# ਪੀੜਤ ਪਰਵਾਰਾਂ ਦੀ ਦੇਖ ਭਾਲ

ਅਖੰਡ ਕੀਰਤਨੀ ਜਥੇ ਦੇ ਪੀੜਤ ਪਰਵਾਰਾਂ ਦੀ ਦੇਖ ਭਾਲ ਸਾਡੀ ਸਾਂਝੀ ਜ਼ਿਮੇਵਾਰੀ ਹੈ। ਅਜਿਹੇ ਪ੍ਰਵਾਰਾਂ ਦੇ ਬੱਚਿਆ ਦੀ ਪੜ੍ਹਾਈ ਅਤੇ ਬੱਚੀਆਂ ਦੇ ਅਨੰਦ ਕਾਰਜ ਵਿਸ਼ੇਸ਼ ਧਿਆਨ ਦੇ ਮੁਥਾਜ ਹਨ।

ਇਸ ਜ਼ਿਮੇਵਾਰੀ ਦੇ ਅਹਿਸਾਸ ਵਜੋਂ ਜਥੇ ਵਲੋਂ ਹਰ ਮੁਮਕਿਨ ਕੋਸ਼ਿਸ਼ ਕੀਤੀ ਜਾਵੇਗੀ ਕਿ ਅਜਿਹੇ ਬੱਚਿਆਂ ਦੀ ਪੜ੍ਹਾਈ ਅਤੇ ਬੱਚੀਆਂ ਦੇ ਅਨੰਦ ਕਾਰਜ ਲਈ ਹਰ ਪਰਵਾਰ ਦੀ ਹਾਲਤ ਮੁਤਾਬਕ ਯੋਗ ਸਹਾਇਤਾ ਕੀਤੀ ਜਾਵੇ।

ਇਸ ਸੰਬੰਧੀ ਸੂਚਨਾ ਜਥੇ ਦੇ ਕੇਂਦਰੀ ਦਫ਼ਤਰ (ਮਾਰਫ਼ਤ ਸੂਰਾ ਮਾਸਕ ਪੱਤਰ) ਨੂੰ ਪੂਰੇ ਵੇਰਵਿਆਂ ਸਹਿਤ ਭੇਜੀ ਜਾਵੇ ਜੀ।

ਖਾਲਸਾ ਜੀ ਦਾ ਸੇਵਾਦਾਰ

ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ



www.AKJ.Org

# 'ਤੀਜਾ ਘਲੂਘਾਰਾ'

[ਸ: ਦਵਿੰਦਰ ਸਿੰਘ ਜੀ, ਇੰਚਾਰਜ ਸਿਖ ਇਤਿਹਾਸ ਰੀਸਰਚ ਬੋਰਡ, ਅੰਮ੍ਰਿਤਸਰ]

ਜੂਨ ੧੯੮੪ ਦੇ ਪਹਿਲੇ ਹਫ਼ਤੇ, ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਜਾਬ ਭਰ ਵਿਚ ੫੦ ਤੋਂ ਉਪਰ ਹੋਰ ਗੁਰਧਾਮਾਂ ਤੇ ਭਾਰਤੀ ਫ਼ੌਜ ਵਲੋਂ ਕੀਤੇ ਗਏ ਹਮਲੇ ਅਤੇ ਉਸ ਕੀ ਬਰਬ੍ਰੀਅਤ ਦੇ ਨਤੀਜੇ ਵਜੋਂ ਬਹੁਤ ਵੱਡੀ ਪੱਧਰ ਤੇ ਵਾਪਰੀ ਬਰਬਾਦੀ ਅਤੇ ਕਤਲ-ਉ-ਗਾਰਤ ਕਾਰਨ ਸਮਕਾਲੀ ਇਤਿਹਾਸ-ਕਾਰ ਇਸ ਅਤਿ ਦੁਖਿਤ ਸਾਕੇ ਦੀ ਤੁਲਨਾ, ਸਿੱਖ ਕੌਮ ਦੇ ਇਤਿਹਾਸ ਵਿਚ ਪਹਿਲਾਂ ਵਾਪਰੇ ਦੋ ਹੋਰ ਅਜੇਹੇ ਘਲੂਘਾਰਿਆਂ ਨਾਲ ਕਰਦੇ ਹੋਏ, ਇਸ ਨੂੰ 'ਤੀਜੇ ਘਲੂਘਾਰੇ' ਦੇ ਰੂਪ ਵਿਚ ਵੇਖਦੇ ਹਨ, ਜੋ ਇਤਿਹਾਸਕ ਪਖੋਂ ਬਿਲਕੁਲ ਦਰੁਸਤ ਹੈ। ਇਸ ਤੋਂ ਪਹਿਲਾਂ ੧੯੪੭ ਦੀ ਵੰਡ ਨੂੰ ਛੱਡ ਕੇ, ਜਦ ਭੋਲੀ ਭਾਲੀ ਸਿੱਖ ਕੌਮ ਆਪਣੇ ਅਲ੍ਹੜਪੁਣੇ ਅਤੇ ਸਾਊ ਸੁਭਾਅ ਕਾਰਨ, ਮੱਕਾਰ ਮੌਕਾ ਪ੍ਰਸਤਾਂ, ਜੱਦੀ ਪੁਸ਼ਤੀ ਠੱਗਾਂ ਅਤੇ ਸਿਆਸੀ ਸੌਦੇਬਾਜ਼ਾਂ ਦੀਆਂ ਸਾਜ਼ਸ਼ਾਂ ਅਤੇ ਸ਼ਤਰੰਜੀ ਚਾਲਾਂ ਦੇ ਜਾਲ ਵਿਚ ਫਸ ਕੇ ਆਪਣਾ ਅੰਤਾਂ ਦਾ ਨੁਕਸਾਨ ਕਰਵਾ ਬੈਠੀ ਅਤੇ ਅੱਜ ਤਕ ਉਸ ਦਾ ਖ਼ਮਿਆਜ਼ਾ ਭੁਗਤ ਰਹੀ ਹੈ, ਸਿੱਖ ਕੌਮ ਦੇ ਛੋਟੇ ਜਹੇ ਪ੍ਰੰਤੂ ਨਿਹਾਇਤ ਹੀ ਮਹੱਤਵਪੂਰਨ ਇਤਿਹਾਸ ਵਿਚ ਕੇਵਲ ਦੋ ਹੀ ਐਸੇ ਹੋਰ ਮੌਕੇ ਆਏ ਹਨ ਜਦ ਸਮਕਾਲੀ ਹਾਕਮਾਂ ਦੇ ਜ਼ੁਲਮਾਂ ਦਾ ਟਾਕਰਾ ਕਰਦੇ ਹੋਏ, ਇਸ ਦਾ ਇਤਨੀ ਵੱਡੀ ਪੱਧਰ ਤੇ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਕਿ ਇਸ ਦੀ ਸਮੁੱਚੀ ਹੋਂਦ ਹੀ ਖ਼ਤਰੇ ਵਿਚ ਪੈ ਗਈ। ਇਹੀ ਕਾਰਨ ਹੈ ਕਿ ਉਨ੍ਹਾਂ ਦੋ ਘਮਸਾਨ ਦੀਆਂ ਲੜਾਈਆਂ ਨੂੰ 'ਘਲੂਘਾਰਿਆਂ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਕਿਹਾ ਨਹੀਂ ਜਾ ਸਕਦਾ ਕਿ ਇਹ ਕੇਵਲ ਇਕ ਇਤਫ਼ਾਕ ਹੈ ਯਾ ਕੋਈ ਰੱਬੀ ਰਮਜ਼ ਕਿ ਪਹਿਲਾ ਘਲੂਘਾਰਾ ਵੀ ਪਹਿਲੀ ਜੂਨ ਨੂੰ ਸ਼ੁਰੂ ਹੋਇਆ ਸੀ ਤੇ ਹੁਣ ਤੀਜੇ ਘਲੂਘਾਰੇ ਦਾ ਆਰੰਭ ਵੀ ਪਹਿਲੀ ਜੂਨ ਨੂੰ ਹੀ ਹੋਇਆ। ਪਹਿਲਾ ਘਲੂਘਾਰਾ ੧੭੪੬ ਈਸਵੀ ਵਿਚ ਵਾਪਰਿਆ ਸੀ, ਜਦ ੧੫੦੦੦ ਦੇ ਕਰੀਬ ਸਿਦਕੀ ਸਿੰਘ, ਸਮੇਂ ਦੀ ਸਰਕਾਰ ਦੇ ਜ਼ੁਲਮ ਦਾ ਟਾਕਰਾ ਕਰਦੇ ਹੋਏ, ਐਸੀ ਅਤਿ ਦਰਜੇ ਦੀ ਬੇ-ਸਰ-ਉ-ਸਾਮਾਨੀ* ਦੀ ਹਾਲਤ ਵਿਚ, ਵਸੋਂ ਬਾਹਰ ਹਾਲਾਤ ਦੀਆਂ ਮਜਬੂਰੀਆਂ ਕਾਰਨ, ਸ੍ਰੀ ਹਰਿਗੋਬਿੰਦ ਪੁਰ ਅਤੇ ਅਲੀਵਾਲ ਨੇੜੇ ਵੈਰੀ ਦੇ ਘੇਰੇ ਵਿਚ ਫਸ ਗਏ। ਉਨ੍ਹਾਂ ਦੇ ੭੦੦੦ ਤੋਂ ਵੱਧ ਗੁਰ ਭਾਈ ਤਾਂ ਲੜਾਈ ਦੇ ਮੈਦਾਨ ਵਿਚ ਹੀ ਜੂਝਦਿਆਂ ਸ਼ਹੀਦ ਹੋ ਗਏ, ਜਦ ਕਿ ੩੦੦੦ ਤੋਂ ਵੀ ਵੱਧ ਹੋਰ ਬੰਦੀ ਬਣਾ ਕੇ ਲਾਹੌਰ ਲਿਜਾਏ ਗਏ, ਜਿਥੇ ਉਨ੍ਹਾਂ ਨੂੰ ਇਨਸਾਨੀਅਤ ਸ਼ੌਕ ਤਸੀਹੇ ਦੇ ਦੇ ਕੇ ਉਸ ਜਗ੍ਹਾ ਸ਼ਹੀਦ ਕੀਤਾ ਗਿਆ ਜਿਥੇ ਹੁਣ ਗੁਰਦੁਆਰਾ ਸ਼ਹੀਦ ਗੰਜ ਵਾਕਿਆ ਹੈ। ਇਹ ਕਹਿਰ ਉਸ ਸਮੇਂ ਦੇ ਹਾਕਮ ਯਹੀਆ ਖਾਨ ਦੇ ਇਕ ਹਿੰਦੂ ਅਹਿਲਕਾਰ ਲਖਪਤਿ ਰਾਏ ਨੇ ਕਮਾਇਆ, ਜਿਸ ਨੇ ਇਹ ਸਹੁੰ ਖਾਧੀ ਸੀ ਕਿ ਉਹ ਸਿੱਖ ਕੌਮ ਦਾ ਖੁਰਾ ਖੋਜ ਮਿਟਾ ਦੇਵੇਗਾ।

ਦੂਜਾ ਘਲੂਘਾਰਾ ੧੭੬੨ ਈਸਵੀ ਵਿਚ ਵਾਪਰਿਆ, ਜਦ ਇਕ ਵਾਰੀ ਫਿਰ ਸਿੱਖ ਕੌਮ ਦਾ ਖੁਰਾ ਖੋਜ ਮਿਟਾਉਣ ਹਿਤ ਅਹਿਮਦ ਸ਼ਾਹ ਅਬਦਾਲੀ ਨੇ ਸਰਹੰਦ ਅਤੇ ਮਲੇਰਕੋਟਲੇ ਦੇ ਨਵਾਬਾਂ ਦੀ ਸਹਾਇਤਾ ਨਾਲ, ਮਲੇਰਕੋਟਲੇ ਦੇ ਨੇੜੇ, ਕੁਪ ਰਹੀੜਾ ਦੇ ਲਾਗੇ ੫੦੦੦੦ ਦੇ ਕਰੀਬ ਸਿੰਘਾਂ ਨੂੰ ਸਾਰੇ ਪਾਸਿਓਂ ਅਚਾਨਕ ਆ ਘੇਰਾ ਪਾਇਆ, ਅਤੇ ਇਸ ਪ੍ਰਕਾਰ ਉਨ੍ਹਾਂ ਨੂੰ ਇਕ ਸ਼ੁਰੂ ਤੋਂ ਹੀ ਹਰੀ ਹੋਈ ਲੜਾਈ ਲੜਨ ਤੇ ਮਜਬੂਰ ਹੋਣਾ ਪਿਆ। ਇਸ ਲੜਾਈ ਵਿਚ ਤਕਰੀਬਨ ਅੱਧੀ ਤੋਂ ਵੱਧ ਸਿੱਖ ਕੌਮ ਸ਼ਹੀਦ ਹੋ ਗਈ ਅਤੇ ਅਹਿਮਦ ਸ਼ਾਹ ਅਬਦਾਲੀ

---

*ਇਸ ਦਾ ਕੁਝ ਕੁ ਅੰਦਾਜ਼ਾ ਗਿਆਨੀ ਗਿਆਨ ਸਿੰਘ ਜੀ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ—

ਡਿਠਾ ਜੈਸਾ ਟਟੂਆ ਜੁਲੜੂ ਕਾ ਕਾਠੀ ਪਾਇ, ਰਬੜ ਲਗਾਮ ਤੇ ਰਸੜੂ ਰਕਾਬ ਜੂ।
ਪਾਟਿਆ ਸਾ ਕਛੜੂ ਤੇ ਨੀਲ ਸਾ ਚਾਦਰੂ, ਡੂਚੋਂ ਜੈਸਾ ਪਗੜੂ ਬਣਾਇਆ ਸਿਰਤਾਜ ਜੂ।
ਟੁਟਿਆ ਜੈਸਾ ਤੇਗਜੂ ਤੇ ਲੀਹੜੂ ਮਿਆਨ ਜਾ ਕੈ, ਗਰ ਸਰ ਗਾਤਰਾ ਬਣਾਇਆ ਸਭ ਸਾਜ ਜੂ। (ਪੰਥ ਪ੍ਰਕਾਸ਼)



www.AKJ.Org

ਨੇ ਲਖਪਤਿ ਰਾਏ ਵਾਂਗ ਇਹ ਦਾਅਵਾ ਕੀਤਾ ਕਿ ਉਸ ਨੇ ਸਿੱਖ ਕੌਮ ਨੂੰ ਮੁੜ ਉਠਣ ਜੋਗਾ ਨਹੀਂ ਛਡਿਆ। ਇਸ ਲੜਾਈ ਵਿਚ ਸਿੰਘਾਂ ਦੇ ਜਾਨੀ ਨੁਕਸਾਨ ਦਾ ਅੰਦਾਜ਼ਾ ਇਸ ਹਕੀਕਤ ਤੋਂ ਲਗਾਇਆ ਜਾ ਸਕਦਾ ਹੈ ਕਿ ਲੜਾਈ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਨੇ ਜਦ ਲਾਹੌਰ ਵਲ ਕੂਚ ਕੀਤਾ ਤਾਂ ਉਸ ਦੇ ਲਸ਼ਕਰ ਨਾਲ ੫੦ ਗੱਡੇ ਐਸੇ ਸਨ, ਜਿਨ੍ਹਾਂ ਤੇ ਸ਼ਹੀਦ ਹੋਏ ਸਿੰਘਾਂ ਦੇ ਸਿਰ ਲਦੇ ਹੋਏ ਸਨ। ਕਿਉਂਕਿ ੧੭੪੬ ਦੇ ਘਲੂਘਾਰੇ ਦੇ ਮੁਕਾਬਲੇ, ਇਸ ਘਲੂਘਾਰੇ ਵਿਚ ਸਿੰਘਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਕਿਤੇ ਜ਼ਿਆਦਾ ਹੋਇਆ, ਇਸ ਲਈ ਪਹਿਲੇ ਨੂੰ 'ਛੋਟੇ' ਅਤੇ ਦੂਜੇ ਨੂੰ 'ਵੱਡੇ ਘਲੂਘਾਰੇ' ਦੇ ਨਾਵਾਂ ਨਾਲ ਜਾਣਿਆ ਜਾਂਦਾ ਹੈ।

ਤੀਜਾ ਘਲੂਘਾਰਾ, ਜੋ ਪਹਿਲੀ ਜੂਨ ੧੯੮੪ ਨੂੰ ਸ਼ੁਰੂ ਹੋ ਕੇ ਅੱਜ ਤੱਕ ਜਾਰੀ ਹੈ ਅਤੇ ਜਿਸ ਦਾ ਅੰਤ ਨਿਕਟ ਭਵਿੱਖ ਵਿਚ ਕਿਧਰੇ ਨਜ਼ਰ ਨਹੀਂ ਆਉਂਦਾ, ਆਕਾਰ ਅਤੇ ਇਤਾਬ ਦੋਵੇਂ ਪੱਖੋਂ ਪਹਿਲੇ ਦੋਹਾਂ ਘਲੂਘਾਰਿਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਭਿਆਨਕ ਅਤੇ ਮਾਰੂ ਹੈ। ਇਸ ਦੇ ਕਈ ਕਾਰਨ ਹਨ। ਇਕ ਤਾਂ ਮਾਡਰਨ ਸਟੇਟ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸੰਗਠਤ ਰੂਪ ਧਾਰਨ ਕਰ ਚੁਕੀ ਹੈ ਅਤੇ ਦੂਜਾ ਨਵੀਨਤਮ ਹਥਿਆਰਾਂ ਨੇ ਇਸ ਦੀ ਪ੍ਰਚੰਡ ਸ਼ਕਤੀ ਵਿਚ ਇਤਨਾ ਜ਼ਿਆਦਾ ਅਜ਼ਾਫ਼ਾ ਕਰ ਦਿੱਤਾ ਹੈ ਕਿ ਵਿਅਕਤੀਗਤ ਜਾਂ ਜਨਤਕ ਪੱਧਰ ਤੇ ਇਸ ਦਾ ਮੁਕਾਬਲਾ ਕਰਨਾ ਕਿਤੇ ਜ਼ਿਆਦਾ ਮੁਸ਼ਕਲ ਹੋ ਗਿਆ ਹੈ। ਇਕ ਘੱਟ ਤੋਂ ਘੱਟ ਅੰਦਾਜ਼ੇ ਅਨੁਸਾਰ ਤੀਜੇ ਘਲੂਘਾਰੇ ਵਿਚ ਹੁਣ ਤਕ ੩੦੦੦੦ ਤੋਂ ਵੱਧ ਸਿੰਘ, ਸਿੰਘਣੀਆਂ, ਬੱਚੇ ਅਤੇ ਬੱਚੀਆਂ ਸ਼ਹੀਦ ਕਰ ਦਿਤੇ ਗਏ ਹਨ ਅਤੇ ੧੦੦੦੦ ਤੋਂ ਲੈ ਕੇ ੨੦੦੦੦ ਤਕ ਹੋਰ ਸਿਕਿਓਰਟੀ ਫ਼ੋਰਸਿਸ ਅਤੇ ਪੁਲੀਸ ਦੀ ਹਿਰਾਸਤ ਵਿਚ ਐਸੇ ਐਸੇ ਜ਼ੁਲਮ ਦਾ ਸ਼ਿਕਾਰ ਹੋ ਰਹੇ ਹਨ, ਜਿਨ੍ਹਾਂ ਨੇ ਨਾਦਰਸ਼ਾਹੀ ਅਤੇ ਅਹਿਮਦ ਸ਼ਾਹੀ ਜ਼ੁਲਮਾਂ ਨੂੰ ਵੀ ਮਾਤ ਪਾ ਦਿੱਤਾ ਹੈ। ਸਾਲ ਸਾਲ, ਦੋ ਦੋ ਸਾਲ ਦੇ ਮਾਸੂਮ ਬੱਚਿਆਂ ਨੂੰ ਮਾਵਾਂ ਦੀਆਂ ਛਾਤੀਆਂ ਤੋਂ ਖੋਹ ਕੇ ਜੀਊਂਦੇ-ਜੀ ਚੀਰ ਦੇਣ, ਉਤਾਂਹ ਉਛਾਲ ਕੇ ਬੰਦੂਕਾਂ ਦੀਆਂ ਸੰਗੀਨਾਂ ਤੇ ਟੰਗ ਲੈਣ ਅਤੇ ਗੋਸ ਚੁਲ੍ਹਿਆਂ ਤੇ ਬੈਂਗਣਾਂ ਵਾਂਗ ਭੁੰਨ ਦੇਣ ਦੇ ਦਿਲ-ਕੰਬਾਊ ਅਤੇ ਵਹਿਸ਼ੀਆਨਾ ਦ੍ਰਿਸ਼ ਸ੍ਰੀ ਹਰਿਮੰਦਰ ਸਾਹਿਬ ਤੇ ਫੌਜੀ ਹਮਲੇ ਦੌਰਾਨ ਅਤੇ ਬਾਅਦ ਵਿਚ ਭਾਰਤ ਭਰ ਵਿਚ ਨਵੰਬਰ ੧੯੮੪ ਦੀ ਸਿੰਘਾਂ ਦੀ ਕਤਲੇਆਮ ਸਮੇਂ ਕਈਆਂ ਨੇ ਅੱਖੀਂ ਡਿਠੇ ਹਨ। ਦੋ ਦੋ ਸਾਲ ਦੇ ਦੁਧ ਪੀਂਦੇ ਬੱਚਿਆਂ ਤੇ ਅੱਤਵਾਦ ਦੇ ਹਾਸੋਹੀਣੇ ਦੂਸ਼ਣ ਲਾ ਕੇ ਉਨ੍ਹਾਂ ਨੂੰ ਮਹੀਨਿਆਂ ਬਧੀ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਬੰਦ ਰਖਣ ਦੀ ਹਕੀਕਤ ਦੀ ਪੁਸ਼ਟੀ ਲੁਧਿਆਣੇ ਅਤੇ ਨਾਭੇ ਦੀਆਂ ਜੇਲ੍ਹਾਂ ਤੋਂ ਇਲਾਵਾ ਕਈ ਹੋਰ ਜੇਲ੍ਹਾਂ ਦੇ ਰੀਕਾਰੋਡਾਂ ਤੋਂ ਕੀਤੀ ਜਾ ਸਕਦੀ ਹੈ। ਸ੍ਰੀ ਦਰਬਾਰ ਸਾਹਿਬ ਤੇ ਫੌਜੀ ਹਮਲੇ ਸਮੇਂ ਅਤੇ ਉਸ ਤੋਂ ਬਾਅਦ ਸੈਂਕੜੇ ਬੇਗੁਨਾਹ ਸਿੱਖ ਨੌਜਵਾਨਾਂ ਨੂੰ ਰਾਹ ਜਾਂਦੇ ਫੜ ਫੜ ਕੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਹੀ ਪੱਗਾਂ ਨਾਲ ਬੰਨ੍ਹ ਕੇ ਸ਼ਰੇ ਆਮ ਗੋਲੀਆਂ ਨਾਲ ਉਡਾ ਦੇਣ ਦੀ ਦਰਦਨਾਕ ਕਹਾਣੀ ਚਸ਼ਮ-ਦੀਦ ਗਵਾਹਾਂ ਦੇ ਹਿਰਦਿਆਂ ਤੋਂ ਇਲਾਵਾ ਉਨ੍ਹਾਂ ਡਾਕਟਰੀ ਰਿਪੋਰਟਾਂ ਵਿਚ ਵੀ ਦਬੀ ਪਈ ਹੈ, ਜੋ ਉਨ੍ਹਾਂ ਨੌਜੁਆਨਾਂ ਦੀਆਂ ਲਾਸ਼ਾਂ ਦੇ ਪੋਸਟ ਮਾਰਟਮ ਨਾਲ ਤੁਅਲਕ ਰਖਦੀਆਂ ਹਨ।

ਇਹੋ ਜਹੀ ਦਰਿੰਦਗੀ ਦੀ ਕੁਝ ਕੁ ਦਾਸਤਾਨ ਉਨ੍ਹਾਂ ਦਰਜਨਾਂ ਨੌਜਵਾਨ ਸਿੰਘਾਂ ਦੇ ਬਦਨਸੀਬ ਵਾਰਸਾਂ ਤੋਂ ਵੀ ਸੁਣੀ ਜਾ ਸਕਦੀ ਹੈ, ਜਿਨ੍ਹਾਂ ਦੇ ਜਿਗਰ ਦੇ ਟੁਕੜਿਆਂ ਨੂੰ ਦਰੱਖਤਾਂ ਅਤੇ ਲੈਂਪ-ਪੋਸਟਾਂ ਨਾਲ ਬੰਨ੍ਹ ਬੰਨ੍ਹ ਕੇ ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰਿਆ ਗਿਆ, ਸਿਰਫ਼ ਇਸ ਲਈ ਕਿ ਉਹ ਸਿੱਖੀ ਦਾ ਦਮ ਭਰਦੇ ਸਨ। ਜੋ ਦਿਲ-ਚੀਰਵੀਆਂ ਚੀਖਾਂ ਲਧਾ ਕੋਠੀ, ਸੰਗਰੂਰ ਸਮੇਤ ਹੋਰ ਕਈ ਅਜੇਹੇ ਟਾਰਚਰ ਸੈਲਾਂ ਅਤੇ ਬੁਚੜਖਾਨਿਆਂ ਵਿਚੋਂ ਸੁਣਾਈ ਦੇਂਦੀਆਂ ਹਨ, ਉਹ ਉਨ੍ਹਾਂ ਮਾਸੂਮਾਂ ਦੇ ਹਾੜੇ ਹਨ ਜਿਨ੍ਹਾਂ ਦੇ ਜਿਸਮਾਂ ਨੂੰ ਸੁਲਗਦੀਆਂ ਸੁਲਾਖਾਂ ਨਾਲ ਦਾਗਿਆ ਜਾਂਦਾ ਹੈ, ਲੱਕੜ ਦੇ ਮੋਟੇ ਮੋਟੇ ਰੋਲਰਾਂ ਨਾਲ ਨਪੀੜਿਆ ਜਾਂਦਾ ਹੈ, ਉਨ੍ਹਾਂ ਦੇ ਕੇਸਾਂ ਨਾਲ ਬੰਨ੍ਹ ਕੇ ਪੁਠਾ ਲਟਕਾਇਆ ਜਾਂਦਾ ਹੈ, ਹੱਡ ਹੱਡ ਤੋੜੇ ਜਾਂਦੇ ਹਨ, ਦੋਹਾਂ ਲੱਤਾਂ ਤੋਂ ਫੜ ਕੇ ਦੋਫਾੜ ਕਰਨ ਦੇ ਯਤਨ ਕੀਤੇ ਜਾਂਦੇ ਹਨ ਅਤੇ ਹੋਰ ਅਜੇਹੇ ਤਸੀਹੇ ਦਿਤੇ ਜਾਂਦੇ ਹਨ ਜਿਨ੍ਹਾਂ ਦੇ ਸੰਕਲਪ ਨਾਲ ਹੀ ਇਨਸਾਨ ਦੀ ਰੂਹ ਕੰਬ ਉਠਦੀ ਹੈ, ਇਹ ਕੇਵਲ ਇਸ ਲਈ ਕਿ ਇਨ੍ਹਾਂ ਨੌਜਵਾਨਾਂ ਨੇ ਕਦੀ ਕਿਸੀ 'ਸੰਤ' ਪਾਸੋਂ ਅੰਮ੍ਰਿਤ ਪਾਨ ਕੀਤਾ ਸੀ। ਉਨ੍ਹਾਂ


www.AKJ.Org

ਸੈਂਕੜੇ ਨੌਜਵਾਨ ਸਿੰਘਾਂ ਦੀ ਕਰੁਣਾ-ਮਈ ਕਹਾਣੀ ਵੀ ਇਸੀ 'ਤੀਜੇ ਘਲੂਘਾਰੇ' ਦਾ ਹਿੱਸਾ ਹੀ ਹੈ, ਜਿਨ੍ਹਾਂ ਨੂੰ ਭਾਰਤੀ ਫੌਜੀ ਪਿੰਡਾਂ 'ਚੋਂ ਫੜ ਫੜ ਕੇ, ਉਨ੍ਹਾਂ ਦੇ ਹੱਥ, ਪੈਰ ਅਤੇ ਅੱਖਾਂ ਉਨ੍ਹਾਂ ਦੀਆਂ ਹੀ ਪੱਗਾਂ ਨਾਲ ਬੰਨ੍ਹ ਕੇ ਆਪਣੇ ਟਰੱਕਾਂ ਵਿਚ ਲਦ ਲੈਂਦੇ ਸਨ ਅਤੇ ਫਿਰ ਸਕੂਲਾਂ ਅਤੇ ਕਾਲਜਾਂ ਵਿਚ ਬਣਾਏ ਆਰਜ਼ੀ ਫੌਜੀ ਕੈਂਪਾਂ ਵਿਚ ਲਿਆ ਸੁਟਦੇ ਸਨ, ਜਿਥੇ ਕਈ ਕਈ ਦਿਨ ਉਨ੍ਹਾਂ ਨੂੰ ਨਾ ਕੇਵਲ ਉਸੀ ਹਾਲਤ ਵਿਚ ਹੀ ਰਹਿਣ ਦਿੱਤਾ ਜਾਂਦਾ ਸਗੋਂ ਉਨ੍ਹਾਂ ਤੇ ਬੇ-ਪਨਾਹ ਜ਼ੁਲਮ ਵੀ ਤੋੜੇ ਜਾਂਦੇ। ਕਦੇ ਕਦਾਈਂ ਜੇ ਕਿਸੀ ਫੌਜੀ ਨੂੰ 'ਤਰਸ' ਆ ਜਾਂਦਾ ਤਾਂ ਉਹ ਪਹਿਲਾਂ ਤਾਂ ਪਾਣੀ ਦਾ ਕਟੋਰਾ ਆਪਣੇ ਪੈਰਾਂ ਨਾਲ ਕਿਸੀ ਪਿਆਸ ਨਾਲ ਕੁਰਾਹ ਰਹੇ ਵਿਅਕਤੀ ਦੇ ਮੂੰਹ ਕੋਲ ਕਰ ਦੇਂਦਾ ਪ੍ਰੰਤੂ ਜਦ ਉਹ ਅਭਾਗਾ ਆਪਣੀ ਜੀਭ ਨਾਲ ਕੁਝ ਘੁੱਟ ਪਾਣੀ ਚੱਟ ਕੇ ਜ਼ਿੰਦਗੀ ਦੇ ਕੁਝ ਹੋਰ ਸਾਹ ਲੈਣ ਦੀ ਕੋਸ਼ਿਸ਼ ਕਰਦਾ ਤਾਂ ਉਹ ਫੌਜੀ ਪੈਰ ਮਾਰ ਕੇ ਕਟੋਰੇ ਨੂੰ ਡੋਲ੍ਹ ਦੇਂਦਾ (ਇਹੋ ਜਿਹਾ ਇਕ ਕੈਂਪ ਬੇਰਿੰਗ ਕ੍ਰਿਸਚੀਅਨ ਕਾਲਜ ਬਟਾਲੇ ਵਿਚ ਵੀ ਬਣਿਆ ਹੋਇਆ ਸੀ। ਜਿਥੇ ਇਹ ਹਾਲਾਤ ਮੇਰੇ ਇਕ ਮਿੱਤਰ ਪ੍ਰੋਫੈਸਰ ਨੇ ਅੱਖੀਂ ਵੇਖੇ ਅਤੇ ਬਾਅਦ ਵਿਚ ਮੈਨੂੰ ਸੁਣਾਏ) ਇਸ ਪ੍ਰਕਾਰ ਦਰਜਨਾਂ ਹੀ ਸਿੰਘ, ਜਿਨ੍ਹਾਂ ਵਿਚ ਸੰਤ ਸੁਜਾਨ ਸਿੰਘ ਅਤੇ ਕਈ ਬੱਚੇ ਅਤੇ ਬੀਬੀਆਂ ਵੀ ਸ਼ਾਮਲ ਸਨ, ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਅਤੇ ਬਾਅਦ ਵਿਚ ਫੌਜੀ ਕੈਂਪਾਂ ਵਿਚ ਪਾਣੀ ਦੀ ਇਕ ਇਕ ਬੂੰਦ ਬਿਨਾਂ ਅੰਦਰੋਂ ਹੀ ਅੰਦਰ ਸੁੱਕ ਗਏ। ਪ੍ਰੰਤੂ ਜਿਹੜੇ ਫੌਜੀ ਸ੍ਰੀ ਮਤੀ ਇੰਦਰਾ ਗਾਂਧੀ ਦੇ ਕਹਿਣ ਅਨੁਸਾਰ ਆਪਣੇ ਹਿਰਦੇ ਵਿਚ 'ਦਯਾ' ਦਾ ਸਮੁੰਦਰ ਲੈ ਕੇ ਆਏ ਸਨ, ਉਹ ਆਪਣੇ 'ਸਮੁੰਦਰ' ਵਿਚ 'ਦਯਾ' ਦੀ ਇਕ ਵੀ ਬੂੰਦ ਕਿਸੀ ਵੀ ਪਿਆਸੇ ਦੇ ਬੁਲ੍ਹਾਂ ਨੂੰ ਛੁਹਾਣ ਤੇ ਰਾਜ਼ੀ ਨਾ ਹੋਏ, ਕਿਉਂਕਿ ਮਰਨ ਵਾਲੇ ਸਿੱਖ ਜੁ ਸਨ।

ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਵਿਚ ਗੋਲੀਆਂ ਦੇ ਨਿਸ਼ਾਨ, ਉਸ ਦੀ ਪਾਵਨ ਹਜ਼ੂਰੀ ਵਿਚ ਕੀਰਤਨ ਕਰ ਰਹੇ ਰਾਗੀ ਸਿੰਘਾਂ ਦਾ ਖ਼ੂਨ, ਸ੍ਰੀ ਹਰਿਮੰਦਰ ਸਾਹਿਬ ਤੇ ਪੰਜ ਸੌ ਦੇ ਕਰੀਬ ਗੋਲੀਆਂ ਦੇ ਨਿਸ਼ਾਨ, ਸ੍ਰੀ ਅਕਾਲ ਤਖ਼ਤ ਸਾਹਿਬ, ਦਰਸ਼ਨੀ ਡਿਉੜੀ, ਸਿੱਖ ਰੈਫਰੈਂਸ ਲਾਇਬਰੇਰੀ, ਗੁਰੂ ਰਾਮਦਾਸ ਲੰਗਰ, ਗੁਰੂ ਰਾਮਦਾਸ ਸਰਾਂ, ਤੇਜਾ ਸਿੰਘ ਸਮੁੰਦਰੀ ਹਾਲ ਅਤੇ ਗੁਰੂ ਨਾਨਕ ਨਿਵਾਸ ਆਦਿ ਦੇ ਖੰਡਰ ਵੀ ਉਨ੍ਹਾਂ ਫੌਜੀਆਂ ਦੀ 'ਦਯਾ' ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੇ ਹਨ ਜਿਨ੍ਹਾਂ ਬਾਰੇ ਸ੍ਰੀ ਮਤੀ ਇੰਦਰਾ ਗਾਂਧੀ ਨੇ ਕਿਹਾ ਸੀ ਕਿ ਉਹ ਆਪਣੇ ਹਿਰਦੇ ਵਿਚ 'ਦਯਾ' ਅਤੇ ਬੁਲ੍ਹਾਂ ਤੇ 'ਅਰਦਾਸ' ਲੈ ਕੇ ਸ੍ਰੀ ਦਰਬਾਰ ਸਾਹਿਬ ਤੇ ਫੌਜੀ ਕਾਰਵਾਈ ਕਰਨ ਲਈ ਗਏ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬਰਬਾਦੀ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਦੀ ਪਾਵਨ ਹਦੂਦ ਵਿਚ ਇਨ੍ਹਾਂ ਹੀ ਫੌਜੀਆਂ ਦਾ ਸ਼ਰਾਬ ਦੇ ਨਸ਼ੇ ਵਿਚ ਬਦਮਸਤ ਹੋ ਕੇ ਖੁਸ਼ੀ ਵਿਚ ਭੰਗੜਾ ਪਾਉਣਾ, ਬੀਬੀਆਂ ਦੀ ਪੱਤ ਲੁਟਣੀ ਮਾਸੂਮ ਨੌਜਵਾਨਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਨਾਣਾ ਅਤੇ ਮੌਤ ਦੇ ਮੂੰਹ 'ਚੋਂ ਬਚ ਰਹੇ ਕੁਝ ਕੁ ਯਾਤਰੂਆਂ ਨੂੰ ਬੰਦੀ ਬਣਾ ਕੇ ਉਨ੍ਹਾਂ ਤੇ ਇਹੋ ਜਿਹੇ ਅਸ਼ਲੀਲ ਤਾਹਨੇ ਕਸਣਾ ਕਿ—'ਦੇਖਾ ਸਾਲੋ! ਤੁਮ੍ਹਾਰਾ ਮੰਦਰ ਹਮ ਨੇ ਕਿਤਨਾ ਖ਼ੂਬਸੂਰਤ ਬਨਾ ਦੀਆ ਹੈ ...ਅਭੀ ਇਸ ਕੋ ਔਰ ਖ਼ੂਬਸੂਰਤ ਬਨਾਏਂਗੇ...... ਬੁਲਾਓ ਅਬ ਅਪਨੇ 'ਭਿੰਡੀ ਵਾਲੇ' ਕੋ ਔਰ ਕਹੋ ਉਸ ਕੋ ਕਿ ਵੋਹ ਤੁਮ੍ਹਾਰੀ ਰੱਖਿਆ ਕਰੇ... ..' ਅਤੇ ਫਿਰ ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਅਤੇ ਆਲੇ ਦੁਆਲੇ ਦੇ ਘਰਾਂ ਵਿਚ ਨਾਦਰ-ਸ਼ਾਹੀ ਲੁਟ ਮਚਾਉਣੀ, ਉਸੀ 'ਦਯਾ' ਦੇ ਹੀ ਨਮੂਨੇ ਹਨ, ਜਿਸ ਦੇ ਕੁਝ ਕੁ ਹਿਸੇ ਹੁਣ ਤਕ ਉਨ੍ਹਾਂ ਫੌਜੀ ਅਫਸਰਾਂ ਅਤੇ ਜਵਾਨਾਂ ਦੇ ਘਰਾਂ ਵਿਚੋਂ ਮਿਲ ਰਹੇ ਹਨ ਅਤੇ ਜਿਨ੍ਹਾਂ ਬਾਰੇ ਉਹ ਫੌਜੀ ਪੂਰੀ ਹਠ-ਧਰਮੀ ਨਾਲ ਕਹਿ ਰਹੇ ਹਨ ਕਿ 'ਇਹ ਤਾਂ ਉਨ੍ਹਾਂ ਦੀ ਜਿੱਤ ਦੇ ਤਮਗੇ ਹਨ, ਜੋ ਉਹ ਲੁਟ ਕੇ ਲਿਆਏ ਹਨ', ਜਿਸ ਇਕ ਬਲੈਕ-ਹੋਲ ਦਾ ਕਲੰਕ ਅੱਜ ਤਕ ਸਿਰਾਜ-ਉਲ-ਦੌਲਾ ਦੇ ਮੂੰਹ ਤੋਂ ਧੋਤਾ ਨਹੀਂ ਜਾ ਸਕਿਆ, ਉਸ ਵਰਗੇ ਅਤੇ ਉਸ ਤੋਂ ਵੀ ਕਿਤੇ ਜ਼ਿਆਦਾ ਕਾਲੇ ਕਿਤਨੇ ਹੀ ਬਲੈਕ-ਹੋਲਾਂ ਵਿਚ ਕਿਤਨੇ ਹੀ ਮਾਸੂਮ ਬੱਚੇ, ਬੱਚੀਆਂ, ਬੁੱਢੇ ਅਤੇ ਨੌਜਵਾਨ ਇਨ੍ਹਾਂ 'ਦਯਾ-ਵਾਨ' ਫੌਜੀਆਂ ਦੀ 'ਦਯਾ' ਦਾ ਸ਼ਿਕਾਰ ਹੋ ਗਏ, ਪ੍ਰੰਤੂ ਅੱਜ ਕੋਈ ਸਿਰਾਜ-ਉਲ-ਦੌਲਾ ਸ਼ਰਮਿੰਦਾ ਨਹੀਂ ਹੋਇਆ। ਜਿਸ ਤਰ੍ਹਾਂ ਮੁਗਲਾਂ ਅਤੇ ਅਫਗਾਨਾਂ ਦੇ ਜ਼ਮਾਨੇ ਵਿਚ ਫੌਜੀ ਦਸਤੇ ਸਿੱਖਾਂ ਦੇ ਸਿਰਾਂ ਦੇ ਸ਼ਿਕਾਰ ਲਈ ਨਿਕਲਦੇ ਸਨ ਇਸੇ ਤਰ੍ਹਾਂ ਅੱਜ ਵੀ ਬਾਰਡਰ ਸਿਕਿਓਰਟੀ ਫੋਰਸ ਅਤੇ ਨੀਮ ਫੌਜੀ ਦਸਤੇ ਸ਼ਾਮ ਨੂੰ ਰਾਤ ਦੇ ਅੰਧੇਰੇ ਵਿਚ ਪਿੰਡਾਂ ਨੂੰ ਜਾ ਘੇਰਾ ਪਾਉਂਦੇ


www.AKJ.Org

ਹਨ, ਸਾਰੇ ਸਿੱਖ ਪਰੀਵਾਰਾਂ, ਵਿਸ਼ੇਸ਼ ਕਰ ਅੰਮ੍ਰਿਤਧਾਰੀ ਸਿੰਘਾਂ ਨੂੰ ਇਕੱਠਾ ਕਰ ਲੈਂਦੇ ਹਨ ਅਤੇ ਫਿਰ ੧੩/੧੪ ਸਾਲ ਤੋਂ ਲੈ ਕੇ ੩੦/੩੫ ਸਾਲ ਦੇ ਚੋਣਵੇਂ ਸਿੱਖ ਨੌਜਵਾਨਾਂ ਨੂੰ ਫੜ ਕੇ ਲੈ ਜਾਂਦੇ ਹਨ। ਜੇ ਕੋਈ ਅੜਨ ਦੀ ਕੋਸ਼ਿਸ਼ ਕਰੇ ਤਾਂ ਉਸ ਤੇ ਸੰਗੀਨਾਂ ਤਾਣ ਲਈਆਂ ਜਾਂਦੀਆਂ ਹਨ, ਉਸ ਦੀਆਂ ਖੜ੍ਹੀਆਂ ਫਸਲਾਂ ਤਬਾਹ ਕਰ ਦਿੱਤੀਆਂ ਜਾਂਦੀਆਂ ਹਨ. ਘਰ ਘਾਟ ਲੁਟ ਲਏ ਜਾਂਦੇ ਹਨ ਅਤੇ ਫਿਰ ਵੀ ਕੋਈ ਬਾਕੀ ਰਹਿ ਜਾਏ ਤਾਂ 'ਅਤਿਵਾਦੀ' ਕਹਿ ਮਾਰ ਮੁਕਾਇਆ ਜਾਂਦਾ ਹੈ ਅਤੇ ਮਾਰਨ ਵਾਲੇ ਲਈ 'ਰਾਜ ਦਰਬਾਰੇ'' ਤਰੱਕੀ ਦੇ ਰਾਹ ਖੁਲ੍ਹ ਜਾਂਦੇ ਹਨ। ਇਹ ਦਮਨ ਚੱਕਰ ਵੈਸੇ ਤਾਂ ਦੋ ਤਿੰਨਾਂ ਸਾਲਾਂ ਤੋਂ ਹੀ ਚਲ ਰਿਹਾ ਹੈ ਪ੍ਰੰਤੂ ਇਕ ਸਾਲ ਤੋਂ ਪੂਰੀ ਰਫ਼ਤਾਰ ਨਾਲ ਸਿੱਖ ਕੌਮ ਵਿਰੁਧ ਚਲ ਰਿਹਾ ਹੈ, ਅਤੇ ਪਤਾ ਨਹੀਂ ਕਦ ਤਕ ਚਲਦਾ ਰਹੇਗਾ .. ।

ਪ੍ਰੰਤੂ ਜਿਸ 'ਘਲੂਘਾਰੇ' ਨੇ ਜੋ ਪ੍ਰਚੰਡ ਰੂਪ ਨਵੰਬਰ ਵਿਚ ਦਿੱਲੀ ਅਤੇ ਭਾਰਤ ਦੇ ਅਨੇਕਾਂ ਹੋਰ ਨਗਰਾਂ ਵਿਚ ਧਾਰਿਆ, ਉਸ ਨੂੰ ਵੇਖ ਕੇ ਹਰ ਇਨਸਾਨ ਦਾ ਧੁਰ ਅੰਤਰ ਆਤਮਾ ਕੰਬ ਉਠਿਆ ਹੈ। ਚਾਰ ਚਾਰ, ਪੰਜ ਪੰਜ ਹਜ਼ਾਰ ਦਾ ਹਜੂਮ ਪੁਲੀਸ ਅਤੇ ਫੌਜ ਦੀ ਮੌਜੂਦਗੀ ਵਿਚ ਸਿਖਾਂ ਦੇ ਘਰਾਂ ਵਿਚ ਵੜ ਕੇ ੧੩/੧੪ ਸਾਲ ਤੋਂ ਉਪਰ ਹਰ ਸਿੱਖ ਨੂੰ ਅੱਡ ਕਰ ਲੈਂਦਾ ਅਤੇ ਔਰਤਾਂ ਅਤੇ ਬੱਚਿਆਂ ਨੂੰ ਅੱਡ। ਫਿਰ ਉਨ੍ਹਾਂ ਸਿੱਖਾਂ ਨੂੰ ਲੋਹੇ ਦੀਆਂ ਸਲਾਖਾਂ ਨਾਲ ਮਾਰ ਮਾਰ ਕੇ ਅਧਮੋਇਆ ਕਰ ਦਿੱਤਾ ਜਾਂਦਾ, ਫਿਰ ਉਸ ਦੀ ਤੜਫਦੀ ਲਾਸ਼ ਦੇ ਗਲੇ ਵਿਚ ਪੈਟਰੋਲ ਦਾ ਭਿਜਾ ਟਾਇਰ ਪਾ ਕੇ ਉਸ ਨੂੰ ਅੱਗ ਲਗਾ ਦਿੱਤੀ ਜਾਂਦੀ। ਉਸ ਤੜਫਦੀ ਲਾਸ਼ ਦੇ ਇਰਦ ਗਿਰਦ,ਉਸ ਹਜੂਮ ਵਿਚੋਂ ਬਹੁਤ ਸਾਰੇ ਹੈਵਾਨ ਸੀਰਤ ਹੁਲੜਬਾਜ਼ ਭੰਗੜਾ ਪਾਉਣ ਲੱਗ ਜਾਂਦੇ ਅਤੇ ਘਰ ਵਾਲਿਆਂ ਨੂੰ ਸੁਣਾ ਸੁਣਾ ਕੇ ਉੱਚੀ ਉੱਚੀ ਇਹ ਕਹਿੰਦੇ, ''ਵੇਖੋ ਤੁਹਾਡਾ ਪਿਤਾ/ਭਰਾ/ਪਤੀ 'ਡਿਸਕੋ ਡਾਂਸ' ਕਰ ਰਿਹਾ ਹੈ''। ਕਈ ਥਾਈਂ ਭੈਣਾਂ ਨੂੰ ਆਪਣੇ ਹੀ ਭਰਾਵਾਂ ਤੇ, ਪਤਨੀਆਂ ਨੂੰ ਆਪਣੇ ਪਤੀਆਂ ਤੇ, ਅਤੇ ਬੱਚਿਆਂ ਨੂੰ ਆਪਣੇ ਹੀ ਪਿਤਾ ਤੇ ਪੈਟਰੋਲ ਪਾ ਕੇ ਅੱਗ ਲਾਉਣ ਤੇ ਮਜਬੂਰ ਕੀਤਾ ਗਿਆ। ਦਰਜਨਾਂ ਹੀ ਸਿੰਘਾਂ ਦੀਆਂ ਅੱਖਾਂ ਕੱਢੀਆਂ ਗਈਆਂ, ਦਰਜਨਾਂ ਹੋਰ ਦੇ ਟੋਟੇ ਟੋਟੇ ਕੀਤੇ ਗਏ, ਬਿਜਲੀ ਦੀਆਂ ਤਾਰਾਂ ਨਾਲ ਜੀਊਂਦਾ ਜਲਾਇਆ ਗਿਆ, ਕੇਸ ਕਤਲ ਕਰਵਾਉਣ ਤੋਂ ਇਨਕਾਰ ਕਰਨ ਤੇ ਉਨ੍ਹਾਂ ਦੀਆਂ ਖੋਪੜੀਆਂ ਹਦਵਾਣਿਆਂ ਵਾਂਗ ਤੋੜੀਆਂ ਗਈਆਂ, ਗੱਡੀਆਂ ਤੋਂ ਧੂ ਧੂ ਕੇ ਉਨ੍ਹਾਂ ਨੂੰ ਚੱਲਦੀਆਂ ਗੱਡੀਆਂ ਦੇ ਸਾਹਮਣੇ ਸੁੱਟਿਆ ਗਿਆ। ਬਸਾਂ, ਟਰੱਕਾਂ ਅਤੇ ਸਕੂਟਰਾਂ ਆਦਿ ਤੋਂ ਖਿੱਚ ਖਿੱਚ ਸੈਂਕੜੇ ਸਿੰਘਾਂ ਨੂੰ ਇੱਟਾਂ-ਪੱਥਰ ਮਾਰ ਮਾਰ ਕੇ ਫੇਹ ਦਿੱਤਾ ਗਿਆ। ਕਈ ਥਾਈਂ, ਵਿਸ਼ੇਸ਼ ਕਰ ਦਿੱਲੀ ਵਿਚ ਪਹਿਲਾਂ ਸਿੰਘਾਂ ਦੇ ਸਾਹਮਣੇ ਉਨ੍ਹਾਂ ਦੀਆਂ ਮਾਤਾਵਾਂ/ਭੈਣਾਂ/ਪਤਨੀਆਂ ਨਾਲ ਸਮੂਹਕ ਬਲਾਤਕਾਰ ਕੀਤੇ ਗਏ ਅਤੇ ਫਿਰ ਸਿੰਘਾਂ ਨੂੰ ਮਾਰ ਕੇ ਜਾਂ ਤਾਂ ਉਨ੍ਹਾਂ ਬਦਨਸੀਬ ਔਰਤਾਂ ਨੂੰ ਉਥੇ ਹੀ ਤੜਫਦਾ ਛੱਡ ਦਿੱਤਾ ਗਿਆ ਅਤੇ ਜਾਂ ਫਿਰ ਵਧੇਰੇ ਨੌਜਵਾਨ ਅਤੇ ਖੂਬਸੂਰਤ ਔਰਤਾਂ ਨੂੰ ਉਹ ਨਾਲ ਹੀ ਲੈ ਗਏ। ਇਕ ਸਰਕਾਰੀ ਬਿਆਨ ਅਨੁਸਾਰ ਇਕ ਹਜ਼ਾਰ ਤੋਂ ਵੱਧ ਔਰਤਾਂ ਅਜੇ ਵੀ ਉਨ੍ਹਾਂ ਅਗਵਾਕਾਰਾਂ ਦੇ ਕਬਜ਼ੇ ਵਿਚ ਹੀ ਹਨ। ਛੁਡਾਏ ਕੌਣ ? ਕੋਈ ਕਰੜਾ ਕਾਨੂੰਨ ਸਿੱਖ ਦੀ ਸਹਾਇਤਾ ਤੇ ਨਹੀਂ ਆ ਸਕਦਾ, ਕਿਉਂਕਿ ਕਾਤਲ ਹੀ ਕਾਨੂੰਨ ਬਨਾਉਣ ਵਾਲਾ ਹੈ ਅਤੇ ਕਾਤਲ ਹੀ ਜੱਜ।

ਤੀਜੇ ਘਲੂਘਾਰੇ ਦੀ ਉਸ ਘਿਨਾਉਣੀ ਤਸਵੀਰ ਦੇ ਇਹ ਹਨ ਕੁਝ ਕੁ ਰੰਗ, ਜੋ ਹਜ਼ਾਰਾਂ ਮਾਸੂਮ ਅਨਾਥ ਬੱਚਿਆਂ, ਵਿਧਵਾ ਔਰਤਾਂ, ਇਨਸਾਨ ਨੁਮਾ ਭੇੜੀਆਂ ਦੀ ਹਵਸ਼ ਦਾ ਸ਼ਿਕਾਰ ਹੋਈਆਂ ਬੀਬੀਆਂ ਅਤੇ ਆਪਣੇ ਜਿਗਰ ਦੇ ਟੁਕੜੇ ਖੁਹਾ ਚੁਕੇ ਮਰਨ ਕਿਨਾਰੇ ਬੈਠੇ ਮਾਪਿਆਂ ਦੀਆਂ ਅੱਖਾਂ ਵਿਚ ਹਮੇਸ਼ਾ ਹਮੇਸ਼ਾ ਲਈ ਪਥਰਾ ਚੁਕੇ ਹਨ। ਕੋਈ ਕਲਮ ਜਾਂ ਕੋਈ ਜ਼ੁਬਾਨ ਇਸ ਨੂੰ ਬਿਆਨ ਨਹੀਂ ਕਰ ਸਕਦੀ। ਇਸ ਦਾ ਰਤਾ ਜਿੰਨਾ ਇਹਸਾਸ ਵੀ ਇਨਸਾਨ ਨੂੰ ਦਹਿਸ਼ਤ ਦੀ ਹੱਦ ਤੱਕ ਲੈ ਜਾਂਦਾ ਹੈ। ਇਹ ਬੱਚੇ, ਇਹ ਬੀਬੀਆਂ, ਇਹ ਵਿਧਵਾਵਾਂ ਅਤੇ ਇਹ ਬਦਨਸੀਬ ਮਾਪੇ, ਇਹ ਸਭ ਚਿੰਨ੍ਹ ਹਨ ਉਸ ਸਰਵਪੱਖੀ ਗਿਰਾਵਟ ਦੇ, ਜਿਸ ਦੀਆਂ ਧੁਰ ਡੂੰਘਾਈਆਂ ਵਿਚ ਇਸ ਦੇਸ਼ ਦੇ ਰਹਿਨੁਮਾ, ਸਿੱਖ ਵਿਰੋਧੀ ਭਾਵਨਾਵਾਂ ਨਾਲ ਅੰਨ੍ਹੇ ਹੋਏ ਹੋਏ ਜਾ ਡਿੱਗੇ ਹਨ।

ਅਠਾਰ੍ਹਵੀਂ ਸਦੀ ਵਿਚ ਸਿੱਖ ਵਿਰੁਧ ਵਾਪਰੇ ਦੋ ਘਲੂਘਾਰਿਆਂ ਦਾ ਮੁੱਢ ਉਦੋਂ ਹੀ ਬਝ ਗਿਆ ਸੀ, ਜਦ ਜਹਾਂਗੀਰ ਨੇ ਤਖ਼ਤ ਪ੍ਰਾਪਤ ਕਰਨ ਲਈ ਸ਼ੇਖ ਅਹਿਮਦ ਸਰਹੰਦੀ ਆਸਿਫ਼ ਸਾਨੀ ਦੇ ਪੈਰੋਕਾਰ ਮੁਰਤਜ਼ਾ ਖਾਨ ਦੀ



www.AKJ.Org

ਹਮਾਇਤ ਹਾਸਲ ਕਰਨ ਲਈ, ਉਸ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਚਲਾਈ ਜਾ ਰਹੀ 'ਸਿੱਖੀ ਦੀ ਦੁਕਾਨ' ਬੰਦ ਕਰਨ ਦਾ ਵਾਇਦਾ ਕੀਤਾ ਅਤੇ ਉਸ ਦੀ ਪੂਰਤੀ ਪੰਜਵੇਂ ਪਾਤਸ਼ਾਹ ਨੂੰ ਮੁਰਤਜ਼ਾ ਖਾਨ ਦੇ ਹਵਾਲੇ ਕਰ ਕੇ ਸ਼ਹੀਦ ਕਰਵਾਇਆ । ਸ਼ਾਹਜਹਾਨ ਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਅਤੇ ਔਰੰਗਜ਼ੇਬ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਵੈਰ ਕਮਾਉਣਾ, ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਵਾਉਣਾ ਇਸੀ ਪਾਲਸੀ ਦੀ ਹੀ ਪੂਰਤੀ ਸੀ, ਜਿਸ ਦਾ ਸਿਖਰ ਬਹਾਦਰ ਸ਼ਾਹ ਦੇ ਇਸ ਫੁਰਮਾਨ ਦੀ ਸੂਰਤ ਵਿਚ ਸਾਹਮਣੇ ਆਇਆ ਕਿ— 'ਨਾਨਕ ਪ੍ਰਸਤਾਂ ਰਾ ਹਰਜਾ ਕਿ ਬਯਾਬੰਦ ਬਾ ਕਤਲ ਰਸਾਨੰਦ ।'

ਅਰਥਾਤ ਗੁਰੂ ਨਾਨਕ ਦੇ ਪੈਰੋਕਾਰ ਜਿਥੇ ਕਿਤੇ ਵੀ ਮਿਲਣ ਉਨ੍ਹਾਂ ਨੂੰ ਕਤਲ ਕਰ ਦਿੱਤਾ ਜਾਵੇ । ਮੀਰ ਮਨੂੰ, ਜ਼ਕਰੀਆ ਖਾਨ, ਜਸਪਤਿ ਰਾਇ ਲਖਪਤਿ ਰਾਇ ਅਤੇ ਫਿਰ ਅਹਿਮਦ ਸ਼ਾਹ ਅਬਦਾਲੀ ਦੇ ਸਮੇਂ ਸਿੱਖ ਕੌਮ ਨਾਲ ਜੋ ਕਹਿਰ ਵਾਪਰੇ, ਉਹ ਇਸੀ ਪਾਲਸੀ ਦਾ ਨਤੀਜਾ ਸੀ ।

ਇਸੀ ਪ੍ਰਕਾਰ ਤੀਜੇ ਘਲੂਘਾਰੇ ਦਾ ਨੀਂਹ ਪੱਥਰ ੧੯੪੮ ਵਿਚ ਹੀ ਰਖ ਦਿੱਤਾ ਗਿਆ ਸੀ ਜਦ ਸਰਦਾਰ ਪਟੇਲ ਵਰਗੇ ਕੱਟੜ ਫਿਰਕਾ-ਪ੍ਰਸਤ ਨੇ ਸਿੱਖ-ਵਿਰੋਧੀ ਭਾਵਨਾ ਅਧੀਨ ਇਹ 'ਫੁਰਮਾਨ' ਜਾਰੀ ਕੀਤਾ ਕਿ—

"ਸਿੱਖ ਇਕ ਜਰਾਇਮ ਪੇਸ਼ਾ ਕੌਮ ਹੈ, ਜਿਸ ਨੂੰ ਪੂਰੀ ਸਖ਼ਤੀ ਨਾਲ ਦਬਾ ਦਿੱਤਾ ਜਾਵੇ ।"

ਉਸ ਤੋਂ ਬਾਅਦ ਸਿੱਖ ਕੌਮ ਅਤੇ ਉਸ ਦੀ ਪੁੰਨ-ਭੂਮੀ ਪੰਜਾਬ ਨੂੰ ਸਿਆਸੀ, ਸਮਾਜੀ ਅਤੇ ਆਰਥਿਕ ਅਰਥਾਤ ਹਰ ਪਖੋਂ ਕਮਜ਼ੋਰ ਕਰਨ ਦੀਆਂ ਸਰਕਾਰੀ ਸਾਜ਼ਸ਼ਾਂ '੧੯੪੮ ਦੇ ਫੁਰਮਾਨ' ਦੀ ਪੂਰਤੀ ਲਈ ਵਰਤੇ ਹੱਥਕੰਡੇ ਹੀ ਹਨ ਜਿਨ੍ਹਾਂ ਦਾ ਸਿਖਰ ਜੂਨ ੧੯੮੪ ਵਿਚ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਅਤੇ ਬਾਅਦ ਵਿਚ ਨਵੰਬਰ ਦੇ ਸਿੱਖ ਵਿਰੋਧੀ ਸਰਕਾਰੀ ਸ਼ਹਿ ਤੇ ਕਰਵਾਏ ਦੰਗਿਆਂ ਦੀ ਸੂਰਤ ਵਿਚ ਖੁਲ੍ਹ ਕੇ ਸਾਹਮਣੇ ਆਇਆ । ਅੱਜ 'ਐਂਟੀ ਟੈਰ੍ਰਿਸਟ ਐਕਟ' ਵਰਗੇ ਕਾਨੂੰਨ ਬਹਾਦਰ ਸ਼ਾਹ ਦੇ ਉਪਰੋਕਤ 'ਫਰਮਾਨ' ਦਾ ਦੂਜਾ ਰੂਪ ਹੀ ਹੈ । ਫ਼ਰਕ ਕੇਵਲ ਇਤਨਾ ਹੀ ਹੈ ਕਿ ਉਸ ਸਮੇਂ ਇਸਲਾਮ ਦੇ ਠੇਕੇਦਾਰ ਸਿੱਖੀ ਦੀ ਦੁਕਾਨ ਬੰਦ ਕਰਨਾ ਚਾਹੁੰਦੇ ਸਨ ਅਤੇ ਹੁਣ ਹਿੰਦੂ ਕਟੜਵਾਦ ਦੇ ਠੇਕੇਦਾਰ......

ਪਰੰਤੂ, ਜੇ ਪਿਛਲਾ ਇਤਿਹਾਸ ਆਉਣ ਵਾਲੇ ਇਤਿਹਾਸ ਦਾ ਸੂਚਕ ਹੈ, ਜੋ ਕਿ ਇਕ ਸਰਬ-ਪਰਮਾਣਤ ਸਚਿਆਈ ਹੈ, ਤਾਂ ਫਿਰ ਸਿੱਖੀ ਦੀ ਦੁਕਾਨ ਨੂੰ ਬੰਦ ਕਰਵਾਉਣ ਦੀ ਹਰ ਕੋਸ਼ਿਸ਼ ਦਾ ਹਸ਼ਰ ਉਹੀ ਹੋਵੇਗਾ ਜੋ ਪਹਿਲਾਂ ਮੁਗਲਾਂ ਦਾ ਹੋਇਆ ਅਤੇ ਫਿਰ ਅਫਗਾਨਾਂ ਦਾ । ਇਤਿਹਾਸ ਗਵਾਹ ਹੈ ਕਿ ਹਰ ਘਲੂਘਾਰੇ ਤੋਂ ਬਾਅਦ ਸਿੱਖ ਕੌਮ ਵਧੇਰੇ ਬਲਵਾਨ ਹੋ ਕੇ ਉਭਰੀ ਹੈ ਅਤੇ ਹੁਣ ਵੀ ਇਸ ਦਾ ਭਵਿੱਖ ਪਹਿਲਾਂ ਨਾਲੋਂ ਵਧੇਰੇ ਉਜਲਾ ਹੋਵੇਗਾ ।

---

# ਭਾਈ ਪ੍ਰੀਤਮ ਸਿੰਘ ਜੀ ਦਾ ਅਕਾਲ ਚਲਾਣਾ

ਰਕਸ਼ਾ ਚਾਲਕ ਭਾਈ ਪ੍ਰੀਤਮ ਸਿੰਘ ਜੀ ਨਾਲ ਡਾਕਟਰ ਸੁਰਿੰਦਰ ਸਿੰਘ ਜੀ ਦੇ ਧੁਰ-ਸੰਜੋਗੀ ਮੇਲੇ ਹੋਏ । ਗੁਰਮੁਖ ਪਿਆਰਿਆਂ ਦੇ ਮੇਲ-ਮਿਲਾਪ ਵਿਚ ਰਕਸ਼ਾ ਚਾਲਕ ਵੀਰ ਕੁਝ ਦਾ ਕੁਝ ਹੋ ਨਿਬੜਿਆ । ਗੁਰੂ-ਚਰਨਾਂ ਨਾਲ ਐਸੀ ਪ੍ਰੀਤ ਬਣਿ ਆਈ ਕਿ ਸਨਮੁਖੀ ਸਿਖ ਹੋ ਨਿਬੜਿਆ ਅਤੇ ਗੁਰੂ ਕੇ ਲਾਲਾਂ ਦੀਆਂ ਪ੍ਰੀਤਾਂ ਨੇ ਸਹਿਜੇ ਸਹਿਜੇ ਅਸਿਸਟੈਂਟ ਪੋਸਟ ਮਾਸਟਰ ਲੁਧਿਆਣਾ ਦੀ ਪੋਸਟ ਤਕ ਪਹੁੰਚਾ ਦਿਤਾ । ਆਪ ਜੀ ਨੇ ਜਦ ੧੩-੫-੯੫ ਨੂੰ ਅਕਾਲ ਚਲਾਣਾ ਕੀਤਾ ਤਾਂ ਬਾਣੀ ਅਤੇ ਬਾਣੇ ਦੇ ਪਿਆਰੇ ਪ੍ਰੀਤਮ ਸਿੰਘ ਜੀ ਨੇ ਪਰਵਾਰ ਨੂੰ ਆਖਰੀ ਹਦਾਇਤ ਕੀਤੀ ਕਿ ਉਨ੍ਹਾਂ ਦੇ ਸਰੀਰ ਨੂੰ ਕੇਸਰੀ ਰੰਗ ਦੇ ਖਫਨ ਵਿਚ ਲਪੇਟ ਕੇ, ਦਸਤਾਰੇ 'ਤੇ ਖੰਡਾ ਅਤੇ ਸ਼ਸਤਰ ਬਸਤਰ ਸਜਾ ਕੇ ਲਿਜਾਇਆ ਜਾਵੇ । ਗੁਰੂ ਪਿਆਰੇ ਦੀ ਆਖਰੀ ਯਾਤਰਾ ਵਿਚ ਸੈਂਕੜੇ ਸਿੰਘ ਕੀਰਤਨ ਦੀਆਂ ਧੁੰਨਾਂ ਗੂੰਜਾਉਂਦੇ ਸ਼ਾਮਲ ਹੋਏ ।


www.AKJ.Org

# ਡਾਇਰੀ ਦੇ ਪੰਨੇ ਜੋ ਇਤਿਹਾਸ ਬਣ ਗਏ

## ਬੀਬੀਆਂ ਧਾਹਾਂ ਮਾਰ ਕੇ ਰੋ ਰਹੀਆਂ ਸਨ

[ਸ: ਹਰਬੀਰ ਸਿੰਘ ਜੀ ਭੰਵਰ]

ਸ: ਹਰਬੀਰ ਸਿੰਘ ਜੀ ਭੰਵਰ ਅੰਮ੍ਰਿਤਸਰ ਦਾ ਪੱਤਰਕਾਰ ਦਰਬਾਰ ਸਾਹਿਬ ਕੰਪਲੈਕਸ ਦੇ ਰਿਹਾਇਸ਼ੀ ਕੁਆਟਰਾਂ ਵਿਚ ਰਹਿੰਦਾ ਸੀ। ਫ਼ੌਜੀ ਕਾਰਵਾਈ ਦੌਰਾਨ ਵਾਪਰੀਆਂ ਦੁਖਦਾਈ ਘਟਨਾਵਾਂ ਨੂੰ ਉਸ ਨੇ ਨੇੜਿਓਂ ਹੋ ਕੇ ਵੇਖਿਆ ਤੇ ਕਲਮਬੰਦ ਕੀਤਾ ਸੀ। ਪੱਤਰਕਾਰ ਜੀ ਦੀ ਡਾਇਰੀ ਦੇ ਪੰਨੇ ੨੪ ਕਿਸ਼ਤਾਂ ਵਿਚ ਰੋਜ਼ਾਨਾ ਅਜੀਤ ਵਿਚ ਛਪੇ ਹਨ। ਅਸੀਂ ਕੇਵਲ ਆਖ਼ਰੀ ਕਿਸ਼ਤ ਹੀ ਦੇ ਰਹੇ ਹਾਂ, ਜਿਸ ਨੂੰ ਪੜ੍ਹ ਕੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। —ਸੰਪਾਦਕ

੨੫ ਜੂਨ, ੧੯੮੪—

ਅੱਜ ਸਵੇਰੇ ਸ੍ਰੀ ਦਰਬਾਰ ਸਾਹਿਬ ਦੇ ਦੁਆਰ 'ਚੋਣਵੀਆਂ' ਸੰਗਤਾਂ ਲਈ ੭ ਤੋਂ ੯ ਵਜੇ ਕੇਵਲ ਦੋ ਘੰਟੇ ਲਈ ਖੋਲ੍ਹੇ ਗਏ।

ਜ਼ਿਲਾ ਪ੍ਰਸ਼ਾਸਨ ਨੇ ਸ਼ਹਿਰ ਵਿਚੋਂ ੨੦੦ ਚੋਣਵੇਂ ਸ਼ਰਧਾਲੂਆਂ ਨੂੰ ਦਰਸ਼ਨ ਕਰਾਉਣੇ ਸਨ। ਅਸੀਂ ਅੰਮ੍ਰਿਤਸਰ ਦੇ ਪੱਤਰਕਾਰ ਕਈ ਵਾਰ ਡਿਪਟੀ ਕਮਿਸ਼ਨਰ ਅਤੇ ਹੋਰ ਅਧਿਕਾਰੀਆਂ ਪਾਸ ਰੋਸ ਪ੍ਰਗਟ ਕਰ ਚੁੱਕੇ ਹਾਂ ਕਿ ਦਿੱਲੀ, ਚੰਡੀਗੜ੍ਹ ਜਾਂ ਹੋਰ ਪ੍ਰੈੱਸ ਨੂੰ ਸਰਕਾਰ ਵਾਰ ਵਾਰ ਸ੍ਰੀ ਦਰਬਾਰ ਸਾਹਿਬ ਲਿਆ ਰਹੀ ਹੈ (ਤਾਂ ਜੁ ਆਪਣੇ ਮਤਲਬ ਦੀਆਂ ਖਬਰਾਂ ਲੁਆ ਸਕੇ) ਪਰ ਸਾਨੂੰ ਕਿਉਂ ਰੋਕਿਆ ਹੈ। ਕੁਝ ਦਿਨ ਪਹਿਲਾਂ ਕੇਂਦਰੀ ਮੰਤਰੀ ਸ: ਬੂਟਾ ਸਿੰਘ ਅਤੇ ਰਾਸ਼ਟਰਪਤੀ ਦੇ ਪ੍ਰੈੱਸ ਸਕੱਤਰ ਸ: ਤ੍ਰਿਲੋਚਨ ਸਿੰਘ ਨੂੰ ਸਰਕਟ ਹਾਊਸ ਮਿਲ ਕੇ ਵੀ ਪੱਤਰਕਾਰ ਸਾਥੀਆਂ ਨੇ ਸਖਤ ਰੋਸ ਪ੍ਰਗਟ ਕੀਤਾ ਸੀ ਤੇ ਉਨ੍ਹਾਂ ਕਿਹਾ ਸੀ ਕਿ ਸਾਡਾ ਰੋਸ ਸਰਕਾਰ ਪਾਸ ਪਹੁੰਚਾ ਦੇਣਗੇ, ਪਰ ਵਿਅਰਥ। ਕਲ੍ਹ ਡੀ. ਸੀ. ਸਾਹਿਬ ਨੇ ਸਾਨੂੰ ਕਿਹਾ ਸੀ ਕਿ ਇਨ੍ਹਾਂ ੨੦੦ ਸੰਗਤਾਂ ਨਾਲ ਤੁਹਾਨੂੰ ਵੀ ਅੰਦਰ ਭੇਜ ਦਿਆਂਗੇ।

ਸਵੇਰੇ ੬ ਵਜੇ ਹੀ ਦੋ ਢਾਈ ਹਜ਼ਾਰ ਸੰਗਤਾਂ ਕੋਤਵਾਲੀ ਇਕੱਤਰ ਹੋ ਗਈਆਂ, ਜਿਥੇ ਫੌਜ ਨੇ ਇਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ 'ਸੰਗੀਨਾਂ ਦੀ ਛਾਂ' ਹੇਠਾਂ ਲੈ ਕੇ ਜਾਣਾ ਸੀ। ਅਸੀਂ ਕਈ ਪੱਤਰਕਾਰ ਵੀ ਪਹੁੰਚ ਗਏ। ਚੰਡੀਗੜ੍ਹ ਤੋਂ 'ਟ੍ਰਿਬਿਊਨ' ਦੇ ਸਾਡੇ ਵਿਸ਼ੇਸ਼ ਪ੍ਰਤੀਨਿਧ ਸ੍ਰੀ ਏ. ਐਸ. ਪ੍ਰਾਸ਼ਰ ਵੀ ਆਏ ਸਨ। ਇਨ੍ਹਾਂ ਸੰਗਤਾਂ ਵਿਚ ਸ੍ਰੀ ਦਰਬਾਰ ਸਾਹਿਬ ਦੇ ਰੀਟਾਇਰ ਹੈੱਡ ਗ੍ਰੰਥੀ ਗਿਆਨੀ ਚੇਤ ਸਿੰਘ ਜੀ ਵੀ ਸ਼ਾਮਿਲ ਸਨ। ਉਨ੍ਹਾਂ ਸਾਰੀ ਉਮਰ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਕੀਤੀ ਹੈ ਪਰ ਇਸ ਫੌਜੀ ਰਾਜ ਵਿਚ ਉਨ੍ਹਾਂ ਨੂੰ ਵੀ ਪਿਛਲੇ ੨੨ ਦਿਨ ਦਰਸ਼ਨ ਕਰਨ ਦੀ ਆਗਿਆ ਨਹੀਂ ਦਿੱਤੀ ਗਈ ਸੀ।

ਇਕੱਤਰ ਹੋਈਆਂ ਇਨ੍ਹਾਂ ਸੰਗਤਾਂ ਨੂੰ ਫੌਜ ਅਤੇ ਨੀਮ-ਫੌਜੀ ਫ਼ੋਰਸ ਦੇ ਪਹਿਰੇ ਹੇਠ ਜਲ੍ਹਿਆਂ ਵਾਲਾ ਬਾਗ ਤੱਕ, ਜਿਥੇ ਕੰਡੇਦਾਰ ਤਾਰ ਦੀ ਵਾੜ ਲੱਗੀ ਹੋਈ ਸੀ, ਕਤਾਰਾਂ ਵਿਚ ਲਿਜਾਇਆ ਗਿਆ। ਸੰਗਤਾਂ ਸ਼ਾਂਤਮਈ ਤਰੀਕੇ ਨਾਲ 'ਸਤਿਨਾਮ' ਦਾ ਜਾਪ ਕਰ ਰਹੀਆਂ ਸਨ। ਇਥੇ ਤਲਾਸ਼ੀ ਲੈ ਕੇ ਇਕੱਲੇ ਇਕੱਲੇ ਨੂੰ ਅੱਗੇ ਜਾਣ ਦਿੱਤਾ ਗਿਆ। ਅੱਗੋਂ ਫਿਰ ਕਟੜਾ ਆਹਲੂਵਾਲੀਆ ਦੇ ਸਾਹਮਣੇ, ਜਿਥੇ ਸ਼੍ਰੋਮਣੀ ਕਮੇਟੀ ਦਾ ਸਾਈਕਲ ਸਟੈਂਡ ਹੈ—ਕੰਡੇਦਾਰ ਤਾਰ ਲੱਗੀ ਹੋਈ ਸੀ। ਇਥੇ ਅੰਦਰ ਕਤਾਰਾਂ ਵਿਚ ਜਾਣ ਦਿੱਤਾ ਗਿਆ। ਅੱਗੋਂ ਸੰਗਤਾਂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਖੁਸ਼ੀ ਵਿਚ ਦੌੜ ਕੇ ਮੁਖ ਦੁਆਰ ਤੱਕ ਪਹੁੰਚੀਆਂ, ਜਿਥੇ ਫਿਰ ਤਲਾਸ਼ੀ ਲੈ ਕੇ ਅੰਦਰ ਜਾਣ ਦਿੱਤਾ ਗਿਆ। ਕਿਸੇ ਨੂੰ ਕੈਮਰਾ ਆਦਿ ਅੰਦਰ ਲੈ ਜਾਣ ਦੀ ਆਗਿਆ ਨਹੀਂ ਸੀ। ਸੰਗਤਾਂ ਵਿਚ ਭਾਰੀ ਗਿਣਤੀ ਵਿਚ ਹਿੰਦੂ ਵੀਰ ਅਤੇ ਬੀਬੀਆਂ ਵੀ ਸਨ।

ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਦੀ ਖੁਸ਼ੀ ਕੁਝ ਮਿੰਟ ਹੀ ਰਹੀ। ਪ੍ਰਕਰਮਾ ਅੰਦਰ ਪ੍ਰਵੇਸ਼ ਕਰਦਿਆਂ



www.AKJ.Org

ਹੀ ਤਬਾਹੀ ਵੇਖ ਕੇ ਸੰਗਤਾਂ ਦੇ ਕਲੇਜੇ ਵਿਚੋਂ ਇਕਦਮ ਧਾਹ ਨਿਕਲਦੀ ਸੀ। ਭਾਵੇਂ ਪਿਛਲੇ ਕੁਝ ਦਿਨਾਂ ਵਿਚ ਦਿਨ ਰਾਤ ਇਕ ਕਰਕੇ ਮਿਲਟਰੀ ਅਤੇ ਲੋਕ-ਨਿਰਮਾਣ-ਵਿਭਾਗ ਦੇ ਮਿਸਤਰੀ, ਰਾਜ, ਮਜ਼ਦੂਰ, ਪੇਂਟਰ ਆਦਿ ਲਗਾ ਕੇ ਗੋਲੀਆਂ ਦੇ ਨਿਸ਼ਾਨ ਸੀਮੇਂਟ ਨਾਲ ਭਰ ਕੇ ਉੱਪਰ ਰੰਗ ਕਰ ਦਿੱਤਾ ਗਿਆ ਸੀ, ਫਿਰ ਵੀ ਫੌਜ ਨੇ ਜੋ ਕੁਝ ਕੀਤਾ ਸੀ ਉਹ ਆਪਣੇ ਆਪ ਮੂੰਹੋਂ ਬੋਲ ਰਿਹਾ ਸੀ। ਪਰਕਰਮਾ ਦੇ ਆਸੇ ਪਾਸੇ ਕਮਰਿਆਂ ਵਿਚੋਂ ਨਿਕਲੀ ਅੱਗ, ਸੜੇ ਹੋਏ ਦਰਵਾਜ਼ੇ ਬਾਰੀਆਂ, ਬੁੰਗਾ ਰਾਮਗੜ੍ਹੀਆ ਉੱਤੇ ਤੋਪਾਂ ਦੇ ਗੋਲਿਆਂ ਦੇ ਨਿਸ਼ਾਨ ਅਤੇ ਹੇਠਲੇ ਕਮਰਿਆਂ ਵਿਚੋਂ ਆ ਰਹੀ ਸੜਿਆਂਦ, ਟੈਂਕਾਂ ਨਾਲ ਸੰਗਮਰਮਰ ਦੇ ਫਰਸ਼ ਦੀ ਤਬਾਹੀ ਸਰਕ ਰ ਛੁਪਾ ਨਹੀਂ ਸਕੀ ਸੀ। ਸ੍ਰੀ ਅਕਾਲ ਤਖਤ ਸਾਹਿਬ ਦੀ ਢਹਿ-ਢੇਰੀ ਪਾਵਨ ਇਮਾਰਤ ਅਤੇ ਦਰਸ਼ਨੀ ਡਿਉਢੀ ਵਿਖੇ ਤੋਪਾਂ ਦੇ ਗੋਲਿਆਂ ਨਾਲ ਬਰਬਾਦੀ ਵੇਖ ਕੇ ਹਰ ਸਿੱਖ ਦੇ ਹਿਰਦੇ ਵਿਚ ਇਕ ਚੀਸ, ਇਕ ਦਰਦ, ਇਕ ਆਹ ਉਠਦੀ। ਮੈਂ ਵੇਖਿਆ ਕਈ ਸੰਗਤਾਂ, ਵਿਸ਼ੇਸ਼ ਕਰਕੇ ਬੀਬੀਆਂ ਧਾਹਾਂ ਮਾਰ ਮਾਰ ਕੇ ਇਉਂ ਰੋ ਰਹੀਆਂ ਸਨ ਜਿਵੇਂ ਕੋਈ ਆਪਣਾ ਅਤਿ ਨਜ਼ਦੀਕੀ ਬੜਾ ਪਿਆਰਾ ਮਰ ਗਿਆ ਹੋਵੇ। ਕਈ ਬੰਬਾਂ ਦੀ ਮਾਰ ਨਾਲ ਪਰਕਰਮਾ ਦੇ ਆਸੇ ਪਾਸੇ ਵਲ ਸੜੇ ਹੋਏ ਕਮਰੇ ਵੇਖ ਰਹੇ ਸਨ। ਕੋਈ ਕਹਿੰਦਾ ਕਿ ਇਸ ਕਮਰੇ ਵਿਚ ਫਲਾਂ ਰਹਿੰਦਾ ਸੀ, ਇਥੇ ਫਲਾਂ ਰਹਿੰਦਾ ਸੀ, ਆਦਿ ਆਦਿ। ਇਹ ਸਭ ਵੇਖ ਕੇ ਸੰਗਤਾਂ ਸਰਕਾਰ ਦੇ ਇਸ ਝੂਠੇ ਦਾਅਵੇ 'ਕਿ ਸ੍ਰੀ ਦਰਬਾਰ ਸਾਹਿਬ ਨੂੰ ਕੋਈ ਨੁਕਸਾਨ ਨਹੀਂ ਪੁੱਜਾ' ਦੀ ਖਿੱਲੀ ਉਡਾ ਰਹੀਆਂ ਸਨ। ਕਈ, ਸ੍ਰੀ ਦਰਬਾਰ ਸਾਹਿਬ ਦੀ ਪਾਵਨ ਇਮਾਰਤ ਤੇ ਗੋਲੀਆਂ ਦੇ ਲੱਗੇ ਸੈਂਕੜੇ ਨਿਸ਼ਾਨ ਸੁਨਹਿਰੀ ਪੱਤਰਿਆਂ, ਸੰਗਮਰਮਰ ਦੀ ਦੀਵਾਰ ਅਤੇ ਨੱਕਾਸ਼ੀ ਉੱਤੇ ਵੀ ਲੱਗੇ ਸਨ, ਨੂੰ ਗਿਣ ਰਹੇ ਸਨ। ਕੋਈ ਫੌਜ ਨੂੰ ਬੁਰਾ ਭਲਾ ਕਹਿ ਰਿਹਾ ਸੀ, ਕੋਈ ਸਰਕਾਰ ਦੀ ਨੁਕਤਾਚੀਨੀ ਕਰ ਰਿਹਾ ਸੀ।

ਸ੍ਰੀ ਦਰਬਾਰ ਸਾਹਿਬ ਅੰਦਰ ਅਨੇਕਾਂ ਉਹ ਗਵਾਂਢੀ, ਮਿੱਤਰ ਅਤੇ ਜਾਣ ਪਹਿਚਾਣ ਵਾਲੇ ਵੀ ਮਿਲੇ ਜਿਨ੍ਹਾਂ ਦੇ ਘਰ ਆਸੇ ਪਾਸੇ ਦੇ ਗਲੀ ਮਹੱਲਿਆਂ ਵਿਚ ਸਨ। ਹਰ ਕੋਈ ਰੋਣਹਾਕਾ ਹੋ ਕੇ ਇਕ ਦੂਜੇ ਦਾ ਹਾਲ ਪੁਛਦਾ। ਕਈਆਂ ਦਾ ਹਜ਼ਾਰਾਂ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ ਸੀ। ਇਨ੍ਹਾਂ ਵਿਚ ਬਹੁਤੇ ਭਿੰਡਰਾਂਵਾਲੇ ਦੀ ਸਖ਼ਤ ਨੁਕਤਾਚੀਨੀ ਕਰ ਰਹੇ ਸਨ ਕਿ ਖਾਲਿਸਤਾਨ ਬਣਾਉਂਦੇ ਬਣਾਉਂਦੇ ਨੇ ਸਾਰੀ ਕੌਮ ਦਾ ਸਤਿਆਨਾਸ ਕਰਕੇ ਰੱਖ ਦਿੱਤਾ। ਇਹ ਹਮਲਾ ਸਿਰਫ਼ ਉਨ੍ਹਾਂ ਕਾਰਨ ਹੋਇਆ ਹੈ, ਨਹੀਂ ਤਾਂ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਕੀ ਖ਼ਤਰਾ ਸੀ। ਪਹਿਲਾਂ ਕਿਉਂ ਨਾ ਹੋਇਆ। ਉਹ ਕਹਿੰਦੇ ਕਿ ਸੰਤ ਜੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਰਹਿਣ ਅਤੇ ਕੰਪਲੈਕਸ ਵਿਚ ਮੋਰਚੇ ਬਨਾਉਣ ਦਾ ਕੀ ਹੱਕ ਸੀ। ਜੇ ਸਰਕਾਰ ਨਾਲ ਲੜਨਾ ਹੀ ਸੀ ਤਾਂ ਬਾਹਰ ਆ ਕੇ ਮੈਦਾਨ ਵਿਚ ਲੜਦੇ।

ਕਈ ਕਹਿਣ ਲੱਗੇ ਕਿ ਇਹ ਤਾਂ ਸਰਕਾਰ ਦੀ ਇਕ ਗਿਣੀ ਮਿਥੀ ਸਾਜ਼ਿਸ਼ ਨਾਲ ਹਮਲਾ ਕੀਤਾ ਗਿਆ ਹੈ ਤਾਂ ਜੁ ਦੇਸ਼ ਦੀ ਬਹੁਗਿਣਤੀ ਨੂੰ ਖੁਸ਼ ਕੀਤਾ ਜਾ ਸਕੇ ਅਤੇ ਸਿੱਖਾਂ ਨੂੰ ਬੁਰੀ ਤਰ੍ਹਾਂ ਦਬਾ ਦਿੱਤਾ ਜਾਏ। ਸਰਕਾਰ ਨੇ ਜੇਕਰ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਹੀ ਪਕੜਨਾ ਹੁੰਦਾ, ਉਹ ਤਾਂ ਦਿਨ ਵੇਲੇ ਸਾਰਾ ਸਮਾਂ ਲੰਗਰ ਦੀ ਇਮਾਰਤ ਤੇ ਰਹਿੰਦੇ ਸਨ। ਕਰਫਿਊ ਤਾਂ ਅੰਮ੍ਰਿਤਸਰ ਲੱਗਾ ਹੀ ਰਹਿੰਦਾ ਹੈ, ਕਿਸੇ ਵੇਲੇ 'ਅਚਾਨਕ' ਲੰਗਰ ਨੂੰ ਘੇਰਾ ਪਾ ਕੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਸੀ। ਜੇ ਦੋਨੋਂ ਪਾਸਿਓਂ ਗੋਲੀ ਵੀ ਚਲਦੀ ਤਾਂ ਇਤਨੇ ਨਿਰਦੋਸ਼ ਲੋਕ ਨਾ ਮਰਦੇ ਅਤੇ ਨਾ ਹੀ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਪਾਵਨ ਇਮਾਰਤ ਨੂੰ ਕੋਈ ਨੁਕਸਾਨ ਪੁਜਦਾ। ਸੰਤ ਭਿੰਡਰਾਂਵਾਲੇ ਦੇ ਕਈ ਪ੍ਰਸ਼ੰਸਕ ਉਨ੍ਹਾਂ ਦੀ ਨੁਕਤਾਚੀਨੀ ਕਰ ਰਹੇ ਸਨ ਅਤੇ ਜੋ ਪਹਿਲਾਂ ਨੁਕਤਾਚੀਨੀ ਕਰਦੇ ਹੁੰਦੇ ਸਨ, ਹੁਣ ਪ੍ਰਸੰਸਾ ਕਰ ਰਹੇ ਸਨ। ਅਜੀਬ ਗੱਲ ਹੈ ਕਿ ਸਮੇਂ ਦੇ ਨਾਲ ਬੰਦੇ ਕਿੰਨਾ ਬਦਲ ਜਾਂਦੇ ਹਨ।

ਇਕ ਹੋਰ ਸੱਜਣ ਜੋ ਲਾਗੇ ਹੀ ਇਕ ਮਹੱਲੇ ਵਿਚ ਰਹਿੰਦੇ ਹਨ, ਨੇ ਕਿਹਾ ਕਿ ਜਿਸ ਦਿਨ ਤੋਂ ਇਹ ਐਕਸ਼ਨ ਹੋਇਆ, ਰਾਤ ਨੂੰ ਅੱਧੀ ਰਾਤ ਤੱਕ ਅਸਮਾਨ ਇਸ ਤਰ੍ਹਾਂ ਲਾਲ ਰਹਿੰਦਾ ਹੈ, ਜਿਵੇਂ ਸੂਰਜ ਛਿਪਣ ਵੇਲੇ ਲਾਲੀ ਰਹਿੰਦੀ ਹੈ। ਉਨ੍ਹਾਂ ਦੇ ਆਖਣ ਅਨੁਸਾਰ ਇਤਨੇ ਜ਼ੁਲਮ ਵੇਖ ਕੇ ਆਸਮਾਨ ਵੀ ਖ਼ੂਨ ਦੇ ਹੰਝੂ ਵਹਾ ਰਿਹਾ ਹੈ।


www.AKJ.Org

ਪਰਕਰਮਾ ਤੋਂ ਲੰਗਰ ਵੱਲ ਸਰਾਂ ਜਾਂ ਮੰਜੀ ਸਾਹਿਬ ਵੱਲ ਜਾਣ ਦੀ ਆਗਿਆ ਨਹੀਂ ਸੀ। ਕਈ ਬੜੀ ਹੀ ਉਤਸੁਕਤਾ ਨਾਲ ਇਸੇ ਪਾਸੇ ਪਰਕਰਮਾ ਵਿਚ ਲੱਗੀ ਜਾਲੀ ਜਾਂ ਉਪਰੋਂ ਦੀ ਸਰਾਂ ਵੱਲ, ਜਿਥੇ ਪਹਿਲਾਂ ਪੁਰਾਣਾ ਲੰਗਰ ਹੈ, ਵੇਖ ਰਹੇ ਸਨ, ਕਿਉਂਕਿ ਇਥੇ ਹਾਲੇ ਤੱਕ ਕਈ ਇਨਸਾਨੀ ਪਿੰਜਰ, ਹੱਡੀਆਂ ਜਾਂ ਲਹੂ ਭਿੱਜੇ ਕਪੜੇ, ਦਸਤਾਰਾਂ, ਕ੍ਰਿਪਾਨਾਂ ਆਦਿ ਪਏ ਸਨ। ਪਰ ਇਧਰ ਅੱਗੇ ਭਾਰੀ ਗਿਣਤੀ ਵਿਚ ਫੌਜੀ ਜਵਾਨ ਖੜ੍ਹੇ ਸਨ, ਤਾਂ ਜੁ ਕੋਈ ਇਸ ਪਾਸੇ ਵੱਲ ਨਾ ਆਏ। ਸਰਾਵਾਂ ਦੇ ਸਾਹਮਣੇ ਵਾਲੀ ਸੜਕ ਤੇ ਅਨੇਕਾਂ ਹੀ ਫ਼ੌਜੀ ਗੱਡੀਆਂ ਖੜ੍ਹੀਆਂ ਸਨ। ਕਈ ਫੌਜੀਆਂ ਪਾਸ ਵਾਇਰਲੈੱਸ ਸੈੱਟ ਸਨ।

ਸੰਗਤਾਂ ਵਿਚ ਵਰਦੀ ਸਮੇਤ ਫੌਜੀਆਂ ਤੋਂ ਬਿਨਾਂ ਬੀ. ਐਸ. ਐਫ., ਸੀ. ਆਰ ਪੀ, ਰਾਅ ਅਤੇ ਪੰਜਾਬ ਦੀ ਸੀ. ਆਈ. ਡੀ. ਦੇ ਦਰਜਨਾਂ ਹੀ ਕਰਮਚਾਰੀ—ਜੋ ਸੰਗਤਾਂ ਤੇ ਫੌਜੀ ਹਮਲੇ ਬਾਰੇ ਪ੍ਰਭਾਵ—ਸੰਗਤਾਂ ਦੀਆਂ ਆਪਸ ਵਿਚ ਗੱਲਾਂ ਬੜੇ ਗ਼ੌਰ ਨਾਲ ਸੁਣ ਰਹੇ ਸਨ।

ਮੇਰੇ ਕਈ ਗਵਾਂਢੀਆਂ ਨੇ ਮੈਨੂੰ ਪਰਕਰਮਾਂ ਵਿਚ ਦੱਸਿਆ ਸੀ ਕਿ ਮੈਂ ਬਾਹਰ ਮੁਖ ਗੇਟ ਤੇ ਫੌਜ ਦੇ ਦਫਤਰ ਤੋਂ ਆਗਿਆ ਲੈ ਕੇ ਆਪਣਾ ਮਕਾਨ ਵੇਖ ਸਕਦਾ ਹਾਂ, ਪਰ ਉਥੇ ਬਚਿਆ ਕੁਝ ਨਹੀਂ ਹੈ। ਮੇਰੇ ਨਾਲ ਤੋਮਰ ਤੇ ਪ੍ਰਾਸ਼ਰ ਵੀ ਸਨ। ਅਸੀਂ ਮੇਜਰ ਤੋਂ ਆਗਿਆ ਲਈ। ਉਸ ਨੇ ਇਕ ਜਵਾਨ ਸਾਡੇ ਨਾਲ ਭੇਜ ਦਿੱਤਾ ਕਿ ਇਨ੍ਹਾਂ ਨੂੰ ਮਕਾਨ ਵਿਖਾ ਦਿਓ, ਪਰ ਕੋਈ ਚੀਜ਼ ਚੁੱਕਣ ਨਹੀਂ ਦੇਣੀ। ਸਾਨੂੰ ਗਿਫ਼ਟ ਹਾਊਸ ਲਾਗੇ ਪੌੜੀਆਂ ਪਾਸ ਖੜ੍ਹਾ ਕਰਕੇ ਜਵਾਨ, ਉਪਰਲੀ ਟੁਕੜੀ ਦੇ ਇੰਚਾਰਜ ਤੋਂ ਆਗਿਆ ਲੈਣ ਚਲਾ ਗਿਆ। ਇਥੇ ਸਾਡੇ ਪਾਸ ਹੀ ਐਮ.ਈ. ਐਸ. ਦਾ ਇਕ ਜਵਾਨ ਖਾਕੀ ਵਰਦੀ ਸਮੇਤ ਰੰਗ ਕਰਦਾ ਕਰਦਾ ਖੜੋ ਗਿਆ। ਪ੍ਰਾਸ਼ਰ ਚੰਡੀਗੜ੍ਹ ਦੀ ਪ੍ਰੈਸ ਪਾਰਟੀ ਨਾਲ ੧੪ ਜੂਨ ਨੂੰ ਇਥੇ ਆ ਚੁੱਕਾ ਸੀ, ਉਦੋਂ ਹਾਲੇ ਕੋਈ ਮੁਰੰਮਤ ਸ਼ੁਰੂ ਨਹੀਂ ਕੀਤੀ ਗਈ ਸੀ। ਉਸ ਨੇ ਉਸ ਜਵਾਨ ਨੂੰ ਕਿਹਾ, 'ਆਪ ਨੇ ਥੋੜ੍ਹੇ ਦਿਨੋਂ ਮੇਂ ਬਹੁਤ ਕਾਮ ਕਰ ਦੀਆ ਹੈ।' ਭਾਵ ਕਾਫੀ ਮੁਰੰਮਤ ਕਰ ਦਿੱਤੀ ਹੈ। ਇਸ ਤੇ ਉਹ ਇਕਦਮ ਬੋਲਿਆ, "ਕਾਮ ਤੋ ਇਨ ਲੋਗੋਂ ਨੇ ਕੀਆ ਹੈ ਜਿਨ ਨੇ ਏਕ ਪੂਜਾ ਕੇ ਸਥਾਨ ਕੋ ਕਿਲ੍ਹਾ ਬਨਾ ਦੀਆ। ਗੁਰੂ ਰਾਮਦਾਸ ਇਨ ਕੋ ਨਰਕ ਮੇਂ ਭੇਜੇਂ। ਅੰਦਰ ਇਤਨਾ ਗੋਲੀ ਸਿੱਕਾ ਥਾ, ਤੋਬਾ ਤੋਬਾ! ਯਹਾਂ ਤੋਂ ਔਰਤੇਂ ਵੀ ਗੋਲੀ ਚਲਾ ਰਹੀ ਥੀਂ।' ਪ੍ਰਾਸ਼ਰ ਇਸ ਨਾਲ ਗੱਲਾਂ ਕਰਨ ਲਗਾ। ਇਹ ਜਵਾਨ ਅੱਗੋਂ ਬੋਲਦਾ ਗਿਆ, "ਯੇਹ ਲੋਗ ਮਾਂਗ ਕਰ ਰਹੇ ਥੇ ਕਿ ਸ਼ਹਿਰ ਮੇਂ ਬੀੜੀ ਸਿਗਰੇਟ ਪੀਨਾ ਮਨ੍ਹਾ ਕਰ ਦੋ—ਪਰ ਅੰਦਰ ਸੇ ਸ਼ਰਾਬ ਕੀ ਬੋਤਲੇਂ ਮਿਲੀ ਹੈਂ। ਕਈ ਘਰੋਂ ਮੇਂ ਕੁਕਰ ਮੇਂ ਮੀਟ ਬਨਾ ਕਰ ਰੱਖਾ ਹੂਆ ਥਾ। ਕਿਆ ਧਾਰਮਿਕ ਸਥਾਨੋਂ ਪਰ ਯਹ ਚੀਜ਼ੇਂ ਠੀਕ ਹੈਂ।" ਉਸ ਦੀਆਂ ਗੱਲਾਂ ਸੁਣ ਕੇ ਮੈਂ ਮਨ ਹੀ ਮਨ ਵਿਚ ਕਿਹਾ ਕਿ ਇਨ੍ਹਾਂ ਦੇ ਦਿਲਾਂ ਵਿਚ ਸਿੱਖਾਂ ਪ੍ਰਤੀ ਕਿਤਨੀ ਨਫਰਤ ਭਰੀ ਗਈ ਹੈ। ਸੋਚਿਆ ਕਿ ਕੁਝ ਜਵਾਬ ਦੇਵਾਂ। ਫਿਰ ਸੋਚਿਆ ਕਿ ਕਿਤੇ ਗੁੱਸੇ ਵਿਚ ਆ ਕੇ ਗੋਲੀ ਹੀ ਨਾ ਮਾਰ ਦੇਣ ਜਾਂ ਘਰ ਦਾ ਜੋ ਮਾੜਾ ਮੋਟਾ ਸਾਮਾਨ ਬਚਿਆ ਹੈ, ਉਸ ਨੂੰ ਹੀ ਅੱਗ ਨਾ ਲਗਾ ਦੇਣ, ਇਸ ਕਰਕੇ ਚੁੱਪ ਰਹਿਣਾ ਹੀ ਮੁਨਾਸਿਬ ਸਮਝਿਆ।

ਦੂਜਾ ਜਵਾਨ ਉਪਰੋਂ ਆ ਗਿਆ। ਅਸੀਂ ਮਕਾਨ ਤੇ ਗਏ। ਮੈਂ ਸਾਰੇ ਜਿੰਦਰੇ ਲਗਾ ਕੇ ਆਇਆ ਸੀ। ਜਿੰਦਰੇ ਤਾਂ ਕੀ, ਕੁੰਡੇ ਆਦਿ ਵੀ ਟੁੱਟੇ ਹੋਏ ਸਨ। ਇਕ ਕਮਰੇ ਵਿਚ ਤਬਾਹ ਹੋਏ ਸਾਮਾਨ ਦਾ ਢੇਰ ਲੱਗਾ ਪਿਆ ਸੀ, ਜਿਵੇਂ ਕੂੜੇ ਦਾ ਢੇਰ। ਕਪੜਿਆਂ ਦੇ ੬ ਅਟੈਚੀ ਗ਼ਾਇਬ ਸਨ, ਟੀਨ ਦਾ ਇਕ ਵਡਾ ਟਰੰਕ ਉਲਟਾ ਹੋਇਆ ਪਿਆ ਸੀ।

ਤੋਮਰ ਨੇ ਸਿੱਧਾ ਕੀਤਾ, ਖਾਲੀ ਸੀ। ਸਾਰੀਆਂ ਅਲਮਾਰੀਆਂ ਖਾਲੀ ਸਨ, ਜਿਨ੍ਹਾਂ ਵਿਚ ਟੀ ਵੀ ਸੈੱਟ, ਟੇਪ ਰਿਕਾਰਡਰ, ਟੇਪਾਂ, ਮੇਰੀ ਟਾਈਪ ਦੀ ਛੋਟੀ ਮਸ਼ੀਨ, ਜ਼ਰੂਰੀ ਕਿਤਾਬਾਂ, ਪਤਨੀ ਦੇ ਗਹਿਣੇ ਆਦਿ ਪਏ ਸਨ, ਕੁਝ ਵੀ ਨਹੀਂ ਦਿਖਾਈ ਦੇ ਰਿਹਾ ਸੀ। ਫਰਿਜ ਦੇ ਬਾਹਰ ਗੋਲੀਆਂ ਲੱਗੀਆਂ ਸਨ, ਅੰਦਰੋਂ ਤੋੜੀ ਪਈ ਸੀ। ਰਸੋਈ ਬਿਲਕੁਲ ਖਾਲੀ ਸੀ, ਕੋਈ ਬਰਤਨ ਤੇ ਬਾਕੀ ਸਾਮਾਨ ਨਹੀਂ ਸੀ, ਆਟੇ ਵਾਲਾ ਇਕ ਪੀਪਾ ਟੁੱਟਾ ਭੱਜਾ ਪਿਆ ਸੀ, ਵੱਡੇ ਪਲੰਘ ਪਏ ਸਨ, ਪਰ ਬਾਕੀ ਫ਼ਰਨੀਚਰ ਗ਼ਾਇਬ ਸੀ। ਦੋਨੋਂ ਕਮਰਿਆਂ ਵਿਚ ਛੱਤ ਦੇ ਪੱਖੇ ਲੱਗੇ ਸਨ। ਇਕ ਪੱਖੇ ਦੇ ਪਰਾਂ ਵਿਚ ਗੋਲੀਆਂ ਲੱਗੀਆਂ ਸਨ। ਮੈਂ ਸਾਰੇ ਨੁਕਸਾਨ ਲਈ ਮਾਨਸਿਕ ਤੌਰ ਤੇ


www.AKJ.org

ਪੂਰੀ ਤਰ੍ਹਾਂ ਤਿਆਰ ਸੀ, ਪਰ ਫੇਰ ਵੀ ਇਕ ਵਾਰੀ ਇਹ ਨਾਦਰਸ਼ਾਹੀ ਲੁੱਟ ਵੇਖ ਕੇ ਅੱਖਾਂ ਅੱਗੇ ਹਨੇਰਾ ਜਿਹਾ ਛਾ ਗਿਆ। ਮੇਰੇ ਲਾਗਲੇ ਗੁਆਂਢੀਆਂ ਦੇ ਸਾਰੇ ਸਮਾਨ ਦਾ ਵੀ ਇਹੋ ਹਾਲ ਸੀ। ਸ: ਨਰਿੰਦਰਜੀਤ ਸਿੰਘ ਨੰਦਾ, ਭਾਈ ਹਰਚਰਨ ਸਿੰਘ ਜੀ ਹਜ਼ੂਰੀ ਰਾਗੀ, ਭਾਈ ਕੁਲਵੰਤ ਸਿੰਘ ਹਜ਼ੂਰੀ ਰਾਗੀ, ਸਭ ਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਚੁੱਕਾ ਸੀ। ਤੋਮਰ ਮੈਨੂੰ ਹਾਲੇ ਤੱਕ ਕਹਿ ਰਿਹਾ ਸੀ : ਤੁਹਾਡੇ ਸਭ ਦੇ ਘਰ ਫੌਜ ਦੇ ਕਬੰਜ਼ੇ ਵਿਚ ਹਨ, ਕੋਈ ਚੀਜ਼ ਨਹੀਂ ਜਾ ਸਕਦੀ। ਹੁਣ ਉਸ ਨੇ ਅਤੇ ਪ੍ਰਾਸ਼ਰ ਨੇ ਆਪਣੀਆਂ ਅੱਖਾਂ ਨਾਲ ਇਹ ਲੁੱਟ ਵੇਖ ਲਈ ਸੀ ਤਾਂ ਜਾ ਕੇ ਤੋਮਰ ਨੂੰ ਯਕੀਨ ਆਇਆ ਕਿ ਫੌਜ ਇਤਨੀ ਲੁੱਟ-ਖਸੁੱਟ ਕਰ ਸਕਦੀ ਹੈ, ਜਿਵੇਂ ਹਰ ਜੇਤੂ ਫੌਜ ਦੁਸ਼ਮਣਾਂ ਦੀ ਜਾਨੀ ਅਤੇ ਮਾਲੀ ਲੁੱਟਮਾਰ ਕਰਦੀ ਹੈ। ਸਾਡੀ ਫੌਜ ਵੀ ਤਾਂ ਇਥੇ ਜਤੂ ਰਹੀ ਸੀ, ਇਸ ਲਈ ਲੁੱਟਮਾਰ ਕਰਨਾ ਇਨ੍ਹਾਂ ਦਾ ਹੱਕ ਬਣਦਾ ਸੀ। (ਪਿਛੋਂ ਕਾਫੀ ਸਮੇਂ ਬਾਅਦ ਜਦੋਂ ਇਸ ਲੁੱਟ ਬਾਰੇ ਰੀਪੋਰਟਾਂ ਮਿਲਟਰੀ ਅਧਿਕਾਰੀਆਂ ਨੂੰ ਮਿਲੀਆਂ ਤਾਂ ਇਨ੍ਹਾਂ ਫੌਜੀਆਂ ਦੀ ਤਲਾਸ਼ੀ ਲਈ ਗਈ। ਅਖਬਾਰ "ਇੰਡੀਅਨ ਐਕਸਪ੍ਰੈਸ" ਅਨੁਸਾਰ ਕਈਆਂ ਨੇ ਲੁੱਟ ਦਾ ਮਾਲ, ਜੋ ਛੁਪਾਇਆ ਨਹੀਂ ਜਾ ਸਕਦਾ ਸੀ, ਝਾੜੀਆਂ ਵਿਚ ਛੁਪਾ ਦਿੱਤਾ, ਕਈਆਂ ਨੇ ਆਪਣੇ ਪਿੰਡਾਂ ਨੂੰ ਭੇਜ ਦਿੱਤਾ ਹੋਏਗਾ। ਇਸ ਲੁੱਟ ਕਾਰਨ ਕਾਫੀ ਫੌਜੀ ਜਵਾਨਾਂ, ਜਿਨ੍ਹਾਂ ਵਿਚ ਕੁਝ ਅਫਸਰ ਤੇ ਜੇ ਸੀ ਓ ਵੀ ਸਨ, ਦੇ ਵਿਰੁੱਧ ਕਾਰਵਾਈ ਕੀਤੀ ਗਈ ਪਰ ਜਿਨ੍ਹਾਂ ਦੇ ਘਰ ਲੁੱਟੇ ਗਏ, ਲੱਖਾਂ ਤੋਂ ਕੱਖ ਹੋ ਗਏ, ਉਨ੍ਹਾਂ ਨੂੰ ਕੁਝ ਨਹੀਂ ਮਿਲਿਆ, ਸਾਰੇ ਕਲੇਮ ਰੱਦ ਕਰ ਦਿੱਤੇ ਗਏ ਕਿ ਇਹ ਚੋਰੀ ਦਾ ਕੇਸ ਹੈ, ਫੌਜੀ ਕਾਰਵਾਈ ਕਾਰਨ ਹੋਇਆ ਨੁਕਸਾਨ ਨਹੀਂ।)

ਡਿਪਟੀ ਕਮਿਸ਼ਨਰ ਪਾਸ ਕਲੇਮ ਭਰਨ ਦਾ ਅੱਜ ਆਖਰੀ ਦਿਨ ਸੀ। ਸ੍ਰੀ ਦਰਬਾਰ ਸਾਹਿਬ ਤੋਂ ਆ ਕੇ ਮੈਂ ਕੋਤਵਾਲੀ ਪੁਲਸ ਪਾਸ ਇਸ ਨੁਕਸਾਨ ਦੀ ਰਿਪੋਰਟ ਲਿਖਵਾਈ। ਡੀ ਸੀ ਦੇ ਦਫਤਰ ਤੋਂ ਛਪੇ ਹੋਏ ਫਾਰਮ ਲਿਆ ਕੇ ਛੇਤੀ ਛੇਤੀ ਨੁਕਸਾਨ ਹੋਏ ਸਾਮਾਨ ਦੀ ਲਿਸਟ ਤੇ ਅੰਦਾਜ਼ਨ ਕੀਮਤ ਲਗਾ ਕੇ ਕਲੇਮ ਲਈ ਬਿਨੈ ਪੱਤਰ ਦਿੱਤਾ। (ਸਰਕਾਰ ਦੀ ਪਹਿਲੀ ਪਾਲਸੀ ਅਨੁਸਾਰ ਕੰਪਲੈਕਸ ਵਿਚ ਰਹਿ ਰਹੇ ਕਿਸੇ ਵਿਅਕਤੀ ਨੂੰ ਕੋਈ ਮੁਆਵਜ਼ਾ ਨਹੀਂ ਮਿਲਣਾ ਸੀ। ਇਸ ਸਾਲ ਮਾਰਚ ਵਿਚ ਦੁਬਾਰਾ ਦਰਖਾਸਤਾਂ ਮੰਗੀਆਂ ਤੇ ਸਭ ਨੇ ਫਿਰ ਪੁਲਸ ਦੀ ਰੀਪੋਰਟ ਦੀ ਕਾਪੀ ਲਗਾ ਕੇ ਦੁਬਾਰਾ ਕਲੇਮ ਭਰੇ, ਜੋ ਹੁਣੇ ਜਿਹੇ ਸਾਰੇ ਰੱਦ ਕਰ ਦਿੱਤੇ ਗਏ ਹਨ।)

ਤੋਮਰ ਦਾ ਘਰ, ਉਸ ਦੇ ਕਈ 'ਐਂਟੀ ਸਿੱਖ' ਦੋਸਤਾਂ ਦੇ ਮਿਲਣ ਦਾ ਅੱਡਾ ਹੈ। ਉਸ ਦੇ ਕਈ ਜਨੂੰਨੀ ਦੋਸਤ ਉਸ ਨੂੰ ਆ ਕੇ ਬੜੀਆਂ ਹੀ ਸਨਸਨੀਖੇਜ਼ 'ਖਬਰਾਂ' ਦੱਸਦੇ ਹਨ, ਅਫਵਾਹਾਂ ਸੁਣਾਉਂਦੇ ਰਹਿੰਦੇ ਹਨ, ਰਾਈ ਦਾ ਪਹਾੜ ਬਣਾ ਕੇ ਦੱਸਦੇ ਹਨ। ਮੈਨੂੰ ਇਨ੍ਹਾਂ ਸਾਰੀਆਂ ਗੱਲਾਂ ਦਾ ਪਤਾ ਲੱਗਦਾ ਰਹਿੰਦਾ ਸੀ, ਕਈ ਤਾਂ ਮੇਰੇ ਸਾਹਮਣੇ ਹੀ ਕਰਦੇ ਹਨ ਤੇ ਕਈ ਵਾਰੀ ਉਸ ਨੂੰ ਇਕ ਪਾਸੇ ਲੈ ਜਾਂਦੇ (ਪਿਛੋਂ ਉਹ ਮੈਨੂੰ ਦੱਸ ਦੇਂਦਾ ਹੈ)। ਇਹ ਖਬਰਾਂ ਇਸ ਤਰ੍ਹਾਂ ਦੀਆਂ ਹਨ "ਦਰਬਾਰ ਸਾਹਿਬ ਦੇ ਹੇਠਾਂ ਤਹਿਖਾਨੇ ਵਿਚੋਂ ੨੦੦ ਦੇ ਕਰੀਬ ਨੌਜਵਾਨ ਨੰਗੀਆਂ ਕੁੜੀਆਂ ਮਿਲੀਆਂ ਹਨ ਜਿਨ੍ਹਾਂ ਨੂੰ ਪਿਛਲੇ ਡੇਢ ਦੋ ਸਾਲ ਤੋਂ ਤਨ ਢਕਣ ਲਈ ਵੀ ਕੋਈ ਕਪੜਾ ਨਹੀਂ ਦਿੱਤਾ ਗਿਆ, ਤਾਂ ਜੁ ਦੌੜ ਨਾ ਜਾਣ। ਇਨ੍ਹਾਂ ਵਿਚਾਰੀਆਂ ਨੂੰ ਪਤਾ ਵੀ ਨਹੀਂ ਕਦੋਂ ਦਿਨ ਚੜ੍ਹਦਾ ਹੈ ਤੇ ਕਦੋਂ ਰਾਤ ਹੁੰਦੀ ਹੈ।" ਇਹ ਨਿਰਾਧਾਰ ਖਬਰ ਦਿੱਲੀ ਦੇ 'ਹਿੰਦੋਸਤਾਨ ਟਾਈਮਜ਼' ਅਤੇ ਕਈ ਹੋਰ ਸਿੱਖ ਵਿਰੋਧੀ ਅਖਬਾਰਾਂ ਵਿਚ ਇਨ੍ਹਾਂ ਲੋਕਾਂ ਦੀਆਂ ਅਫਵਾਹਾਂ ਕਾਰਨ ਛਪ ਵੀ ਗਈ ਸੀ। ਇਹ ਖਬਰ ਬਿਲਕੁਲ ਗਲਤ, ਝੂਠੀ ਅਤੇ ਸ਼ਰਾਰਤ ਭਰਪੂਰ ਸੀ, ਤਾਂ ਜੁ ਸਿੱਖਾਂ ਅਤੇ ਸ੍ਰੀ ਦਰਬਾਰ ਸਾਹਿਬ ਨੂੰ ਬਦਨਾਮ ਕੀਤਾ ਜਾ ਸਕੇ। (ਅੰਮ੍ਰਿਤਸਰ ਦੇ ਡੀ ਸੀ ਨੇ ਵੀ ਇਸ ਖਬਰ ਨੂੰ ਗਲਤ ਦੱਸਿਆ ਸੀ।) ਇਸ ਕਾਰਨ ਕਈ ਥਾਵਾਂ ਤੇ ਤਲਖ਼ੀ ਵੀ ਪੈਦਾ ਹੋਈ।

ਬਾਕੀ ਝੂਠੀਆਂ ਅਫਵਾਹਾਂ ਜੋ ਮੈਂ ਤੋਮਰ ਦੇ ਘਰ ਸੁਣੀਆਂ, ਉਹ ਇਸ ਤਰ੍ਹਾਂ ਸਨ : 'ਕੰਪਲੈਕਸ ਵਿਚੋਂ ਅਨੇਕਾਂ ਹੀ ਵਿਦੇਸ਼ੀ ਲੋਕ ਅਤੇ ਮੁਸਲਮਾਨ ਵੀ ਪਕੜੇ ਗਏ ਹਨ। ਅੰਦਰੋਂ ਹਜ਼ਾਰਾਂ ਹੀ ਵਿਦੇਸ਼ੀ ਸ਼ਰਾਬ ਦੀਆਂ ਬੋਤਲਾਂ, ਹੀਰੋਨ, ਚਰਸ, ਨਿਰੋਧ ਆਦਿ ਮਿਲੇ ਹਨ।' ਮੈਂ ਤੋਮਰ ਦੇ ਇਨ੍ਹਾਂ ਜਨੂਨੀ ਦੋਸਤਾਂ ਦੇ ਬੀਮਾਰ ਦਿਮਾਗ ਅਤੇ ਘਟੀਆਪਨ ਬਾਰੇ ਸੋਚ ਕੇ ਬੜਾ ਹੀ ਹੈਰਾਨ ਹੁੰਦਾ। ਇਹ ਸਾਰੀਆਂ ਗੱਲਾਂ ਕਰਕੇ ਆਪਸ ਵਿਚ ਬੜੇ ਹੀ ਖੁਸ਼ ਹੁੰਦੇ।


www.AKJ.Org

ਤੋਮਰ ਬੜਾ ਸਿਆਣਾ ਹੈ ਜਾਂ ਡਿਪਲੋਮੇਟ ਹੈ। ਉਹ ਸਭ ਨੂੰ ਖੁਸ਼ ਰਖਦਾ ਹੈ, ਮੇਰੇ ਸਾਹਮਣੇ ਇਨ੍ਹਾਂ ਨੂੰ ਬੁਰਾ ਭਲਾ ਕਹਿ ਦਿੰਦਾ ਹੈ, 'ਯੇਹ ਸਾਰੇ ਲੋਕ ਜਨਸੰਘੀ ਹੈਂ, ਜਾਨੂਨੀ ਹੈਂ'। ਉਨ੍ਹਾਂ ਸਾਹਮਣੇ ਹੋਰ ਤਰ੍ਹਾਂ ਦੀਆਂ ਗੱਲਾਂ ਕਰਦਾ ਹੋਏਗਾ। ਆਪਸ ਵਿਚ ਗੱਲਾਂ ਕਰਦੇ ਹੋਏ ਮੈਂ ਉਸ ਨੂੰ ਕਈ ਵਾਰੀ ਦੱਸਿਆ "ਲੀਡਰ ਕਿਸੇ ਪਾਰਟੀ ਜਾਂ ਫ਼ਿਰਕੇ ਦੇ ਮਾਪਿਆਂ ਵਾਂਗ ਹੁੰਦੇ ਹਨ। ਜਿਵੇਂ ਔਲਾਦ ਨੂੰ ਮਾਪਿਆਂ ਦੀ ਕਮਾਈ ਖਾਣ ਦਾ ਹੱਕ ਹੁੰਦਾ ਹੈ, ਕਈ ਵਾਰੀ ਮਾਪਿਆਂ ਦੀ ਗਲਤੀ ਜਾਂ ਬੇਵਕੂਫੀ ਦੀ ਸਜ਼ਾ ਵੀ ਭੁਗਤਣੀ ਪੈਂਦੀ ਹੈ। ਹਿੰਦੂਆਂ ਦੇ ਉਨ੍ਹਾਂ ਲੀਡਰਾਂ, ਜਿਨ੍ਹਾਂ ਨੇ ਉਨ੍ਹਾਂ ਨੂੰ ਆਪਣੀ ਹੀ ਮਾਤਰੀ ਭਾਸ਼ਾ ਪੰਜਾਬੀ ਤੋਂ ਮੁਨਕਰ ਕਰਾਇਆ, ਦੇ ਕਾਰਨ ਪੰਜਾਬ ਦੇ ਹਿੰਦੂਆਂ ਨੂੰ ਸਜ਼ਾ ਭੁਗਤਣੀ ਪਈ। ਇਨ੍ਹਾਂ ਲੀਡਰਾਂ ਨੇ ਪੰਜਾਬੀ ਹਿੰਦੂਆਂ ਨੂੰ ਆਪਣੇ ਹੀ ਪ੍ਰਦੇਸ਼ ਵਿਚ ਅਜਨਬੀ ਬਣਾ ਕੇ ਰੱਖ ਦਿੱਤਾ। ਇਨ੍ਹਾਂ ਲੀਡਰਾਂ ਵਲੋਂ ਗੁਰੂ ਨਾਨਕ ਯੂਨੀਵਰਸਿਟੀ ਦੀ ਸਥਾਪਨਾ ਤੇ ਫਿਰ ੪ ਜ਼ਿਲ੍ਹਿਆਂ ਦੇ ਕਾਲਜ ਇਸ ਯੂਨੀਵਰਸਿਟੀ ਨਾਲ ਜੋੜਨ ਦੀ ਵਿਰੋਧਤਾ ਕਰਨ ਨਾਲ ਪੰਜਾਬ ਦਾ ਮਾਹੌਲ ਖਰਾਬ ਹੋਇਆ ਸੀ। ਜੇ ਸਾਡੇ ਹਿੰਦੂ ਵੀਰ ਪੰਜਾਬੀ ਭਾਸ਼ਾ ਤੋਂ ਮੁਨਕਰ ਨਾ ਹੁੰਦੇ ਤਾਂ ਸ਼ਾਇਦ ਪੰਜਾਬੀ ਸੂਬੇ ਦੀ ਮੰਗ ਹੀ ਨਾ ਉਠਦੀ, ਜਾਂ ਫਿਰ ਪੰਜਾਬੀ ਸੂਬਾ ਵੱਡਾ ਬਣਦਾ, ਨਾ ਚੰਡੀਗੜ੍ਹ ਬਾਹਰ ਰਹਿੰਦਾ, ਨਾ ਹੋਰ ਪੰਜਾਬੀ ਬੋਲਦੇ ਇਲਾਕੇ, ਨਾ ਦਰਿਆਵਾਂ ਦਾ ਝਗੜਾ ਉਠਦਾ ਅਤੇ ਇਹ 'ਧਰਮ ਯੁਧ' ਮੋਰਚਾ ਵੀ ਨਾ ਲਗਾਉਣਾ ਪੈਂਦਾ। ਇਸ ਤਰ੍ਹਾਂ ਜਿਹੜੇ ਸਿੱਖ ਲੀਡਰ ਨਫਰਤ ਦਾ ਪ੍ਰਚਾਰ ਕਰਦੇ ਰਹੇ ਹਨ, ਨਿਰਦੋਸ਼ ਹਿੰਦੂਆਂ ਤੇ ਹੋਰ ਲੋਕਾਂ ਨੂੰ ਕਤਲ ਕਰਵਾਉਂਦੇ ਰਹੇ ਹਨ, ਉਸ ਦੀ ਸਜ਼ਾ ਹੁਣ ਸਿੱਖ ਭੁਗਤ ਰਹੇ ਹਨ।" ਉਹ ਹਮੇਸ਼ਾ ਉਸ ਸਮੇਂ ਮੇਰੇ ਨਾਲ ਸਹਿਮਤ ਹੋ ਜਾਂਦਾ। —ਅਜੀਤ ੨੫-੬-੮੫

---

## ਰਿਸ਼ਤੇ ਨਾਤੇ—

(੧) ਚਿਠੀ ਪੱਤਰ ਇਸ ਪਤੇ 'ਤੇ ਲਿਖੋ : ਫ਼ਾਰਮ ਨੰਬਰ......C/O ਸੂਰਾ, ਮਾਈ ਸੇਵਾਂ, ਅੰਮ੍ਰਿਤਸਰ
(੨) ਕੇਵਲ ਅੰਮ੍ਰਿਤਧਾਰੀ ਤੇ ਸ਼ਾਕਾਹਾਰੀ ਬੱਚਿਆਂ ਲਈ ਹੀ ਚਿਠੀ ਪੱਤਰ ਕਰੋ ਜੀ।
(੩) ਰਿਸ਼ਤੇ ਨਾਤੇ ਦੇ-ਫ਼ਾਰਮ ਸੂਰਾ ਮਾਸਕ ਪੱਤਰ ਅੰਮ੍ਰਿਤਸਰ ਤੋਂ ਵਾਪਸੀ ਲਈ ਲਫ਼ਾਫ਼ਾ ਭੇਜ ਕੇ ਮੁਫਤ ਮੰਗਾਓ।

ਫ਼ਾਰਮ ਨੰ: ੨੪੨—ਇਕ ੨੭ ਸਾਲਾ ਬੀਬੀ, ਕੱਦ ਸਾਢੇ ਪੰਜ ਫੁਟ, ਐਮ. ਏ. ਬੀ-ਐਡ, ਬੈਂਕ ਸਰਵਿਸ, ਮਾਇਕ ਤਨਖਾਹ ੧੧੦੦/-, ਲਈ ਐਮ. ਏ. ਪਾਸ ਬੈਂਕ ਮੁਲਾਜ਼ਮ ਗੁਰਸਿਖ ਵਰ ਦੀ ਲੋੜ ਹੈ।

ਫ਼ਾਰਮ ਨੰ: ੨੪੩ - ਇਕ ੨੮ ਸਾਲਾ ਅੰਮ੍ਰਿਤਧਾਰੀ ਨਿਤਨੇਮੀ, ਕੱਦ ਸਾਢੇ ਪੰਜ ਫੁਟ, ਕੀਰਤਨੀ, ਐਮ. ਏ. ਮਿਊਜ਼ਿਕ, ਬੀਬੀ ਲਈ ਗੁਰਸਿਖ ਨਿਤਨੇਮੀ ਚੰਗੀ ਸਰਵਿਸ ਜਾਂ ਚੰਗੇ ਕਾਰੋਬਾਰੀ ਵਰ ਦੀ ਲੋੜ ਹੈ।

ਫ਼ਾਰਮ ਨੰ: ੨੪੪ ਇਕ ੨੪ ਸਾਲਾ ਐਮ. ਏ. (ਹਿੰਦੀ), ਕੱਦ ੫'-੩", ਨਿਤਨੇਮੀ, ਕਾਫ਼ੀ ਬਾਣੀਆਂ ਕੰਠ ਬੀਬੀ ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੨੪੫—ਇਕ ੩੪ ਸਾਲਾ ਦਸਵੀਂ ਪਾਸ, ਨਿਤਨੇਮੀ ਸਿੰਘ, ਕੱਦ ੫'-੬", ਪ੍ਰਾਪਰਟੀ ਡੀਲਰ ਲਈ ਯੋਗ ਬੀਬੀ ਚਾਹੇ ਵਿਧਵਾ ਜਾਂ ਤਲਾਕ-ਸ਼ੁਦਾ ਦੁਹਾਜੂ ਹੋਵੇ, ਰਿਸ਼ਤੇ ਦੀ ਲੋੜ ਹੈ।

ਫ਼ਾਰਮ ਨੰ: ੨੪੬ —ਇਕ ੩੩ ਸਾਲਾ ਪੰਜਵੀਂ ਪਾਸ ਦੁਹਾਜੂ ਸਿੰਘ, ਦੋ ਬੱਚਿਆਂ ਦਾ ਬਾਪ, ਜ਼ਿਮੀਦਾਰ ਲਈ ਯੋਗ ਬੀਬੀ ਦੇ ਰਿਸ਼ਤੇ ਦੀ ਲੋੜ ਹੈ।

ਫ਼ਾਰਮ ਨੰ: ੨੪੭—ਇਕ ੨੫ ਸਾਲਾ ਕੱਦ ੫'-੬", ਦਸਵੀਂ ਪਾਸ, ਨਿਤਨੇਮੀ, ਡ੍ਰਾਈਵਰ ਸਿੰਘ ਲਈ ਯੋਗ ਬੀਬੀ ਦੇ ਰਿਸ਼ਤੇ ਦੀ ਲੋੜ ਹੈ।

ਫ਼ਾਰਮ ਨੰ: ੨੪੮—ਇਕ ੨੭ ਸਾਲਾ ਨਿਤਨੇਮੀ ਸਿੰਘ, ਕੱਦ ੫'-੪", ਐਮ. ਏ. (ਪੰਜਾਬੀ), ਲੈਕਚਰਾਰ, ਤਨਖਾਹ ੧੭੫੦ ਰੁਪਏ, ਲਈ ਨੌਕਰੀ ਕਰਦੀ ਬੀਬੀ ਦੀ ਲੋੜ ਹੈ।

ਫ਼ਾਰਮ ਨੰ: ੨੪੯—ਇਕ ੨੬ ਸਾਲਾ ਮੈਟਰਿਕ ਆਈ. ਟੀ. ਆਈ. ਕੱਦ ੫'-੫" ਸਿੰਘ, ਸੈਂਟਰ ਗੌਰਮਿੰਟ ਸਰਵਿਸ ਤਨਖਾਹ ੯੫੦/, ਲਈ ਸਰਵਿਸ ਕਰਦੀ ਬੀਬੀ ਦੀ ਲੋੜ ਹੈ।

ਫ਼ਾਰਮ ਨੰ: ੨੫੦—ਇਕ ੨੪ ਸਾਲਾ, ਕੱਦ ੫', ਬੀ. ਏ. ਪਾਸ, ਸਰਵਿਸ ਕਰਦੀ ਬੀਬੀ, ਤਨਖਾਹ ੯੦੦ ਰੁਪਏ ਲਈ ਸਰਕਾਰੀ ਨੌਕਰੀ ਵਾਲੇ ਵਰ ਦੀ ਲੋੜ ਹੈ।

ਫ਼ਾਰਮ ਨੰ: ੨੫੧—ਇਕ ੩੦ ਸਾਲਾ, ਬੀ. ਏ. ਪਾਸ, ਕੱਦ ੫'-੪", ਨਿਤਨੇਮੀ ਬੀਬੀ ਲਈ, ਚੰਗੀ ਨੌਕਰੀ ਜਾਂ ਸਾਹਿਬੇ ਜਾਇਦਾਦ ਵਰ ਦੀ ਲੋੜ ਹੈ।

ਫ਼ਾਰਮ ਨੰ: ੨੫੨—ਇਕ ੨੪ ਸਾਲਾ ਹਾਇਰ ਸੈਕੰਡਰੀ ਪਾਸ ਸਿੰਘ, ਕੱਦ ੫'-੪", ਮੋਟਰ ਵਰਕਸ਼ਾਪ ਰੀਪੇਅਰ ਬੈਟਰੀ ਏਜੰਸੀ ਲਈ ਯੋਗ ਬੀਬੀ ਦੀ ਲੋੜ ਹੈ।


www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਦਿਲੀ, ਕਾਨਪੁਰ, ਸ੍ਰੀ ਅੰਮ੍ਰਿਤਸਰ ਅਤੇ ਪੰਜਾਬ ਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਸਿਖਾਂ ਦੇ ਕਤਲੇ-ਆਮ ਵਿਚ ਅਨਗਿਣਤ ਵਿਧਵਾਵਾਂ ਹੋਈਆਂ, ਹਜ਼ਾਰਾਂ ਬੱਚੇ ਯਤੀਮ ਬਣੇ, ਅਖੰਡ ਕੀਰਤਨੀ ਜਥੇ ਦੇ ਵੀ ਕਈ ਪਰਵਾਰ ਤਬਾਹ ਬਰਬਾਦ ਹੋਏ ਅਤੇ ਕਈ ਗੁਰੂ ਕੇ ਲਾਲ ਸਨਮੁਖ ਜੂਝ ਕੇ ਸ਼ਹੀਦੀਆਂ ਪਾ ਗਏ। ਇਨ੍ਹਾਂ ਦੁਖੀ ਤੇ ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਬੇਅੰਤ ਮਾਇਆ ਭੇਜ ਰਹੀਆਂ ਹਨ। ਅਖੰਡ ਕੀਰਤਨੀ ਜਥੇ ਨੂੰ ਭੇਜੀ ਜਾਣ ਵਾਲੀ ਮਾਇਆ ਕਿਸੇ ਜ਼ਾਤੀ ਨਾਂ ਤੇ ਨਾ ਭੇਜੀ ਜਾਵੇ ਅਤੇ ਨਾ ਹੀ 'ਸੂਰਾ' ਮਾਸਕ ਪੱਤਰ ਦੇ ਨਾਂ, ਸਗੋਂ ਕੇਵਲ ਅਖੰਡ ਕੀਰਤਨੀ ਜਥਾ ਅੰਮ੍ਰਿਤਸਰ ਦੇ ਨਾਂ ਤੇ ਹੀ ਬੈਂਕ ਡਰਾਫ਼ਟ ਜਾਂ ਚੈਕ ਭੇਜੋ। ਐਤਕੀਂ ਪੁਜੀ ਮਾਇਆ ਇਸ ਪ੍ਰਕਾਰ ਹੈ—

| | | | |
|---|---|---|---|
| ਅਖੰਡ ਕੀਰਤਨੀ ਜਥਾ ਹੁਸ਼ਿਆਰਪੁਰ | ੧੧੦੦-੦੦ | ਸ: ਸਜਣ ਸਿੰਘ ਗਿਲ | ੧੦-੦੦ |
| ਅਖੰਡ ਕੀਰਤਨੀ ਜਥਾ ਕਾਨਪੁਰ | ੫੦੦-੦੦ | ਬੀ: ਹਰਜਿੰਦਰ ਕੋਰ | ੨੫-੦੦ |
| ਭਾਈ ਕੇਹਰ ਸਿੰਘ ਕਾਨਪੁਰ | ੨੦੦-੦੦ | ਸ: ਜਸਪਾਲ ਸਿੰਘ ਕ੍ਰੈਂਥ | ੩੧-੦੦ |
| ਭਾਈ ਹਰਬੰਸ ਸਿੰਘ ਮਿਸਰੀ ਵਾਲੇ, ਅੰਮ੍ਰਿਤਸਰ | ੧੦੦-੦੦ | ਸ੍ਰੀ ਰੌਸ਼ਨ ਲਾਲ | ੩੧-੦੦ |
| ਭਾਈ ਮਹਿੰਦਰ ਸਿੰਘ ਖਾਲਸਾ, ਨੰਗਲਟਾਊਨ ਸ਼ਿਪ | ੧੨੫-੦੦ | ਸ: ਨਰਿੰਦਰ ਸਿੰਘ | ੨੧-੦੦ |
| ਭਾਈ ਸਤਨਾਮ ਸਿੰਘ ਭਗਵਾਂ (ਜੰਡਿਆਲਾ ਗੁਰੂ) | ੨੦੦-੦੦ | ਸ: ਬਲਦੇਵ ਸਿੰਘ | ੨੧-੦੦ |
| ਬੀ: ਰਣਜੀਤ ਕੌਰ ਸਤਪਾਲ ਕੌਰ ਬੈਡਫੋਰਡ ਯੂ.ਕੇ. | ੭੮-੬੦ | ਸ: ਗੁਰਦੇਵ ਸਿੰਘ | ੨੬-੦੦ |
| ਕਾਕਾ ਮਨਜੀਤ ਸਿੰਘ, ਬੀ:ਅੰਮ੍ਰਿਤ ਕੌਰ ਲੁਧਿਆਣਾ | ੨੫੦੦-੦੦ | ਸ: ਜੋਗਿੰਦਰ ਸਿੰਘ ਮੁੰਡੇਰ | ੧੦-੦੦ |
| ਭਾਈ ਕੁਲਦੀਪ ਸਿੰਘ ਨੇਵੀ, ਬੰਬੇ | ੧੦੦-੦੦ | ਗੁਪਤ (ਸੰਗਤ ਭੁਜ) | ੧੨-੦੦ |
| ਗੁਰਸਿਖ ਸੰਗਤ ਭੁਪਾਲ C/O ਭਾ: ਮਹਾਂ ਸਿੰਘ | ੫੦੮-੦੦ | ਗੁਰਮੁਖ ਪਰਵਾਰ ਬੰਬੇ | ੨੦੧-੦੦ |
| ਸੰਗਤ ਸੁਜਾਨ ਸਿੰਘ ਪਾਰਕ, ਨਵੀਂ ਦਿਲੀ | ੧੫੦-੦੦ | ਸ: ਮੋਹਨ ਸਿੰਘ, ਵਸਾਖਾ ਪਟਨਮ | ੩੮-੦੦ |
| ਸੰਗਤ ਏਅਰ ਫੋਰਸ ਭੁਜ (ਗੁਜਰਾਤ) ਵਲੋਂ:— | | ਸਾਧ ਸੰਗਤ ਪਟਨਾ ਸਾਹਿਬ | ੧੧੬੧-੦੦ |
| ਸ: ਗੋਪਾਲ ਸਿੰਘ ਚਕੀ ਵਾਲਾ | ੫੧-੦੦ | ਗੁਪਤ | ੫੦-੦੦ |
| ਸ: ਗੋਪਾਲ ਸਿੰਘ ਸੀਗਰੀ ਵਾਲਾ | ੫੦-੦੦ | ਸ: ਹਰਗੋਬਿੰਦ ਸਿੰਘ ਧਨਬਾਦ | ੫੭੧-੦੦ |
| ਸ: ਤੇਜਵੰਤ ਸਿੰਘ ਸਿੱਧੂ | ੫੧-੦੦ | Sgt. B S Parhar, Sulur | ੧੦੦-੦੦ |
| ਸ: ਕੁਲਵੰਤ ਸਿੰਘ ਪੰਨੂ | ੫੧-੦੦ | 67 Eng. Regt. | ੧੦੦-੦੦ |
| ਸ: ਸੁਰਿੰਦਰ ਸਿੰਘ ਦੁਧ ਵਾਲਾ | ੫੧-੦੦ | ਸਿਖ ਸੰਗਤ ਝਾਂਸੀ | ੧੦੦—੦੦ |
| ਸ: ਕਿਕਰ ਸਿੰਘ | ੧੦-੦੦ | ਸ: ਮੋਹਨ ਸਿੰਘ ਕਠਮੰਡੂ ਨੇਪਾਲ | ੨੦੦-੦੦ |
| ਸੰਤ ਗੁਰਮੇਲ ਸਿੰਘ (ਸੰਗਤ ਭੁਜ) | ੫੧-੦੦ | ਯੂਥ ਫੈਡਰੇਸ਼ਨ ਨਰਸਿੰਗਪੁਰਾ (ਕਸ਼ਮੀਰ) | ੯੧-੦੦ |

# ਪੀੜਤ ਪਰਵਾਰਾਂ ਨੂੰ ਸਹਾਇਤਾ

ਗੁਰਸਿਖ ਸੰਗਤਾਂ ਵਲੋਂ ਆਈ ਮਾਇਆ ਵਿਚੋਂ ਹੇਠ ਲਿਖੇ ਅਨੁਸਾਰ ਪੀੜਤ ਪ੍ਰਵਾਰਾਂ ਨੂੰ ਐਤਕੀਂ ਸਹਾਇਤਾ ਦਿਤੀ ਗਈ ਹੈ—

| | |
|---|---|
| ਭਾਈ ਕੁਲਵੰਤ ਸਿੰਘ ਸਪੁਤਰ ਭਾਈ ਧਰਮ ਸਿੰਘ ਅੰਮ੍ਰਿਤਸਰ | ੨੦੦-੦੦ |
| ਬੀਬੀ ਸਵਿੰਦਰ ਕੌਰ ਸੁਪਤਨੀ ਭਾਈ ਬਖਸ਼ੀਸ਼ ਸਿੰਘ | ੧੦੦੦-੦੦ |
| ਭਾਈ ਕੇਸਰ ਸਿੰਘ ਕਾਨਪੁਰ | ੧੦,੦੦੦-੦੦ |
| ਭਾਈ ਮਨੋਹਰ ਸਿੰਘ ਜਸਪਾਲ ਸਿੰਘ (ਕਾਨਪੁਰ ਤੋਂ) ਪਟਿਆਲਾ | ੯,੦੦੦-੦੦ |
| ਬੀਬੀ ਬਲਬੀਰ ਕੌਰ ਲੁਧਿਆਣਾ | ੧੦,੦੦੦-੦੦ |
| ਬੀਬੀ ਨਿਰਮਲ ਕੌਰ, ਲੁਧਿਆਣਾ | ੧੦,੦੦੦-੦੦ |
| ਬੀਬੀ ਹਰਬੀਰ ਕੌਰ ਸੁਪਤਨੀ ਸ਼ਹੀਦ ਗੁਰਮੇਲ ਸਿੰਘ, ਹੁਸ਼ਿਆਰਪੁਰ | ੧੦,੦੦੦-੦੦ |
| ਬੀਬੀ ਪਰਮਜੀਤ ਕੌਰ ਸੁਪਤਨੀ ਸ਼ਹੀਦ ਗੁਰਚਰਨ ਸਿੰਘ ਕਾਨਪੁਰ | ੧੦,੦੦੦-੦੦ |
| ਬੀਬੀ ਗੁਰਮੀਤ ਕੌਰ, ਅੰਮ੍ਰਿਤਸਰ | ੧੦,੦੦੦-੦੦ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ ਕੇਂਦਰੀ ਦਫ਼ਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

www.AKJ.Org

# ਸੂਰਾ ਦੇ ਨਵੇਂ ਅਮਾਨਤੀ ਲਾਈਫ ਮੈਂਬਰ

ਸ. ਸਵਰਨ ਸਿੰਘ ਯੂ. ਕੇ. ਚਿਟ ਨੰ: 3131/2042 ਵਲੋਂ ਸਾਢੇ ਸਤ ਸੌ ਰੁਪਏ, ਸ. ਪਰਮਜੀਤ ਸਿੰਘ ਜੰਡਾ ਯੂ. ਐਸ. ਏ. ਚਿਟ ਨੰ: 3171/2259 ਅਤੇ ਸ. ਜੋਗਿੰਦਰ ਸਿੰਘ ਖਾਲਸਾ ਯੂ. ਐਸ. ਏ. ਚਿਟ ਨੰ: 3172/2260 ਵਲੋਂ ਨੌ ਨੌ ਸੌ ਰੁਪਏ ਪੁਜੇ ਸਨ। ਸੌ ਸੌ ਰੁਪਏ ਦੀਆਂ ਪੁਰਾਣੀਆਂ ਐਫ ਡੀਆਂ ਅਲਾਟ ਕਰਕੇ ਬਾਕੀ ਵਾਧੇ ਲਈ ਨਵੀਂ ਸਾਂਝੀ ਐਫ ਡੀ ਦਾ ਨੰਬਰ ਹੈ 614301/183/85 ਮਿਤੀ 14.3.85

ਹੇਠ ਲਿਖੇ ਮੈਂਬਰਾਂ ਵਲੋਂ ਡੇਢ ਡੇਢ ਸੌ ਰੁਪਏ ਪੁਜੇ ਸਨ। ਸੌ ਸੌ ਰੁਪਏ ਦੀਆ ਪੁਰਾਣੀਆਂ ਐਫ ਡੀਆਂ ਅਲਾਟ ਕਰਕੇ ਬਾਕੀ ਪੰਜਾਹ ਪੰਜਾਹ ਰੁਪਏ ਵਾਧੇ ਦੀ ਸਾਂਝੀ ਐਫ ਡੀ. ਦਾ ਨੰ: ਹੈ 614302/184/85 ਮਿਤੀ 14.3.85

3040 ਡਾ. ਕੰਵਲਰਾਜ ਸਿੰਘ ਨਵੀਂ ਦਿਲੀ, 3045 ਸ. ਗੁਰਚਰਨ ਸਿੰਘ ਸ਼ੇਖਪੁਰਾ, 3054 ਸ. ਦੀਦਾਰ ਸਿੰਘ ਨਵੀਂ ਦਿਲੀ, 3058 ਕੇਪਟਨ ਆਰ ਐਸ ਸਿਧੂ ਬਠਿੰਡਾ ਕੈਂਟ, 3061 ਡਾ. ਦਲੀਪ ਸਿੰਘ ਕਲਕੱਤਾ, 3069 ਸੰਤ ਅਮੁਲ ਸਿੰਘ ਮਲੇਰ ਕੋਟਲਾ, 3072 ਸ. ਹਰਨੇਕ ਸਿੰਘ ਧਰਮਕੋਟ, 3073 ਸ. ਮਹਿੰਦਰ ਸਿੰਘ ਬਨਾਮ ਸ. ਬਲਵੰਤ ਸਿੰਘ ਨਥਾਨਾ, 3084 ਸ. ਨਛਤਰ ਸਿੰਘ ਹਲਵਾਰਾ, 3086 ਬੀਬੀ ਪ੍ਰਕਾਸ਼ ਕੌਰ ਲੁਧਿਆਣਾ, 3096 ਸ. ਅਮਰਜੀਤ ਸਿੰਘ ਲੁਧਿਆਣਾ, 3097 ਸ, ਬਲਵੰਤ ਸਿੰਘ ਦਲਜੀਤ ਸਿੰਘ ਤਿਹਾਰਾ, 3099 ਭਾ. ਹਰਜੀਤ ਸਿੰਘ ਜਲੰਧਰ, 3103 ਸ. ਬਚਨ ਸਿੰਘ ਫੀਰੋਜ਼ਪੁਰ, 3114 ਸ. ਪਰਮਜੀਤ ਸਿੰਘ ਰਮਿੰਦਰ ਕੌਰ ਨਵੀਂ ਦਿਲੀ, 3115 ਸ. ਸੋਹਨ ਸਿੰਘ ਕਰਤਾਰ ਕੌਰ ਬੰਬਈ, 3125 ਸ, ਕਰਨੈਲ ਸਿੰਘ ਕੁੱਲੀਆਂ ਰਾਮਗੜ੍ਹ 3126 ਭਾ. ਦਰਸ਼ਨ ਸਿੰਘ ਭੂਪਾਲ, 3127 ਸ. ਸੁਬੇਗ ਸਿੰਘ ਸਰਦੂਲਗੜ੍ਹ, 3129 ਸ. ਸੰਤ ਸਿੰਘ ਸੇਠੀ ਨਵੀਂ ਦਿੱਲੀ, 3130 ਸ. ਗੁਰਅਵਤਾਰ ਸਿੰਘ ਪ੍ਰੇਮਪੁਰ, 3132 ਸ. ਇਛਿਆ ਸਿੰਘ ਨਵੀਂ ਦਿੱਲੀ, 3140 ਮਿਸ ਮਨਜੀਤ ਕੌਰ ਲੁਧਿਆਣਾ, 3154 ਨੈਕ ਬਲਦੇਵ ਸਿੰਘ ਗੁਰਦਵਾਰਾ ਸਾਹਿਬ 16 ਬਟਾਲੀਅਨ, 3159 ਕਾਰਪੋਰਲ ਗੁਰਲੋਚਨ ਸਿੰਘ ਏ ਐਫ ਅੰਬਾਗਾਨ੍ਹ 3174 ਸ. ਤੀਰਥ ਸਿੰਘ ਐਡਵੋਕੇਟ ਗਾਜ਼ੀਆਬਾਦ, 3197 ਸ੍ਰੀ ਮਤੀ ਬਲਬੀਰ ਕੌਰ ਆਰ ਡੀ ਢਾਂਡਾ, 3204 ਬੰਬ ਹਾਰਡਵੇਅਰ ਸਟੋਰ ਇੰਫਾਲ, 3205 ਗੁਰਦਵਾਰਾ ਸਾਹਿਬ ਕਮਾਂਡ ਹਸਪਤਾਲ ਪੂਨਾ, 3206 ਸ. ਚਰਨਜੀਤ ਸਿੰਘ ਦਸੂਹਾ, 3207 ਸ. ਕਰਤਾਰ ਸਿੰਘ ਹਾਜੀਪੁਰ, 3222 ਸ. ਸੁਰਜੀਤ ਸਿੰਘ ਬਾਜੀ ਭਿੰਡਰ ਕਲਾਂ, 3223 ਡਾ. ਜਸਬੀਰ ਸਿੰਘ ਫਗਵਾੜਾ, 3228 ਸ. ਅਮਰੀਕ ਸਿੰਘ ਨਵੀਂ ਦਿਲੀ, 3230 ਸ. ਸੁਖਵਿੰਦਰ ਸਿੰਘ ਸੁਨੜਾ ਰਾਜਪੁਰਾ, 3231 ਸ. ਨਿਰੰਜਨ ਸਿੰਘ ਸ਼ਾਹਜਹਾਨਪੁਰ।

3034/2243 ਸ. ਮਨਮੋਹਨ ਸਿੰਘ ਯੂ ਐਸ ਏ ਦੀ ਡੇਢ ਸੌ ਦੀ ਪੁਰਾਣੀ ਐਫ ਡੀ ਹੈ ਉਨ੍ਹਾਂ ਵਲੋਂ ਸਾਢੇ ਸਤ ਸੌ ਰੁਪਏ, 3357/2207 ਸ. ਹਰਭਜਨ ਸਿੰਘ ਜੌਹਲ ਕੈਨੇਡਾ ਵਲੋਂ ਨੌ ਸੌ ਰੁਪਏ ਪੁਜੇ ਹਨ ਅਤੇ ਬਾਕੀ ਸਭ ਵਲੋਂ ਡੇਢ ਡੇਢ ਸੌ ਰੁਪਏ ਪੁਜੇ ਹਨ। ਸਭ ਨੂੰ ਸੌ ਸੌ ਰੁਪਏ ਦੀਆਂ ਪੁਰਾਣੀਆਂ ਐਫ ਡੀਆਂ ਅਲਾਟ ਕਰਕੇ ਬਾਕੀ ਵਾਧੇ ਦੀ ਨਵੀਂ ਸਾਂਝੀ ਐਫ ਡੀ ਦਾ ਨੰ: ਹੈ 821746/927/85 ਮਿਤੀ 21.6.85

3240 ਸ. ਗੁਰਦਿਆਲ ਸਿੰਘ ਢਿਲੋਂ ਮਲਕ, 3242 ਇੰਦਰਜੀਤ ਜਨਰਲ ਸਟੋਰ ਜੋਧਪੁਰ, 3246 ਨਿਊ ਗੁਜਰਾਤੀ ਏਜੰਸੀ ਮੇਰਠ ਕੈਂਟ, 3248 ਸ. ਈਸ਼ਰ ਸਿੰਘ ਸੂਰੀ ਨਵੀਂ ਦਿੱਲੀ, 3253 ਸ. ਗੁਰਬਖਸ਼ ਸਿੰਘ ਲੋਕੋ ਫੋਰਮੈਨ ਪਠਾਨਕੋਟ 3255 ਮਿਸਤਰੀ ਗੋਬਿੰਦ ਸਿੰਘ ਬਠਿੰਡਾ, ਸ. ਸੰਤੋਖ ਸਿੰਘ ਕਲਕੱਤਾ ਵਲੋਂ ਛੇ ਐਫ ਡੀਆਂ 3256-76-79-85-92 ਅਤੇ 3300 ਵਖ ਵਖ ਸਜਣਾਂ ਵਾਸਤੇ। 3303 ਬੀਬੀ ਭਵਜੋਤ ਕੌਰ ਨਿਓ ਪਟਿਆਲਾ, 3315 ਸ. ਜਸਵਿੰਦਰ ਸਿੰਘ ਮਨਾਵਾਂ, 3321 ਸ. ਕਵਲਜੀਤ ਸਿੰਘ ਬਠਿੰਡਾ, 3328 ਸ. ਰਾਜਵੰਤ ਸਿੰਘ ਐਂਡ ਬ੍ਰਦਰਜ਼ ਇੰਦਰੀ, 3332 ਗੁਰਦਵਾਰਾ ਸਾਹਿਬ 14 W. E. U., 3337 ਇਸਤਰੀ ਸਤਿਸੰਗ ਸਭਾ ਅੰਬੀਕਾ, 3348 ਸਕੱਤਰ ਗੁਰਦਵਾਰਾ 450 ਆਰਮਡ ਟਰੁਪਸ ਵਰਕਸ਼ਾਪ, 3356 ਸ. ਮਦਨਗੋਪਾਲ ਸਿੰਘ ਚੰਡੀਗੜ੍ਹ 3363 ਸ. ਨਾਨਕ ਸਿੰਘ ਪੂਨਾ, 3375 ਸ. ਜੀਵਨ ਸਿੰਘ ਅੰਮ੍ਰਿਤਸਰ, 3369 ਪ੍ਰਧਾਨ ਗੁਰਦਵਾਰਾ ਥਰਮਲ ਕਲੋਨੀ ਬਠਿੰਡਾ, 3380 ਜੇ ਪੀ ਐਸ ਬੱਗਾ ਪਟਿਆਲਾ, 3382 ਸ. ਹਰਚਰਨ ਸਿੰਘ ਅੰਮ੍ਰਿਤਸਰ, 3390 ਬੀਬੀ ਪ੍ਰੀਤਿੰਦਰ ਕੌਰ ਹੁਸ਼ਿਆਰਪੁਰ।

---

# ਭਾਈ ਸਾਹਿਬ ਭਾਃ ਰਣਧੀਰ ਸਿੰਘ ਉਤਸ਼ਾਹਤ ਸਕੀਮ

ਇਸ ਸ਼ਕੀਮ ਅਧੀਨ ਵਿਦਿਆ ਪ੍ਰਾਪਤ ਕਰ ਰਹੇ ਰਹਿਤਵਾਨ ਬੱਚਿਆਂ ਨੂੰ ਜੋ ਵਜ਼ੀਫ਼ੇ ਦਿਤੇ ਜਾਂਦੇ ਹਨ ਉਸ ਲਈ ਜਿਨ੍ਹਾਂ ਬੱਚਿਆਂ ਨੇ ਦਰਖ਼ਾਸਤਾਂ ਦੇਣੀਆਂ ਹਨ, ਉਹ ਬਕਾਇਦਾ ਫ਼ਾਰਮ ਹੇਠ ਲਿਖੇ ਪਤੇ ਤੋਂ ਮੰਗਵਾ ਕੇ, ਠੀਕ ਢੰਗ ਨਾਲ ਭਰ ਕੇ, ਵਾਪਸ ਓਸੇ ਪਤੇ ਤੇ ਹੀ ੩੧-੮-੮੫ ਤਕ ਭੇਜ ਦੇਣ। ਇਸ ਤੋਂ ਪਿਛੋਂ ਆਈਆਂ ਦਰਖਾਸਤਾਂ ਨਹੀਂ ਵਿਚਾਰੀਆਂ ਜਾਣਗੀਆਂ।

ਫ਼ਾਰਮ ਮੰਗਾਣ ਦਾ ਪਤਾ—ਭਾਈ ਬਲਬੀਰ ਸਿੰਘ ਜੀ, ੨੩—ਜੀ, ਸਰਾਭਾ ਨਗਰ, ਲੁਧਿਆਣਾ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

www.AKJ.Org

## ਤਰਨ ਤਾਰਨ ਵਿਖੇ ਸ੍ਰੀ ਮਾਨ ਬਾਊ ਮੱਲ ਸਿੰਘ ਜੀ ਦੀ ਯਾਦ ਵਿਚ ਸਮਾਗਮ

ਸਾਡੇ ਸਤਿਕਾਰਯੋਗ ਪਿਤਾ ਪੂਜਯ ਬਾਊ ਮਲ ਸਿੰਘ ਜੀ ਦੀ ਸਾਲਾਨਾ ਯਾਦ ਸਦਾ ਵਾਂਗ ਉਨ੍ਹਾਂ ਦੇ ਗ੍ਰਿਹ ਪਲਾਸੌਰ ਰੋਡ ਤਰਨ ਤਾਰਨ ਵਿਖੇ ਮਨਾਈ ਜਾ ਰਹੀ ਹੈ। ੧੯ ਜੁਲਾਈ ੧੯੮੫ ਸ਼ੁਕਰਵਾਰ ਅੰਮ੍ਰਿਤ ਵੇਲੇ ਕੀਰਤਨ ਆਸਾ ਦੀ ਵਾਰ ਤੋਂ ਉਪਰੰਤ ੮ ਵਜੇ ਸ੍ਰੀ ਅਖੰਡਪਾਠ ਅਰੰਭ ਹੋਣਗੇ ਅਤੇ ੨੧-੭-੮੫ ਨੂੰ ਸਵੇਰੇ ੬ ਵਜੇ ਅਖੰਡਪਾਠ ਦੇ ਭੋਗ ਉਪਰੰਤ ਦਿਨੇ ੧੧ ਵਜੇ ਤਕ ਅਖੰਡ ਕੀਰਤਨ ਹੋਣਗੇ। ਸਰਬੱਤ ਸੰਗਤਾਂ ਮਾਨਯਵਰ ਬਾਊ ਜੀ ਦੀ ਯਾਦ ਵਿਚ ਹਾਜ਼ਰੀਆਂ ਭਰਦੀਆਂ ਅਸਾਂ ਸਭਸ ਪਰਵਾਰਾਂ ਲਈ ਵੀ ਅਰਦਾਸ ਕਰਨ, ਜੁ ਸਤਿਗੁਰੂ ਪਾਤਿਸ਼ਾਹ ਸਾਨੂੰ ਗੁਰਸਿਖੀ ਕਮਾਉਣ ਅਤੇ ਦ੍ਰਿੜ੍ਹ ਕਰਨ ਲਈ ਚੜ੍ਹਦੀਆਂ ਕਲਾਂ ਬਖ਼ਸ਼ਣ।

ਦਾਸਰੇ—ਹਰਬੰਸ ਸਿੰਘ, ਪ੍ਰੀਤਮ ਸਿੰਘ, ਕੁਲਵੰਤ ਸਿੰਘ, ਜੋਗਿੰਦਰ ਸਿੰਘ

## ਖੈੜਾ ਦੋਨਾ (ਕਪੂਰਥਲਾ) ਵਿਖੇ ਅਠਵੇਂ ਪਾਤਸ਼ਾਹ ਦੇ ਅਵਤਾਰ ਪੁਰਬ ਸਮਾਗਮ

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਅਵਤਾਰ ਪੁਰਬ ਸਮਾਗਮ ਹਰ ਸਾਲ ਵਾਂਗ ਪਿੰਡ ਖੈੜਾ ਦੋਨਾ ਵਿਖੇ ਅਖੰਡ ਕੀਰਤਨੀ ਜਥਾ ਕਪੂਰਥਲਾ ਦੇ ਸਹਿਯੋਗ ਨਾਲ ਦਾਸਾਂ ਦੇ ਗ੍ਰਿਹ ਵਿਖੇ ਮਨਾਇਆ ਜਾ ਰਿਹਾ ਹੈ। ੧੧-੭-੮੫ ਸਵੇਰੇ ੭ ਵਜੇ ਸਹਿਜ ਪਾਠ ਦੇ ਭੋਗ ਅਤੇ ਕੀਰਤਨ। ੧੨-੭-੮੫ ਨੂੰ ਸਵੇਰੇ ੬ ਵਜੇ ਸ੍ਰੀ ਅਖੰਡਪਾਠ ਅਰੰਭ ਅਤੇ ੧੪-੭-੮੫ ਐਤਵਾਰ ਨੂੰ ਸਵੇਰੇ ੬ ਵਜੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ ਹੋਣੇ ਹਨ। ਸੰਗਤਾਂ ਪਰਵਾਰਾਂ ਸਮੇਤ ਦਰਸ਼ਨ ਦੇ ਕੇ ਨਿਵਾਜਣ। ਪਿੰਡ ਖੈੜਾ ਦੋਨਾ, ਕਪੂਰਥਲਾ—ਸੁਲਤਾਨਪੁਰ ਰੋਡ ਤੇ ਕਪੂਰਥਲੇ ਤੋਂ ੧੦ ਕਿਲੋਮੀਟਰ ਹੈ। ਸੁਲਤਾਨਪੁਰ ਲੋਧੀ ਇਥੋਂ ਕੇਵਲ ੧੦ ਕਿਲੋਮੀਟਰ ਹੈ, ਗੁਰਅਸਥਾਨਾਂ ਦੇ ਦਰਸ਼ਨ ਦੀਦਾਰਿਆਂ ਦੇ ਲਾਭ ਉਠਾਓ ਜੀ। ਪੁਛ ਗਿਛ—ਜਥੇਦਾਰ ਗੁਰਬਖਸ਼ ਸਿੰਘ, ਗੋਪਾਲ ਨਗਰ, ਨੇੜੇ ਚੌਬੱਤੀ ਚੌਕ, ਕਪੂਰਥਲਾ।

ਦਾਸਰੇ—ਤਾਰਾ ਸਿੰਘ (ਹੈਡਮਾਸਟਰ), ਉਪਦੇਸ਼ ਕੌਰ ਕੌਰ ਤੇ ਪਰਵਾਰ

## ਸ੍ਰੀ ਗੁਰੂ ਸਿੰਘ ਸਭਾ ਖੰਨਾ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਰਾਮਪੁਰ ਸੂਚਨਾ ਦੇਂਦੇ ਹਨ ਕਿ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਖੰਨਾ ਵਿਖੇ ੨੦-੭-੮੫ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਦਰਸ਼ਨ ਕਰਕੇ ਲਾਹੇ ਪ੍ਰਾਪਤ ਕਰੋ ਜੀ।

# ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਕੀਰਤਨ ਪ੍ਰੋਗਰਾਮ

(1) **ਰੈਣ ਸਬਾਈ ਕੀਰਤਨ** 27-7-85 ਸ਼ਨੀਵਾਰ ਦੀ ਰਾਤ ਨੂੰ ਸੰਗਤਾਂ ਹੁਮ ਹੁਮਾ ਕੇ ਦਰਸ਼ਨ ਦੇਣ। ਸ੍ਰੀ ਗੁਰੂ ਸਿੰਘ ਸਭਾ ਸੈਂਟਰਲ ਗੁਰਦਵਾਰਾ, 138 ਬਾਰਕਲੇ ਸਟਰੀਟ, ਗਲਾਸਗੋ ਵਿਖੇ।

ਗੁਰਦਵਾਰਾ ਫੋਨ : 041-221-6698—

ਵਧੇਰੇ ਜਾਣਕਾਰੀ ਲਈ ਫੋਨ ਭਾਈ ਅਮਰੀਕ ਸਿੰਘ ਜੀ 041-9467083 ਅਤੇ ਭਾਈ ਅਵਤਾਰ ਸਿੰਘ ਜੀ 041–331-1957

(2) **ਲੋਕਲ ਪ੍ਰੋਗਰਾਮ ਅਨੰਦ ਕਾਰਜ** 4-8-85 ਨੂੰ ਕਾਕਾ ਹਰਮਿੰਦਰ ਸਿੰਘ ਸਪੁਤਰ ਸ: ਸੁਰਜੀਤ ਸਿੰਘ ਬਿਲਗਾ ਸਾਊਥਾਲ ਵਾਲੇ ਅਤੇ ਬੀਬੀ ਦਵਿੰਦਰ ਕੌਰ ਸਪੁਤਰੀ ਭਾਈ ਦੀਦਾਰ ਸਿੰਘ ਜੀ ਹਡਰਸ ਫ਼ੀਲਡ। ਗੁਰਰਦਵਾਰਾ ਪ੍ਰਾਸਪੈਕਟ ਸਟਰੀਟ ਹਡਰਸ ਫ਼ੀਲਡ ਵਿਚ ਸੰਗਤਾਂ ਦਰਸ਼ਨ ਬਖਸ਼ਣ। ਫੋਨ ਭਾਈ ਦੀਦਾਰ ਸਿੰਘ 0484-45165

(3) **ਲੋਕਲ ਪ੍ਰੋਗਰਾਮ ਸ੍ਰੀ ਅਖੰਡਪਾਠ** 9-8 ਤੋਂ 11-8-85, ਭੋਗ ਉਪਰੰਤ ਅੰਮ੍ਰਿਤ-ਕੀਰਤਨ ਹੋਣਗੇ। ਭਾਈ ਸੋਹਨ ਸਿੰਘ ਜੀ 218, ਵੈਕਸ ਹੈਮ ਰੋਡ, ਸਲੋਅ (ਯੂ. ਕੇ) ਵਿਖੇ ਸੰਗਤਾਂ ਦਰਸ਼ਨ ਬਖਸ਼ਣ ਜੀ।

ਫੋਨ ਭਾਈ ਸੋਹਨ ਸਿੰਘ 0753-30624

## ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਰੈਣ ਸਬਾਈ ਕੀਰਤਨ


ਦਾਸਾਂ ਦੇ ਗ੍ਰਿਹ ਵਿਖੇ 13-7-85 ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਦੀਦਾਰੇ ਬਖਸ਼ੋ ਜੀ। ਚੰਡੀਗੜ੍ਹ ਬਸ-ਸਟੈਂਡ ਜਾਂ ਮੁਹਾਲੀ ਬੈਰੀਅਰ ਤੋਂ ਬਸ ਨੰ: 38, 39 ਜਾਂ 39-ਏ ਰਾਹੀਂ ਮਦਨਪੁਰ ਚੌਕ ਉਤਰੋ ਜੀ।

ਦਾਸਰੇ—ਗੁਰਦੀਪ ਸਿੰਘ ਸਪੁਤਰ ਹਕੀਮ ਖਜ਼ਾਨ ਸਿੰਘ, ਮਕਾਨ ਨੰ: 393, ਫ਼ੇਸ 3-ਏ, ਸਾ: ਅਜੀਤ ਸਿੰਘ ਨਗਰ

www.AKJ.Org

# ਪੰਜਾਬ ਦਾ ਵਿਲੱਖਣ ਸ਼ਾਂਤੀ ਨਿਕੇਤਨ

## ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗ਼ਲਵਾਲਾ ਗੁਰਦਾਸਪੁਰ (ਲੇਖ ਅੰਦਰ ਪੜ੍ਹੋ)



ਇਥੇ ੪-੮-੮੫ ਐਤਵਾਰ ਸਵੇਰੇ ੬ ਤੋਂ ੧੨ ਤਕ ਅਖੰਡ ਕੀਰਤਨੀ ਜਥਿਆਂ ਵਲੋਂ ਕੀਰਤਨ ਹੋ ਰਹੇ ਹਨ

# ਨਾਰੰਗਵਾਲ ਵਿਖੇ ਭਾਈ ਸਾਹਿਬ ਦੀ ਯਾਦ ਵਿਚ ਸਲਾਨਾ ਸਮਾਗਮ

## ਵੀਰਵਾਰ ੧੧ ਜੁਲਾਈ ਸਵੇਰ ਤੋਂ ੧੪ ਜੁਲਾਈ ਐਤਵਾਰ ਸਵੇਰ ਤਕ

ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ੧੦੮ਵਾਂ ਜਨਮ-ਸ਼ਤਾਬਦੀ ਸਮਾਗਮ ਉਨ੍ਹਾਂ ਦੇ ਨਿਜੀ ਅਸਥਾਨ ਨਾਰੰਗਵਾਲ ਵਿਖੇ ਇਲਾਕੇ ਦੀਆਂ ਸੰਗਤਾਂ ਤੇ ਅਖੰਡ ਕੀਰਤਨੀ ਜਥਿਆਂ ਵਲੋਂ ਹੇਠ ਲਿਖੇ ਅਨੁਸਾਰ ਮਨਾਇਆ ਜਾ ਰਿਹਾ ਹੈ—

੧੧-੭-੮੫ ਸਵੇਰੇ ਕੀਰਤਨ ਆਸਾ ਦੀ ਵਾਰ ੪ ਤੋਂ ੬, ਉਪਰੰਤ ਅਰੰਭ ਸ੍ਰੀ ਅਖੰਡਪਾਠ ਗੁ: ਅਕਾਲੀ ਵਾਲਾ
ਸ਼ਾਮ ੭ ਤੋਂ ੯-੩੦ ਕੀਰਤਨ ਭਾਈ ਸਾਹਿਬ ਦੇ ਗ੍ਰਿਹ (ਜਨਮ-ਅਸਥਾਨ) ਵਿਖੇ

੧੨-੭-੮੫ ਸਵੇਰੇ ੪ ਤੋਂ ੬ ਕੀਰਤਨ ਆਸਾ ਦੀ ਵਾਰ ਗੁ: ਅਕਾਲੀ ਵਾਲਾ
ਸ਼ਾਮ ੭ ਤੋਂ ੯-੩੦ ਕੀਰਤਨ ਗੁਰਦਵਾਰਾ ਸੰਗਤਸਰ ਨਾਰੰਗਵਾਲ

੧੩-੭-੮੫ ਸਵੇਰੇ ੬ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ੧੨-੩੦ ਤਕ ਕੀਰਤਨ
ਸ਼ਾਮ ੮ ਵਜੇ ਅਰੰਭ ਰੈਣ-ਸਬਾਈ ਕੀਰਤਨ, ਐਤਵਾਰ ਸਵੇਰੇ ੬-੩੦ ਵਜੇ ਸਮਾਪਤੀ

ਅੰਮ੍ਰਿਤ ਸਿੰਚਾਰ ੧੩-੭-੮੫ ਸ਼ਾਮ ੪ ਵਜੇ ਗੁਰਦੁਆਰਾ ਅਕਾਲੀ ਵਾਲਾ ਵਿਖੇ

ਨੋਟ :—ਢਾਢੀ ਸਿੰਘਾਂ ਦੇ ਚਰਨਾਂ ਵਿਚ ਬਿਨੈ ਹੈ ਕਿ ਕੀਰਤਨ ਕੰਠਾਗਰ ਬਾਣੀ ਦਾ ਕੀਤਾ ਜਾਵੇ ਜੀ।

ਪੁਛ ਗਿਛ :—ਭਾਈ ਨਰੈਣ ਸਿੰਘ, ਗੁਰਦਵਾਰਾ ਅਕਾਲੀ ਵਾਲਾ

ਦਾਸਰੇ—ਸਾਧ ਸੰਗਤ ਪਿੰਡ ਨਾਰੰਗਵਾਲ

ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org